Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 56 | Friday, March 19, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਬਰੈਂਪਟਨ ਵਿਚ ਕਾਇਮ ਕੀਤੇ ਜਾਣਗੇ ਦੋ ਨਵੇਂ ਲਾਂਗ ਟਰਮ ਕੇਅਰ ਸੈਂਟਰ

ਬਰੈਂਪਟਨ, 18 ਮਾਰਚ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ 80 ਨਵੇਂ ਲਾਂਗ ਟਰਮ ਕੇਅਰ ਪ੍ਰੋਜੈਕਟਸ ਵਿੱਚ ਨਿਵੇਸ਼ ਕਰਕੇ ਨਵਾਂ ਇਤਿਹਾਸ ਰਚਿਆ ਜਾ ਰਿਹਾ ਹੈ। ਇਸ ਦੌਰਾਨ ਬਰੈਂਪਟਨ ਵਿੱਚ ਦੋ ਨਵੇਂ ਲਾਂਗ ਟਰਮ ਕੇਅਰ ਹੋਮਜ਼ ਵੀ ਕਾਇਮ ਕੀਤੇ ਜਾਣਗੇ। ਇਸ ਨਾਲ ਬਰੈਂਪਟਨ ਵਿੱਚ 352 ਨਵੀਆਂ ਲਾਂਗ ਟਰਮ ਕੇਅਰ ਥਾਂਵਾਂ ਹੋ ਜਾਣਗੀਆਂ। ਇਹ ਸਰਕਾਰ ਵੱਲੋਂ ਅਗਲੇ ਦਸ ਸਾਲਾਂ ਵਿੱਚ 30,000 ਅਜਿਹੀਆਂ ਲਾਂਗ ਟਰਮ ਕੇਅਰ ਸਪੇਸਿਜ਼ ਕਾਇਮ ਕਰਨ ਦੇ ਵਾਅਦੇ ਦਾ ਹੀ ਹਿੱਸਾ ਹੋਣਗੀਆਂ।

ਇਨ੍ਹਾਂ ਪ੍ਰੋਜੈਕਟਾਂ ਵਿੱਚ ਬਰੈਂਪਟਨ ਵਿੱਚ ਕਾਇਮ ਕੀਤਾ ਜਾਣ ਵਾਲਾ ਗੁਰੂ ਨਾਨਕ ਲਾਂਗ ਟਰਮ ਕੇਅਰ ਸੈਂਟਰ ਵੀ ਸ਼ਾਮਲ ਹੋਵੇਗਾ, ਜਿਸ ਵਿੱਚ 160 ਨਵੀਆਂ ਸਪੇਸਿਜ਼ ਹੋਣਗੀਆਂ। ਇਸ ਪ੍ਰੋਜੈਕਟ ਤਹਿਤ ਬਰੈਂਪਟਨ ਵਿੱਚ ਬਿਲਕੁਲ ਨਵਾਂ ਹੋਮ ਕਾਇਮ ਕੀਤਾ ਜਾਵੇਗਾ। ਇਸ ਹੋਮ ਵਿੱਚ ਪੰਜਾਬੀ ਤੇ ਸਿੱਖ ਕਮਿਊਨਿਟੀ ਦੇ ਮੈਂਬਰਾਂ ਨੂੰ ਸੇਵਾਵਾਂ ਦਿੱਤੀਆਂ ਜਾਣਗੀਆਂ। ਇਸ ਦੇ ਨਾਲ ਹੀ ਇੰਡਸ ਕਮਿਊਨਿਟੀ ਸਰਵਿਸਿਜ਼ ਤਹਿਤ 192 ਨਵੀਆਂ ਸਪੇਸਿਜ਼ ਤਿਆਰ ਕੀਤੀਆਂ ਜਾਣਗੀਆਂ। ਇਸ ਪ੍ਰੋਜੈਕਟ ਤਹਿਤ ਬਰੈਂਪਟਨ ਵਿੱਚ ਕੈਂਪਸ ਆਫ ਕੇਅਰ ਦੇ ਹਿੱਸੇ ਵਜੋਂ ਨਵਾਂ ਹੋਮ ਤਿਆਰ ਕੀਤਾ ਜਾਵੇਗਾ। ਇਸ ਹੋਮ ਤਹਿਤ ਸਾਊਥ ਏਸ਼ੀਅਨ ਕਮਿਊਨਿਟੀਜ਼ ਨੂੰ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਇਸ ਦੇ ਨਾਲ ਹੀ ਲਾਂਗ ਟਰਮ ਕੇਅਰ ਸੈਕਟਰ ਨੂੰ ਆਧੁਨਿਕ ਰੰਗਤ ਦੇਣ ਵਿੱਚ ਵੀ ਮਦਦ ਮਿਲੇਗੀ। ਇਨ੍ਹਾਂ ਪ੍ਰੋਜੈਕਟਾਂ ਰਾਹੀਂ ਲੰਮੀਆਂ ਵੇਟ ਲਿਸਟਾਂ




ਘਟਾਉਣ ਤੇ ਹਾਲਵੇਅ ਮੈਡੀਸਿਨ ਦੇ ਰੁਝਾਨ ਨੂੰ ਖਤਮ ਕਰਨ ਵਿੱਚ ਮਦਦ ਮਿਲੇਗੀ। ਪ੍ਰੋਵਿੰਸ ਪੱਧਰ ਉੱਤੇ ਇਸ ਨਿਵੇਸ਼ ਨਾਲ ਸਰਕਾਰ ਦੀਆਂ ਹੋਰ ਤਰਜੀਹਾਂ, ਜਿਨ੍ਹਾਂ ਵਿੱਚ ਤਿੰਨ ਤੇ ਚਾਰ ਬੈੱਡ ਵਾਰਡ ਰੂਮਜ਼ ਨੂੰ ਖ਼ਤਮ ਕਰਨਾ, ਕੈਂਪਸ ਆਫ ਕੇਅਰ ਤਿਆਰ ਕਰਨਾ, ਇੰਡੀਜੀਨਸ, ਫਰੈਂਚ ਭਾਸ਼ੀ ਤੇ ਹੋਰ ਕਲਚਰਲ ਕਮਿਊਨਿਟੀ ਰੈਜ਼ੀਡੈਂਟਸ ਲਈ ਨਵੀਂਆਂ ਸਪੇਸਿਜ਼ ਮੁਹੱਈਆ ਕਰਵਾਇਆ ਜਾਣਾ ਵੀ ਸ਼ਾਮਲ ਹੈ।

ਬਰੈਂਪਟਨ ਸਾਊਥ ਤੋਂ ਐਮਪੀਪੀ ਤੇ ਸਮਾਲ ਬਿਜ਼ਨਸ ਐਂਡ ਰੈੱਡ ਟੇਪ ਰਿਡਕਸ਼ਨ ਮੰਤਰੀ ਪ੍ਰਭਮੀਤ ਸਰਕਾਰੀਆਂ ਨੇ ਆਖਿਆ ਕਿ ਅਗਲੇ ਦਹਾਕੇ ਬਰੈਂਪਟਨ ਵਿੱਚ ਲਾਂਗ ਟਰਮ ਕੇਅਰ ਹਾਸਲ ਕਰਨ ਵਾਲਿਆਂ ਦੇ ਅੰਕੜੇ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ। ਅੱਜ ਸਾਡੀ ਸਰਕਾਰ ਵੱਲੋਂ ਦੋ ਲਾਂਗ ਟਰਮ ਕੇਅਰ ਹੋਮਜ਼ ਕਾਇਮ ਕਰਨ ਦਾ ਐਲਾਨ ਕੀਤਾ ਗਿਆ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਬਰੈਂਪਟਨ ਵਿੱਚ ਸਾਡੇ ਬਜ਼ੁਰਗਾਂ ਲਈ ਸੇਫ ਤੇ ਮੌਡਰਨ ਸਪੇਸ ਤਿਆਰ ਹੈ। ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਨੇ ਆਖਿਆ ਕਿ ਅੱਜ ਵਾਲੇ ਐਲਾਨ ਨਾਲ ਉਹ ਕਾਫੀ ਉਤਸ਼ਾਹਿਤ ਹਨ। ਉਨ੍ਹਾਂ ਆਖਿਆ ਕਿ ਲਾਂਗ ਟਰਮ ਕੇਅਰ ਸਬੰਧੀ ਦਿੱਕਤਾਂ ਦੂਰ ਕਰਨਾ ਪਹਿਲੇ ਦਿਨ ਤੋਂ ਹੀ ਸਾਡੀ ਸਰਕਾਰ ਦੀ ਤਰਜੀਹ ਰਹੀ ਹੈ। ਸਾਨੂੰ ਖੁਸ਼ੀ ਹੈ ਕਿ ਸਾਡੀ ਸਰਕਾਰ ਸਾਡੀ ਕਮਿਊਨਿਟੀ ਦੀ ਮਦਦ ਕਰ ਰਹੀ ਹੈ ਤੇ ਬਰੈਂਪਟਨ ਵਿੱਚ ਹੀ ਗੁਰੂ ਨਾਨਕ ਲਾਂਗ ਟਰਮ ਕੇਅਰ ਸੈਂਟਰ ਤੇ ਇੰਡਸ ਲਾਂਗ ਟਰਮ ਕੇਅਰ ਹੋਮ ਖੋਲ੍ਹੇ ਜਾ ਰਹੇ ਹਨ।...ਬਾਕੀ ਪੰਨਾ 6 'ਤੇ

## ਕੈਨੇਡਾ ਨੂੰ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ 1.5 ਮਿਲੀਅਨ ਡੋਜ਼ਾਂ ਦੇਣ ਦੀ ਤਿਆਰੀ ਕਰ ਰਿਹਾ ਹੈ ਅਮਰੀਕਾ !

ਵਾਸ਼ਿੰਗਟਨ, 18 ਮਾਰਚ (ਪੋਸਟ ਬਿਊਰੋ) : ਅਮਰੀਕਾ ਵੱਲੋਂ ਐਸਟ੍ਰਾਜ਼ੈਨੇਕਾ ਕੋਵਿਡ-19 ਵੈਕਸੀਨ ਦੀਆਂ ਲੱਗਭਗ 4 ਮਿਲੀਅਨ ਡੋਜ਼ਾਂ ਕੈਨੇਡਾ ਤੇ ਮੈਕਸਿਕੋ ਨੂੰ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਨ੍ਹਾਂ ਡੋਜ਼ਾਂ ਦੀ ਵਰਤੋਂ ਅਮਰੀਕਾ ਵੱਲੋਂ ਨਹੀਂ ਕੀਤੀ ਜਾ ਰਹੀ। ਅਮਰੀਕਾ ਦੀ ਇਨ੍ਹਾਂ ਦੋਵਾਂ ਦੇਸ਼ਾਂ ਨਾਲ ਹੋਈ ਲੋਨ ਡੀਲ ਬਦਲੇ ਇਹ ਵੈਕਸੀਨ ਦਿੱਤੀ ਜਾਵੇਗੀ। ਇਹ ਖੁਲਾਸਾ ਬਾਇਡਨ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਕੀਤਾ।

ਅਧਿਕਾਰੀਆਂ ਨੇ ਦੱਸਿਆ ਕਿ ਕੈਨੇਡਾ ਨੂੰ 1.5 ਮਿਲੀਅਨ ਡੋਜ਼ਾਂ ਤੇ ਮੈਕਸਿਕੋ ਨੂੰ 2.5 ਮਿਲੀਅਨ ਡੋਜ਼ਾਂ ਹਾਸਲ ਹੋਣਗੀਆਂ। ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਅਧਿਕਾਰੀਆਂ ਨੇ



ਦੱਸਿਆ ਕਿ ਵਾਇਰਸ ਲਈ ਕੋਈ ਹੱਦ ਨਹੀਂ ਹੁੰਦੀ। ਅਸੀਂ ਵਾਇਰਸ ਨੂੰ ਉਸ ਸੂਰਤ ਵਿੱਚ ਹੀ ਹਰਾ ਸਕਦੇ ਹਾਂ ਜੇ ਅਸੀਂ ਆਪਣੇ ਗਲੋਬਲ ਭਾਈਵਾਲਾਂ ਦੀ ਮਦਦ ਕਰੀਏ।

ਜ਼ਿਕਰਯੋਗ ਹੈ ਕਿ ਬਾਇਡਨ ਪ੍ਰਸ਼ਾਸਨ ਉੱਤੇ ਚੁਫੇਰਿਓਂ ਇਹ ਦਬਾਅ ਪੈ ਰਿਹਾ ਹੈ ਕਿ ਉਹ ਕੋਵਿਡ-19 ਵੈਕਸੀਨ, ਖਾਸਤੌਰ ਉੱਤੇ ਐਸਟ੍ਰਾਜ਼ੈਨੇਕਾ, ਆਪਣੇ ਹੋਰਨਾਂ ਭਾਈਵਾਲਾਂ ਨਾਲ ਸਾਂਝੀ ਕਰੇ। ਇਸ ਵੈਕਸੀਨ ਦੀ ਵਰਤੋਂ ਹੋਰਨਾਂ ਦੇਸ਼ਾਂ ਵਿੱਚ ਸ਼ੁਰੂ ਹੋ ਚੁੱਕੀ ਹੈ ਪਰ ਅਮਰੀਕਾ ਵਿੱਚ ਅਜੇ ਸ਼ੁਰੂ ਨਹੀਂ ਹੋਈ। ਐਸਟ੍ਰਾਜ਼ੈਨੇਕਾ ਦੀਆਂ ਕਈ ਮਿਲੀਅਨ ਡੋਜ਼ਾਂ ਅਮਰੀਕੀ ਫੈਸਿਲਿਟੀ ਵਿੱਚ ਤਿਆਰ ਕੀਤੀਆਂ ਗਈਆਂ ਹਨ ਤੇ ਕੰਪਨੀ ਵੱਲੋਂ ਇਹ ਵੀ ਆਖਿਆ ਗਿਆ ਹੈ ਕਿ ਅਪਰੈਲ ਦੇ ਸ਼ੁਰੂ ਵਿੱਚ 30 ਮਿਲੀਅਨ ਸ਼ੌਟਸ ਤਿਆਰ ਹੋਣਗੇ।

ਅਧਿਕਾਰੀਆਂ ਨੇ ਦੱਸਿਆ ਕਿ ਅਜੇ ਤੱਕ ਇਹ ਡੀਲ ਫਾਈਨਲ ਵੀ ਨਹੀਂ ਕੀਤੀ ਗਈ ਤੇ ਇਸ ਨਾਲ ਬਾਇਡਨ ਵੱਲੋਂ ਮਈ ਦੇ ਅੰਤ ਤੱਕ ਅਮਰੀਕਾ ਵਿੱਚ ਸਾਰੇ ਬਾਲਗਾਂ ਨੂੰ ਵੈਕਸੀਨ ਉਪਲਬਧ ਕਰਵਾਉਣ ਦੀ ਯੋਜਨਾ ਉੱਤੇ ਕੋਈ ਅਸਰ ਨਹੀਂ ਪਵੇਗਾ। ਇਸ ਡੀਲ ਬਾਰੇ ਆਉਣ ਵਾਲੇ ਦਿਨਾਂ ਵਿੱਚ ਜਨਤਕ ਤੌਰ ਉੱਤੇ ਐਲਾਨ ਕੀਤੇ ਜਾਣ ਦੀ ਵੀ ਸੰਭਾਵਨਾ ਹੈ।

## ਅਪ੍ਰੈਲ ਵਿੱਚ ਵੀ ਜਾਰੀ ਰਹਿਣਗੀਆਂ ਕੈਨੇਡਾ-ਅਮਰੀਕਾ ਸਰਹੱਦੀ ਪਾਬੰਦੀਆਂ

ਓਟਵਾ, 18 ਮਾਰਚ (ਪੋਸਟ ਬਿਊਰੋ) : ਕੈਨੇਡਾ-ਅਮਰੀਕਾ ਸਰਹੱਦ ਉੱਤੇ ਗੈਰ ਜ਼ਰੂਰੀ ਟਰੈਵਲ ਸਬੰਧੀ ਪਾਬੰਦੀਆਂ ਅਜੇ ਇੱਕ ਹੋਰ ਮਹੀਨੇ ਤੱਕ ਜਾਰੀ ਰਹਿਣਗੀਆਂ।

ਪਬਲਿਕ ਸੇਫਟੀ ਅਤੇ ਐਮਰਜੰਸੀ ਪ੍ਰੀਪੇਅਰਡਨੈੱਸ ਮੰਤਰੀ ਬਿੱਲ ਬਲੇਅਰ ਵੱਲੋਂ ਵੀਰਵਾਰ ਨੂੰ ਇਹ ਪੁਸ਼ਟੀ ਕੀਤੀ ਗਈ ਕਿ ਇਹ ਪਾਬੰਦੀਆਂ 21 ਅਪਰੈਲ ਤੱਕ ਵਧਾ ਦਿੱਤੀਆਂ ਗਈਆਂ ਹਨ। ਬਲੇਅਰ ਨੇ ਟਵੀਟ ਕਰਕੇ ਆਖਿਆ ਕਿ ਅਸੀਂ ਇਸ ਸਬੰਧ ਵਿੱਚ ਆਪਣਾ ਫੈਸਲਾ ਕੋਵਿਡ-19 ਤੋਂ ਹਮੇਸ਼ਾਂ ਕੈਨੇਡੀਅਨਾਂ ਨੂੰ ਸੇਫ ਰੱਖਣ ਲਈ ਬਿਹਤਰੀਨ ਪਬਲਿਕ ਹੈਲਥ ਸਲਾਹ ਦੇ ਹਿਸਾਬ ਨਹੀਂ ਲਿਆ



ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮਾਂਟਰੀਅਲ ਵਿੱਚ ਕੀਤੀ ਗਈ ਇੱਕ ਪ੍ਰੈੱਸ ਕਾਨਫਰੰਸ ਤੋਂ ਕੁੱਝ ਦਿਨ ਬਾਅਦ ਹੀ ਇਹ ਪੁਸ਼ਟੀ ਕੀਤੀ ਗਈ। ਇਸ ਕਾਨਫਰੰਸ ਵਿੱਚ ਟਰੂਡੋ ਨੇ ਆਖਿਆ ਸੀ ਕਿ ਸਰਹੱਦਾਂ ਵੀ ਹੌਲੀ ਹੌਲੀ ਖੋਲ੍ਹ ਦਿੱਤੀਆਂ ਜਾਣਗੀਆਂ ਪਰ ਹਾਲ ਦੀ ਘੜੀ ਨਹੀਂ।

ਟਰੂਡੋ ਨੇ ਆਖਿਆ ਸੀ ਕਿ ਅਸੀਂ ਸਾਰੇ ਹੀ ਟਰੈਵਲ ਕਰਨ ਲਈ ਕਾਹਲੇ ਹਾਂ। ਪਰ ਸਾਨੂੰ ਅਜਿਹੇ ਹਾਲਾਤ ਦੀ ਉਡੀਕ ਕਰਨੀ ਹੋਵੇਗੀ ਜਦੋਂ ਸਰਹੱਦੀ ਪਾਬੰਦੀਆਂ ਨੂੰ ਹਟਾਉਣ ਦਾ ਸਹੀ ਸਮਾਂ ਆਵੇ ਤੇ ਇਹ ਹੁਣੇ ਨਹੀਂ ਆਇਆ ਹੈ।

## ਓਨਟਾਰੀਓ ਦੇ ਉੱਘੇ ਡਾਕਟਰ ਨੇ ਵੀ ਕੋਵਿਡ-19 ਦੀ ਤੀਜੀ ਵੇਵ ਸ਼ੁਰੂ ਹੋਣ ਦੀ ਕੀਤੀ ਪੁਸ਼ਟੀ

ਲੰਡਨ, 18 ਮਾਰਚ (ਪੋਸਟ ਬਿਊਰੋ): ਓਨਟਾਰੀਓ ਦੇ ਉੱਘੇ ਡਾਕਟਰ ਨੇ ਵੀਰਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਸ ਸਮੇਂ ਪ੍ਰੋਵਿੰਸ ਵਿੱਚ ਕੋਵਿਡ-19 ਮਹਾਂਮਾਰੀ ਦੀ ਤੀਜੀ ਵੇਵ ਸ਼ੁਰੂ ਹੋ ਚੁੱਕੀ ਹੈ।

ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਡੇਵਿਡ ਵਿਲੀਅਮਜ਼ ਨੇ ਇਹ ਟਿੱਪਣੀ ਉਸ ਸਮੇਂ ਕੀਤੀ ਜਦੋਂ ਪਿਛਲੇ ਕੁੱਝ ਹਫਤਿਆਂ ਤੋਂ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧੇ ਦੀਆਂ ਰਿਪੋਰਟਾਂ ਮਿਲਣ ਲੱਗੀਆਂ।



ਵਿਲੀਅਮਜ਼ ਨੇ ਆਖਿਆ ਕਿ ਅਸੀਂ ਤੀਜੀ ਵੇਵ ਵਿੱਚ ਜ਼ਰੂਰ ਹਾਂ ਪਰ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਹ ਵੇਵ ਕਿਹੋ ਜਿਹੀ ਹੋਵੇਗੀ। ਓਨਟਾਰੀਓ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਵਾਧਾ ਹੋ ਰਿਹਾ ਹੈ। ਮੰਗਲਵਾਰ ਨੂੰ ਪ੍ਰੋਵਿੰਸ ਵੱਲੋਂ ਨਵੀਂ ਇਨਫੈਕਸ਼ਨ ਦੇ 1974 ਮਾਮਲੇ ਦਰਜ ਕੀਤੇ ਗਏ, ਬੁੱਧਵਾਰ ਨੂੰ 1508 ਤੇ ਅੱਜ 1553 ਮਾਮਲੇ ਦਰਜ ਕੀਤੇ ਗਏ।

ਪ੍ਰੋਵਿੰਸ ਵਿੱਚ ਕੋਵਿਡ-19 ਦੇ ਮਾਮਲਿਆਂ ਦੀ ਸੱਤ ਦਿਨ ਦੀ ਔਸਤ ਹੁਣ 1427 ਤੱਕ ਅੱਪੜ ਗਈ ਹੈ। ਇੱਕ ਹਫਤੇ ਪਹਿਲਾਂ ਇਹ ਅੰਕੜਾ 1252 ਸੀ ਜਦਕਿ ਦੋ ਹਫਤੇ ਪਹਿਲਾਂ ਅੱਜ ਦੇ ਦਿਨ ਇਨ੍ਹਾਂ ਮਾਮਲਿਆਂ ਦੀ ਗਿਣਤੀ 1064 ਸੀ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਅਗਲੇ ਹਫਤੇ ਹੋਵੇਗੀ ਚੀਨ ਵਿਚ ਨਜ਼ਰਬੰਦ ਦੋਵਾਂ ਕੈਨੇਡੀਅਨਜ਼ ਦੇ ਮਾਮਲੇ ਦੀ ਸੁਣਵਾਈ

ਪੰਨਾ 03

ਐਸਟ੍ਰਾਜ਼ੈਨੇਕਾ ਦੀ ਸੇਫਟੀ ਨੂੰ ਲੈ ਕੇ ਟਰੂਡੋ ਨੇ ਪ੍ਰਗਟਾਇਆ ਪੂਰਾ ਭਰੋਸਾ

ਪੰਨਾ 13

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

## ਮੁੜ ਵਰਚੂਅਲ ਲਰਨਿੰਗ ਸ਼ੁਰੂ ਹੋ ਸਕਦੀ ਹੈ ਪੀਲ ਰੀਜਨ ਦੇ ਸਕੂਲਾਂ ਵਿੱਚ



ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਪੀਲ ਰੀਜਨ ਦੇ ਸਾਰੇ ਸਕੂਲਾਂ, ਪਬਲਿਕ ਤੇ ਕੈਥੋਲਿਕ ਬੋਰਡਜ਼ ਵਿੱਚ ਅਪਰੈਲ ਦੇ ਮੱਧ ਤੱਕ ਹੌਲੀ ਹੌਲੀ ਵਰਚੂਅਲ ਲਰਨਿੰਗ ਸ਼ੁਰੂ ਕੀਤੇ ਜਾਣ ਬਾਰੇ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ।

ਪੀਲ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ. ਲਾਅਰੈਂਸ ਲੋਹ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਬੁੱਧਵਾਰ ਨੂੰ ਇਸ ਸਬੰਧ ਵਿੱਚ ਮੀਟਿੰਗ ਹੋਈ ਹੈ ਤੇ ਉਨ੍ਹਾਂ ਆਖਿਆ ਕਿ ਉਹ ਸਕੂਲ ਬੋਰਡਜ਼ ਦੇ ਸੰਪਰਕ ਵਿੱਚ ਹਨ। ਲੋਹ ਨੇ ਆਖਿਆ ਕਿ ਇਸ ਸਮੇਂ ਸਾਡੀ ਕਮਿਊਨਿਟੀ ਵਿੱਚ ਇੱਕ ਵਾਰੀ ਮੁੜ ਤੇਜ਼ੀ ਨਾਲ ਫੈਲ ਰਹੇ ਕਰੋਨਾਵਾਇਰਸ ਦੇ ਸਬੰਧ ਵਿੱਚ ਕਈ ਤਰ੍ਹਾਂ ਦੇ ਸਵਾਲ ਚੁੱਕੇ ਗਏ। ਉਨ੍ਹਾਂ ਆਖਿਆ ਕਿ ਹਾਲਾਤ ਦਾ ਮੁਲਾਂਕਣ ਕਰਨ ਲਈ ਉਹ ਅਗਲੇ ਹਫਤੇ ਸਕੂਲ ਬੋਰਡਜ਼ ਨਾਲ ਮੀਟਿੰਗ ਕਰਨਗੇ।

ਉਨ੍ਹਾਂ ਆਖਿਆ ਕਿ ਜੇ ਵਰਚੂਅਲ ਲਰਨਿੰਗ ਹੁੰਦੀ ਹੈ ਤਾਂ 19 ਅਪਰੈਲ ਨੂੰ ਇਨ ਕਲਾਸ ਲਰਨਿੰਗ ਸ਼ੁਰੂ ਕਰਨ ਜਾ ਰਹੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਤੇ ਡਫਰਿਨ ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਨੂੰ ਆਪਣੇ ਫੈਸਲੇ ਉੱਤੇ ਮੁੜ ਵਿਚਾਰ ਕਰਨਾ ਹੋਵੇਗਾ। ਇਸ ਸਮੇਂ ਪੀਲ ਕੈਥੋਲਿਕ ਬੋਰਡ ਤੇ ਸੱਤ ਸਕੂਲ ਪਹਿਲਾਂ ਹੀ ਵਰਚੂਅਲ ਲਰਨਿੰਗ ਸ਼ੁਰੂ ਕਰਵਾ ਚੁੱਕੇ ਹਨ। ਇਸ ਸਮੇਂ ਪੀਲ ਤੇ ਟੋਰਾਂਟੋ ਗ੍ਰੇਅ ਲਾਕਡਾਊਨ ਜ਼ੋਨ ਵਿੱਚ ਹੈ।

ਟੋਰਾਂਟੋ ਤੇ ਪੀਲ ਰੀਜਨ ਦੇ ਉੱਘੇ ਡਾਕਟਰਾਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਪਬਲਿਕ ਹੈਲਥ ਯੂਨਿਟਸ ਨੂੰ ਲਾਕਡਾਊਨ ਵਿੱਚ ਰੱਖਣ ਲਈ ਉਨ੍ਹਾਂ ਦੀ ਪ੍ਰੋਵਿੰਸ ਨਾਲ ਵਿਸਥਾਰਪੂਰਬਕ ਗੱਲਬਾਤ ਚੱਲ ਰਹੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਟੋਰਾਂਟੋ, ਪੀਲ ਤੇ ਯੌਰਕ ਰੀਜਨ ਦੇ ਵਿਦਿਆਰਥੀ ਅਜੇ ਇੱਕ ਮਹੀਨੇ ਪਹਿਲਾਂ ਹੀ ਇਨ ਪਰਸਨ ਲਰਨਿੰਗ ਲਈ ਕਲਾਸਾਂ ਵਿੱਚ ਪਰਤੇ ਸਨ।

## ਅਗਲੇ ਹਫਤੇ ਹੋਵੇਗੀ ਚੀਨ ਵਿਚ ਨਜ਼ਰਬੰਦ ਦੋਵਾਂ ਕੈਨੇਡੀਅਨਜ਼ ਦੇ ਮਾਮਲੇ ਦੀ ਸੁਣਵਾਈ

ਓਟਵਾ, 18 ਮਾਰਚ (ਪੋਸਟ ਬਿਊਰੋ) : ਪਿਛਲੇ 828 ਦਿਨਾਂ ਤੋਂ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਦੇ ਮਾਮਲੇ ਦੀ ਸੁਣਵਾਈ ਅਗਲੇ ਹਫਤੇ ਹੋਵੇਗੀ। ਇਹ ਐਲਾਨ ਬੁੱਧਵਾਰ ਨੂੰ ਸਰਕਾਰ ਵੱਲੋਂ ਕੀਤਾ ਗਿਆ।

ਵਿਦੇਸ਼ ਮੰਤਰੀ ਮਾਰਕ ਗਾਰਨਿਊ ਵੱਲੋਂ ਜਾਰੀ ਬਿਆਨ ਅਨੁਸਾਰ ਸਾਬਕਾ ਕਾਰੋਬਾਰੀ ਮਾਈਕਲ ਸਪੇਵਰ ਨੂੰ 19 ਮਾਰਚ ਜਦਕਿ ਸਾਬਕਾ ਡਿਪਲੋਮੈਟ ਮਾਈਕਲ ਕੋਵਰਿਗ ਨੂੰ 22 ਮਾਰਚ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ। ਇਸ ਬਿਆਨ ਵਿੱਚ ਗਾਰਨਿਊ ਨੇ ਆਖਿਆ ਕਿ





ਕੈਨੇਡੀਅਨ ਅਧਿਕਾਰੀ ਲਗਾਤਾਰ ਸਪੇਵਰ ਤੇ ਕੋਵਰਿਗ ਤੱਕ ਕਾਊਂਸਲਰ ਦੀ ਪਹੁੰਚ ਕਰਵਾਉਣ ਲਈ ਜ਼ੋਰ ਲਾ ਰਹੇ ਹਨ। ਇਹ ਸੱਭ ਕਾਊਂਸਲਰ ਰਿਲੇਸ਼ਨਜ਼ ਉੱਤੇ ਵਿਏਨਾ ਕਨਵੈਨਸ਼ਨ ਤੇ ਚਾਈਨਾ-ਕੈਨੇਡਾ ਕਾਊਂਸਲਰ ਅਗਰੀਮੈਂਟ, ਦੇ ਮੱਦੇਨਜ਼ਰ ਕੀਤਾ ਜਾ ਰਿਹਾ ਹੈ। ਗਾਰਨਿਊ ਨੇ ਆਪਣੇ ਬਿਆਨ ਵਿੱਚ ਇਹ ਵੀ ਆਖਿਆ ਕਿ ਦੋਵਾਂ ਕੈਨੇਡੀਅਨਾਂ ਨੂੰ ਨਜ਼ਰਬੰਦ ਕਰਕੇ ਰੱਖਿਆ ਜਾਣਾ ਮਨਮਰਜ਼ੀ ਵਾਲਾ ਫੈਸਲਾ ਹੈ। ਇਸ ਤੋਂ ਇਲਾਵਾ ਦੋਵਾਂ ਕੈਨੇਡੀਅਨਾਂ ਨਾਲ ਜੁੜੀਆਂ ਇਨ੍ਹਾਂ ਪ੍ਰੋਸੀਡਿੰਗਜ਼ ਵਿੱਚ ਪਾਰਦਰਸ਼ਤਾ ਦੀ ਘਾਟ ਕਾਰਨ ਵੀ ਸਰਕਾਰ ਪਰੇਸ਼ਾਨ ਹੈ। ਜ਼ਿਕਰਯੋਗ ਹੈ ਕਿ ਸਪੇਵਰ ਤੇ ਕੋਵਰਿਗ ਨੂੰ 10 ਦਸੰਬਰ,2018 ਵਿੱਚ ਚੀਨ ਵਿੱਚ ਜਾਸੂਸੀ ਕਰਨ ਦੇ ਦੋਸਖਾਂ ਵਿੱਚ ਨਜ਼ਰਬੰਦ ਕਰ ਲਿਆ ਗਿਆ ਸੀ। ਇਹ ਸਾਰਾ ਕੁੱਝ ਚੀਨ ਵੱਲੋਂ ਬਦਲਾਲਊ ਕਾਰਵਾਈ ਤਹਿਤ ਕੀਤਾ ਗਿਆ। ਇਨ੍ਹਾਂ ਦੋਵਾਂ ਨੂੰ ਨਜ਼ਰਬੰਦ ਕੀਤੇ ਜਾਣ ਤੋਂ ਕੁੱਝ ਸਮਾਂ ਪਹਿਲਾਂ ਅਮਰੀਕਾ ਦੀ ਬੇਨਤੀ ਉੱਤੇ ਵੈਨਕੂਵਰ ਵਿੱਚ ਹੁਆਵੇ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

## ਕੈਨੇਡੀਅਨ ਬੱਚਿਆਂ ਉੱਤੇ ਵੀ ਮੌਡਰਨਾ ਕਰੇਗੀ ਕੋਵਿਡ-19 ਵੈਕਸੀਨ ਦਾ ਟ੍ਰਾਇਲ

ਓਟਵਾ, 18 ਮਾਰਚ (ਪੋਸਟ ਬਿਊਰੋ) : ਮੌਡਰਨਾ ਦਾ ਕਹਿਣਾ ਹੈ ਕਿ ਕੋਵਿਡ-19 ਵੈਕਸੀਨ ਦੇ ਕਲੀਨਿਕਲ ਟ੍ਰਾਇਲਜ਼ ਵਿੱਚ ਹੁਣ ਕੈਨੇਡੀਅਨ ਬੱਚਿਆਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ।

ਕੰਪਨੀ ਨੇ ਆਪਣੇ ਫੇਜ਼ 2-3 ਦੇ ਅਧਿਐਨ ਦਾ ਐਲਾਨ ਇਸ ਹਫਤੇ ਦੇ ਸ਼ੁਰੂ ਵਿੱਚ ਕੀਤਾ ਸੀ। ਇਸ ਅਧਿਐਨ ਦੌਰਾਨ ਛੇ ਮਹੀਨਿਆਂ ਤੋਂ 12 ਸਾਲਾਂ ਦੇ 6750 ਤੰਦਰੁਸਤ ਬੱਚਿਆਂ ਨੂੰ ਸ਼ਾਮਲ ਕੀਤਾ ਜਾਵੇਗਾ। ਮੌਡਰਨਾ ਨੇ ਆਖਿਆ ਕਿ ਇਨ੍ਹਾਂ ਟ੍ਰਾਇਲਜ਼ ਵਿੱਚ ਸ਼ੁਰੂ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਅਮਰੀਕਾ ਦੇ ਬੱਚਿਆਂ ਨੂੰ ਹੀ ਸ਼ਾਮਲ ਕੀਤਾ ਜਾਵੇਗਾ ਪਰ ਹੌਲੀ ਹੌਲੀ ਜਿਵੇਂ ਜਿਵੇਂ ਟ੍ਰਾਇਲ ਅੱਗੇ ਵੱਧਣਗੇ ਇਨ੍ਹਾਂ ਵਿੱਚ



ਕੈਨੇਡੀਅਨ ਬੱਚਿਆਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ।

ਬਾਇਓਟੈਕ ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਜੇ ਕੈਨੇਡੀਅਨ ਸਾਈਟਸ ਨਹੀਂ ਚੁਣੀਆਂ ਤੇ ਨਾ ਹੀ ਕੈਨੇਡੀਅਨ ਪਾਰਟੀਸਿਪੈਂਟਸ ਦੀ ਹੀ ਚੋਣ ਕੀਤੀ ਗਈ ਹੈ। ਮੌਡਰਨਾ ਦੀ ਸੀਈਓ ਸਟੀਫਨ ਬੈਂਸਲ ਦਾ ਕਹਿਣਾ ਹੈ ਕਿ ਇਹ ਅਧਿਐਨ ਲਈ ਬੜਾ ਹੀ ਅਹਿਮ ਗਰੁੱਪ ਹੈ।

## ਕੰਜ਼ਰਵੇਟਿਵ ਪਾਰਟੀ ਦੇ ਇਜਲਾਸ ਵਿੱਚ ਹਿੱਸਾ ਨਹੀਂ ਲੈਣਗੇ ਪੀਟਰ ਮੈਕੇਅ

ਓਟਵਾ, 18 ਮਾਰਚ (ਪੋਸਟ ਬਿਊਰੋ): ਸਾਬਕਾ ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਤੇ ਪਾਰਟੀ ਦੇ ਲੰਮੇਂ ਸਮੇਂ ਤੱਕ ਦਿੱਗਜ ਆਗੂ ਰਹੇ ਪੀਟਰ ਮੈਕੇਅ ਇਸ ਹਫਤੇ ਪਾਰਟੀ ਦੇ ਪਾਲਿਸੀ ਇਜਲਾਸ ਵਿੱਚ ਹਿੱਸਾ ਨਹੀਂ ਲੈਣਗੇ। ਇਸ ਗੈਰਹਾਜ਼ਰੀ ਲਈ ਮੈਕੇਅ ਵੱਲੋਂ ਕੰਮ ਤੇ ਪਰਿਵਾਰਕ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਉਨ੍ਹਾਂ ਇੱਕ ਬਿਆਨ ਵਿੱਚ ਆਖਿਆ ਕਿ ਇਸ ਸਮੇਂ ਉਨ੍ਹਾਂ ਦਾ ਸਾਰਾ ਧਿਆਨ ਆਪਣੇ ਪਰਿਵਾਰ ਤੇ ਲਾਅ ਦੀ ਪ੍ਰੈਕਟਿਸ ਉੱਤੇ ਟਿਕਿਆ ਹੋਇਆ ਹੈ। ਇਹ ਕਿਆਫੇ ਵੀ ਲਾਏ ਜਾ ਰਹੇ ਹਨ ਕਿ ਇਸ ਇਜਲਾਸ ਵਿੱਚ ਹਿੱਸਾ ਨਾ ਲੈਣ ਦਾ ਮੁੱਖ ਕਾਰਨ ਪਿਛਲੇ ਸਾਲ ਲੀਡਰਸ਼ਿਪ ਦੌੜ ਵਿੱਚ ਓਟੂਲ ਤੋਂ



ਮਿਲੀ ਹਾਰ ਵੀ ਹੋ ਸਕਦਾ ਹੈ।

ਲੀਡਰਸ਼ਿਪ ਦੀ ਇਸ ਜੰਗ ਨੇ ਦੋਵਾਂ ਆਗੂਆਂ ਵਿੱਚ ਹੀ ਨਹੀਂ ਸਗੋਂ ਪਾਰਟੀ ਦੇ ਕਈ ਧੜਿਆਂ ਵਿੱਚ ਪਾੜਾ ਪਾ ਦਿੱਤਾ ਸੀ ਤੇ ਜਾਣਕਾਰਾਂ ਦਾ ਕਹਿਣਾ ਹੈ ਕਿ ਇਹ ਪਾੜਾ ਅਜੇ ਵੀ ਪੂਰੀ ਤਰ੍ਹਾਂ ਮਿਟ ਨਹੀਂ ਸਕਿਆ ਹੈ। ਖਤਰਾ ਇੱਥੋਂ ਤੱਕ ਹੈ ਕਿ ਇਸ ਹਫਤੇ ਦੇ ਅੰਤ ਵਿੱਚ ਹੋਣ ਵਾਲੇ ਈਵੈਂਟ ਵਿੱਚ ਵੀ ਇਹ ਜ਼ਾਹਿਰ ਹੋ ਸਕਦਾ ਹੈ। ਉਸ ਦਿਨ ਤੋਂ ਲੈ ਕੇ ਅੱਜ ਤੱਕ ਦੋਵਾਂ ਆਗੂਆਂ ਨੇ ਇੱਕ ਦੂਜੇ ਨਾਲ ਮਸ੍ਹਾਂ ਹੀ ਕੋਈ ਗੱਲ ਸਾਂਝੀ ਕੀਤੀ ਹੈ।

ਇਸ ਇਜਲਾਸ ਵਿੱਚ ਮੈਕੇਅ ਦੀ ਹਾਜ਼ਰੀ ਕਿੰਨੀ ਕੁ ਇੱਕਜੁੱਟਤਾ ਪੈਦਾ ਕਰਦੀ ਹੈ ਜਾਂ ਕਿੰਨਾ ਕੁ ਵੱਖਰੇਵਾਂ ਪੈਦਾ ਕਰਦੀ ਹੈ ਇਸ ਬਾਰੇ ਹਾਲ ਦੀ ਘੜੀ ਸਪਸ਼ਟ ਤੌਰ ਉੱਤੇ ਕੁੱਝ ਨਹੀਂ ਆਖਿਆ ਜਾ ਸਕਦਾ। ਪਰ ਇਸ ਸੱਭ ਦੇ ਬਾਵਜੂਦ ਪਿੱਛੇ ਜਿਹੇ ਓਟੂਲ ਨੇ ਇਹ ਤਹੱਈਆ ਪ੍ਰਗਟਾਇਆ ਸੀ ਕਿ ਇਸ ਇਜਲਾਸ ਨਾਲ ਪਾਰਟੀ ਦੀ ਇੱਕਜੁੱਟਤਾ ਸਾਫ ਹੋ ਜਾਵੇਗੀ ਤੇ ਕੰਜ਼ਰਵੇਟਿਵ ਪਾਰਟੀ ਸੇਧ ਦੇਣ ਲਈ ਤਿਆਰ ਹੋਵੇਗੀ।

## ਟੋਰਾਂਟੋ ਸਾਊਥ ਡਿਟੈਨਸ਼ਨ ਸੈਂਟਰ ਵਿੱਚ ਕੋਵਿਡ-19 ਆਊਟਬ੍ਰੇਕ, 70 ਮਾਮਲਿਆਂ ਦੀ ਹੋਈ ਪੁਸ਼ਟੀ

ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਟੋਰਾਂਟੋ ਸਾਊਥ ਡਿਟੈਨਸ਼ਨ ਸੈਂਟਰ ਵਿੱਚ ਇੱਕ ਹੋਰ ਕੋਵਿਡ -19 ਆਊਟਬ੍ਰੇਕ ਹੋਣ ਦਾ ਪਤਾ ਲੱਗਿਆ ਹੈ।

ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਦਾ ਕਹਿਣਾ ਹੈ ਕਿ ਕਿਪਲਿੰਗ ਤੇ ਹੌਰਨਰ ਨੇੜੇ ਇਟੋਬੀਕੋ ਦੀ ਜੇਲ੍ਹ ਵਿੱਚ ਆਊਟਬ੍ਰੇਕ ਨਾਲ ਜੁੜੇ 70 ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ 70 ਮਾਮਲਿਆਂ ਵਿੱਚੋਂ 36 ਮਾਮਲੇ ਵੇਰੀਐਂਟਸ ਆਫ ਕਨਸਰਨ ਪਾਏ ਗਏ ਹਨ। ਟੀਪੀਐਚ ਨੇ ਦੱਸਿਆ ਕਿ ਦੋ ਹੋਰ ਲੋਕਾਂ ਦੀ ਵੀ ਵੇਰੀਐਂਟਸ ਨਾਲ ਸਬੰਧਤ ਸਕਰੀਨਿੰਗ ਕੀਤੀ ਗਈ ਪਰ ਉਹ ਟੋਰਾਂਟੋ ਦੇ ਮਾਮਲੇ ਨਹੀਂ ਹਨ ਤੇ ਉਨ੍ਹਾਂ ਨੂੰ ਦੂਜੀ ਹੈਲਥ ਯੂਨਿਟ ਵੱਲੋਂ



ਮੈਨੇਜ ਕੀਤਾ ਜਾ ਰਿਹਾ ਹੈ।

ਟੋਰਾਂਟੋ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਇਹ ਨਤੀਜੇ ਜੇਲ੍ਹ ਵਿੱਚ ਕਰਵਾਈ ਗਈ ਟੈਸਟਿੰਗ ਤੋਂ ਸਾਹਮਣੇ ਆਏ। ਪਬਲਿਕ ਹੈਲਥ ਓਨਟਾਰੀਓ ਹੁਣ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਫੈਸਿਲਿਟੀ ਨੂੰ ਕਿਸ ਵੇਰੀਐਂਟ ਆਫ ਕਨਸਰਨ ਨਾਲ ਜੂਝਣਾ ਪੈ ਰਿਹਾ ਹੈ। ਇੱਥੇ ਦਸੰਬਰ ਵਿੱਚ ਵੀ ਆਊਟਬ੍ਰੇਕ ਹੋਈ ਸੀ ਤੇ ਉਸ ਸਮੇਂ 54 ਇਨਮੇਟਸ ਕੋਵਿਡ-19 ਪਾਜ਼ੀਟਿਵ ਆਏ ਸਨ।

## ਹਾਈਵੇਅ 427 ਉੱਤੇ ਚੱਲੀ ਗੋਲੀ, ਪੁਲਿਸ ਕਰ ਰਹੀ ਹੈ ਜਾਂਚ

ਓਨਟਾਰੀਓ, 18 ਮਾਰਚ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਹਾਈਵੇਅ 427 ਉੱਤੇ ਚੱਲੀ ਗੋਲੀ ਦੇ ਮਾਮਲੇ ਦੀ ਜਾਂਚ ਓਪੀਪੀ ਵੱਲੋਂ ਕੀਤੀ ਜਾ ਰਹੀ ਹੈ।

ਇਹ ਸੱਭ ਬੁੱਧਵਾਰ ਸਵੇਰੇ ਫਿੰਚ ਐਵਨਿਊ ਦੇ ਉੱਤਰ ਵੱਲ ਹਾਈਵੇਅ 427 ਦੀਆਂ ਉੱਤਰ ਵੱਲ ਜਾਣ ਵਾਲੀਆਂ ਲੇਨਜ਼ ਉੱਤੇ ਵਾਪ੍ਰਿਆ। ਓਪੀਪੀ ਦੇ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਇੱਕ ਗੱਡੀ ਤਾਂ ਗੋਲੀਆਂ ਨਾਲ ਵਿੰਨ੍ਹੀ ਗਈ ਤੇ ਦੂਜੀ ਨੂੰ ਮਸ਼ਕੂਕ ਮੌਕੇ ਤੋਂ ਭਜਾ ਕੇ ਲੈ ਗਏ। ਇਸ ਦੌਰਾਨ ਕਿਸੇ ਦੇ ਜਖਮੀ ਹੋਣ ਦੀ ਖਬਰ ਨਹੀਂ ਹੈ। ਤਿੰਨ ਘੰਟੇ ਬੰਦ ਰੱਖੇ ਜਾਣ ਤੋਂ ਬਾਅਦ ਹਾਈਵੇਅ ਖੋਲ੍ਹ ਦਿੱਤਾ ਗਿਆ।

ਪਿਛਲੇ ਦੋ ਕੁ ਸਾਲਾਂ ਤੋਂ ਜੀਟੀਏ ਵਿੱਚ ਇਸ ਤਰ੍ਹਾਂ ਦੇ ਮਾਮਲਿਆਂ ਦਾ ਰੁਝਾਨ ਵਧਿਆ ਹੈ। ਓਪੀਪੀ ਇਸ ਸਮੇਂ ਚਿੱਟੇ ਰੰਗ ਦੀ ਵੋਕਸਵੈਗਨ ਜੈਟਾ ਦੀ ਭਾਲ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇਸ ਹਮਲੇ ਦੌਰਾਨ ਕਾਰ ਵਿੱਚ ਤਿੰਨ ਮਸ਼ਕੂਕ ਸਵਾਰ ਸਨ।

## ਮੈਟਰੋ ਐਟਲਾਂਟਾ ਦੇ ਤਿੰਨ ਸਪਾਅਜ਼ ਵਿੱਚ ਚੱਲੀ ਗੋਲੀ, 7 ਹਲਾਕ

ਐਟਲਾਂਟਾ, 18 ਮਾਰਚ (ਪੋਸਟ ਬਿਊਰੋ) : ਮੰਗਲਵਾਰ ਨੂੰ ਐਟਲਾਂਟਾ ਸਬਅਰਬ ਦੇ ਮਸਾਜ ਪਾਰਲਰ ਵਿੱਚ ਚੱਲੀ ਗੋਲੀ ਤੋਂ ਬਾਅਦ ਘੱਟੋ ਘੱਟ ਤਿੰਨ ਵਿਅਕਤੀ ਮਾਰੇ ਗਏ ਤੇ ਦੋ ਹੋਰ ਜ਼ਖ਼ਮੀ ਹੋਗਏ। ਇਸੇ ਤਰ੍ਹਾਂ ਹੀ ਐਟਲਾਂਟਾ ਦੇ ਦੋ ਹੋਰ ਸਪਾਅਜ਼ ਵਿੱਚ ਚੱਲੀ ਗੋਲੀ ਕਾਰਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਉਹ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਇਹ ਸ਼ੂਟਿੰਗ ਦੀਆਂ ਘਟਨਾਵਾਂ ਦਾ ਆਪਸ ਵਿੱਚ ਕੋਈ ਸਬੰਧ ਹੈ। ਚਿਰੋਕੀ ਕਾਊਂਟੀ ਦੇ ਸ਼ੈਰਿਫ ਦੇ ਬੁਲਾਰੇ ਹਾਵਰਡ ਜੇ ਬੇਕਰ ਨੇ ਆਖਿਆ ਕਿ ਗੋਲੀ ਚੱਲਣ ਦੀਆਂ ਖਬਰਾਂ ਤੋਂ ਬਾਅਦ ਡਿਪਟੀਜ਼ ਨੂੰ ਐਕਵਰਥ, ਜਾਰਜੀਆ ਨੇੜੇ ਯੰਗਜ਼ ਏਸ਼ੀਅਨ ਮੈਸਾਜਰ ਵਿਖੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਡਿਪਟੀਜ਼ ਨੂੰ ਪੰਜ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਇਨ੍ਹਾਂ ਪੰਜਾਂ ਦੇ ਗੋਲੀਆਂ ਲੱਗੀਆਂ ਹੋਈਆਂ ਸਨ। ਦੋ ਵਿਅਕਤੀਆਂ ਨੂੰ ਤਾਂ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਤਿੰਨਾਂ



ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਇੱਕ ਵਿਅਕਤੀ ਦੀ ਮੌਤ ਹੋ ਗਈ। ਸ਼ੈਰਿਫ ਦੇ ਆਫਿਸ ਵੱਲੋਂ ਇੱਕ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ ਜਿਹੜਾ ਗੋਲੀ ਚੱਲਣ ਸਮੇਂ ਮੌਕੇ ਉੱਤੇ ਮੌਜੂਦ ਸੀ। ਬੇਕਰ ਨੇ ਆਖਿਆ ਕਿ ਜਾਂਚਕਾਰਾਂ ਨੂੰ ਇਨ੍ਹਾਂ ਵਾਰਦਾਤਾਂ ਦੇ ਕਾਰਨ ਦਾ ਪਤਾ ਨਹੀਂ ਲੱਗਿਆ।

ਐਕਵਰਥ ਡਾਊਨਟਾਊਨ ਐਟਲਾਂਟਾ ਤੋਂ 30 ਮੀਲ ਉੱਤਰਪੱਛਮ ਵੱਲ ਸਥਿਤ ਹੈ। ਐਟਲਾਂਟਾ ਦੀ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਐਟਲਾਂਟਾ ਵਿੱਚ ਪਾਈਡਮੌਂਟ ਰੋਡ ਉੱਤੇ ਗੋਲਡ ਮਸਾਜ ਸਪਾਅ ਉੱਤੇ ਡਾਕਾ ਮਾਰੇ ਜਾਣ ਦੀ ਖਬਰ ਮਿਲੀ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਤਿੰਨ ਵਿਅਕਤੀ ਮ੍ਰਿਤਕ ਪਏ ਮਿਲੇ। ਇਸੇ ਵੇਲੇ ਸਟਰੀਟ ਦੇ ਦੂਜੇ ਕਿਨਾਰੇ ਉੱਤੇ ਸਥਿਤ ਐਰੋਮਾ ਥੈਰੇਪੀ ਸਪਾਨ ਵਿੱਚ ਵੀ ਗੋਲੀ ਚੱਲਣ ਦਾ ਪਤਾ ਲੱਗਿਆ। ਉੱਥੇ ਪੁਲਿਸ ਨੂੰ ਇੱਕ ਵਿਅਕਤੀ ਮ੍ਰਿਤਕ ਮਿਲਿਆ।

ਪੁਲਿਸ ਨੇ ਆਖਿਆ ਕਿ ਇਨ੍ਹਾਂ ਗੋਲੀਕਾਂਡ ਦੇ ਸ਼ਿਕਾਰ ਹੋਏ ਵਿਅਕਤੀਆਂ ਵਿੱਚੋਂ ਚਾਰ ਮਹਿਲਾਵਾਂ ਸਨ ਤੇ ਉਹ ਏਸ਼ੀਅਨ ਮੂਲ ਦੀਆਂ ਸਨ। ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਇਨ੍ਹਾਂ ਸਪਾਅਜ਼ ਵਿੱਚ ਕੰਮ ਕਰਨ ਵਾਲੀਆਂ ਮੁਲਾਜ਼ਮ ਸਨ ਜਾਂ ਕਸਟਮਰਜ਼। ਐਟਲਾਂਟਾ ਪੁਲਿਸ ਦਾ ਕਹਿਣਾਂ ਹੈ ਕਿ ਅਜੇ ਜਾਂਚ ਸ਼ੁਰੂ ਹੋਈ ਹੈ ਤੇ ਉਨ੍ਹਾਂ ਨੂੰ ਇਸ ਘਟਨਾਕ੍ਰਮ ਦੇ ਮੰਤਵ ਦਾ ਵੀ ਪਤਾ ਨਹੀਂ ਲੱਗਿਆ ਹੈ।

## ਆਪਣੀ ਲੋੜ ਪੂਰੀ ਹੋਣ ਮਗਰੋਂ ਕੈਨੇਡਾ ਤੇ ਮੈਕਸਿਕੋ ਨੂੰ ਵੈਕਸੀਨ ਮੁਹੱਈਆ ਕਰਾਵੇਗਾ ਅਮਰੀਕਾ ?

ਵਾਸ਼ਿੰਗਟਨ, 18 ਮਾਰਚ (ਪੋਸਟ ਬਿਊਰੋ) : ਕੋਵਿਡ-19 ਵੈਕਸੀਨੇਸ਼ਨ ਫਰੰਟ ਉੱਤੇ ਕੁੱਝ ਚੰਗੀ ਖਬਰ ਹੈ ਤੇ ਕੁੱਝ ਮਾੜੀ ਖਬਰ ਵੀ ਹੈ। ਯੂਰਪੀਅਨ ਯੂਨੀਅਨ ਵੱਲੋਂ ਪਾਬੰਦੀਆਂ ਲਾਏ ਜਾਣ ਦੇ ਮੱਦੇਨਜ਼ਰ ਅਮਰੀਕਾ ਨੇ ਭਰੋਸਾ ਦਿਵਾਇਆ ਹੈ ਕਿ ਅਮਰੀਕਾ ਵਿੱਚ ਤਿਆਰ ਕੀਤੀ ਗਈ ਵੈਕਸੀਨ ਵਿੱਚੋਂ ਕੈਨੇਡਾ ਨੂੰ ਤਰਜੀਹੀ ਤੌਰ ਉੱਤੇ ਵੈਕਸੀਨ ਮੁਹੱਈਆ ਕਰਵਾਈ ਜਾਵੇਗੀ।

ਰਾਸ਼ਟਰਪਤੀ ਜੋਅ ਬਾਇਡਨ ਨੇ ਇੱਕ ਦਿਨ ਪਹਿਲਾਂ ਇਹ ਐਲਾਨ ਕੀਤਾ ਸੀ ਕਿ ਅਮਰੀਕਾ ਵੱਲੋਂ ਮਈ ਤੱਕ ਆਪਣੀ ਬਹੁਤੀ ਆਬਾਦੀ ਦਾ ਟੀਕਾਕਰਣ ਕਰ ਲਏ ਜਾਣ ਤੋਂ ਬਾਅਦ ਹੋਰਨਾਂ ਦੇਸ਼ਾਂ ਦੀ ਮਦਦ ਕਰਨ ਲਈ ਅਸੀਂ ਤਿਆਰ ਹਾਂ ਤੇ ਉਨ੍ਹਾਂ ਆਖਿਆ ਸੀ ਕਿ ਇਸ ਸਬੰਧ ਵਿੱਚ ਹੋਰਨਾਂ ਦੇਸ਼ਾਂ ਨਾਲ ਗੱਲਬਾਤ ਵੀ ਚੱਲ ਰਹੀ ਹੈ। ਇਸ ਦੌਰਾਨ ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਜਿਨ੍ਹਾਂ ਦੇਸ਼ਾਂ ਦੀ ਤਰਜੀਹੀ ਤੌਰ ਉੱਤੇ ਮਦਦ ਕੀਤੀ ਜਾਣੀ ਹੈ ਉਨ੍ਹਾਂ ਵਿੱਚ ਕੈਨੇਡਾ ਤੇ ਮੈਕਸਿਕੋ ਸੱਭ ਤੋਂ ਉੱਪਰ ਹਨ।

ਬਾਇਡਨ ਕੁੱਝ ਸਮਾਂ ਪਹਿਲਾਂ ਇਹ ਆਖ ਚੁੱਕੇ



ਹਨ ਕਿ ਅਮਰੀਕਾ ਉਦੋਂ ਤੱਕ ਆਪਣੀ ਵੈਕਸੀਨ ਹੋਰਨਾਂ ਮੁਲਕਾਂ ਨਾਲ ਸਾਂਝੀ ਨਹੀਂ ਕਰੇਗਾ ਜਦੋਂ ਤੱਕ ਇਹ ਉਨ੍ਹਾਂ ਦੀ ਆਪਣੀ ਆਬਾਦੀ ਲਈ ਪੂਰੀ ਨਹੀਂ ਪੈ ਜਾਂਦੀ। ਪਰ ਬਲੂਮਬਰਗ ਅਨੁਸਾਰ, ਬਾਇਡਨ ਨੇ ਮੰਗਲਵਾਰ ਨੂੰ ਇਹ ਮੰਨਿਆ ਕਿ ਉਹ ਹੋਰਨਾਂ ਦੇਸ਼ਾਂ ਦੇ ਆਗੂਆਂ ਨਾਲ ਵੈਕਸੀਨ ਸਾਂਝੀ ਕਰਨ ਬਾਰੇ ਗੱਲਬਾਤ ਕਰ ਰਹੇ ਹਨ। ਅਮਰੀਕਾ ਵੱਲੋਂ ਪਹਿਲ ਦੇ ਆਧਾਰ ਉੱਤੇ ਆਪਣੀ ਆਬਾਦੀ ਦੇ ਟੀਕਾਕਰਣ ਲਈ ਅਪਨਾਏ ਗਏ ਸਖ਼ਤ ਮਾਪਦੰਡਾਂ ਕਾਰਨ ਹੀ ਕੈਨੇਡਾ ਨੂੰ ਵੈਕਸੀਨ ਦੀਆਂ ਡੋਜ਼ਾਂ ਲਈ ਯੂਰਪ ਵੱਲ ਵੇਖਣਾ ਪਿਆ। ਪਰ ਅਮਰੀਕਾ ਵੱਲੋਂ ਵੈਕਸੀਨ ਦੇ ਸਬੰਧ ਵਿੱਚ ਕੀਤੀ ਜਾਣ ਵਾਲੀ ਮਦਦ ਨਾਲ ਸਥਿਤੀ ਕਾਫੀ ਬਦਲ ਜਾਵੇਗੀ।

ਬਾਇਡਨ ਪ੍ਰਸ਼ਾਸਨ ਤਹਿਤ ਅਮਰੀਕਾ ਆਪਣੇ ਲੋਕਾਂ ਦੀ ਕੀਤੀ ਜਾ ਰਹੀ ਵੈਕਸੀਨੇਸ਼ਨ ਦੇ ਮਾਮਲੇ ਵਿੱਚ ਹੋਰਨਾਂ ਮੁਲਕਾਂ ਨਾਲੋਂ ਕਾਫੀ ਅੱਗੇ ਲੰਘ ਗਿਆ ਹੈ। ਦੂਜੇ ਪਾਸੇ ਯੂਰਪੀਅਨ ਯੂਨੀਅਨ ਵੱਲੋਂ ਡਲਿਵਰੀ ਦੀ ਸ਼ੌਰਟੇਜ ਕਾਰਨ ਵੈਕਸੀਨ ਐਕਸਪੋਰਟ ਨੂੰ ਸੀਮਤ ਜਾਂ ਘਟਾਉਣ ਦੀ ਧਮਕੀ ਦਿੱਤੀ ਜਾ ਰਹੀ ਹੈ। ਫਾਈਜ਼ਰ ਤੇ ਮੌਡਰਨਾ ਦੀਆਂ ਡੋਜ਼ਾਂ ਯੂਰਪ ਵਿੱਚ ਤਿਆਰ ਹੁੰਦੀਆਂ ਹਨ ਤੇ ਇਸ ਨਾਲ ਕੈਨੇਡਾ ਲਈ ਵੱਖਰੀ ਸਮੱਸਿਆ ਖੜ੍ਹੀ ਹੋ ਸਕਦੀ ਹੈ। ਪਰ ਆਖਰੀ ਵਾਰੀ ਜਦੋਂ ਇਸ ਤਰ੍ਹਾਂ ਦੀਆਂ ਧਮਕੀਆਂ ਮਿਲੀਆਂ ਸਨ ਉਸ ਸਮੇਂ ਕੈਨੇਡਾ ਦੀ ਸ਼ਿੱਪਮੈਂਟ ਉੱਤੇ ਕੋਈ ਅਸਰ ਨਹੀਂ ਸੀ ਪਿਆ।

ਵਾਈਟ ਹਾਊਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਕੈਨੇਡਾ ਨੇ ਇਸ ਸਬੰਧ ਵਿੱਚ ਅਮਰੀਕਾ ਤੋਂ ਮਦਦ ਮੰਗੀ ਸੀ ਪਰ ਪ੍ਰੈੱਸ ਸਕੱਤਰ ਜੈਨ ਸਾਕੀ ਨੇ ਦੱਸਿਆ ਕਿ ਕੈਨੇਡਾ ਦੀ ਇਸ ਬੇਨਤੀ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਬਾਇਡਨ ਪ੍ਰਸ਼ਾਸਨ ਨੇ ਇਸ ਲਈ ਹਾਮੀ ਭਰੀ ਹੈ।

## ਹਿੱਟ ਐਂਡ ਰਨ ਮਾਮਲੇ ਵਿੱਚ 7 ਸਾਲਾ ਬੱਚੀ ਜ਼ਖ਼ਮੀ

ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਮਿੱਡਟਾਊਨ ਟੋਰਾਂਟੋ ਵਿੱਚ ਇੱਕ ਸੱਤ ਸਾਲਾ ਬੱਚੀ ਨੂੰ ਟੱਕਰ ਮਾਰ ਕੇ ਭੱਜਣ ਵਾਲੀ ਮਹਿਲਾ ਡਰਾਈਵਰ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਇਹ ਘਟਨਾ ਵੀਰਵਾਰ ਦੁਪਹਿਰ 3:20 ਉੱਤੇ ਬੇਅਵਿਊ ਤੇ ਐਗਲਿੰਟਨ ਨੇੜੇ ਕਲੀਵਲੈਂਡ ਸਟਰੀਟ ਤੇ ਮੈਨਰ ਰੋਡ ਈਸਟ ਉੱਤੇ ਵਾਪਰੀ। ਪੁਲਿਸ ਕਾਂਸਟੇਬਲ ਲੌਰਾ ਬ੍ਰਾਬੈਂਟ ਦਾ ਕਹਿਣਾ ਹੈ ਕਿ ਮੌਕੇ ਉੱਤੇ ਪਹੁੰਚੇ ਅਧਿਕਾਰੀਆਂ ਨੂੰ ਸੱਤ ਸਾਲਾ ਬੱਚੀ ਜ਼ਖ਼ਮੀ ਹਾਲਤ ਵਿੱਚ ਮਿਲੀ। ਪੈਰਾਮੈਡਿਕਸ ਨੇ ਆਖਿਆ ਕਿ ਬੱਚੀ ਜ਼ਖ਼ਮੀ ਜ਼ਰੂਰ ਹੈ



ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਹੈ।

ਪੁਲਿਸ ਨੇ ਦੱਸਿਆ ਕਿ ਪਹਿਲਾਂ ਤਾਂ ਡਰਾਈਵਰ ਮੌਕੇ ਉੱਤੇ ਰੁਕੀ ਪਰ ਫਿਰ ਥੋੜ੍ਹੀ ਦੇਰ ਬਾਅਦ ਫਰਾਰ ਹੋ ਗਈ। ਚਸ਼ਮਦੀਦਾਂ ਅਨੁਸਾਰ ਗੱਡੀ ਲਾਲ ਰੰਗ ਦੀ ਫੋਰਡ ਫੋਕਸ ਹੋ ਸਕਦੀ ਹੈ। ਪੁਲਿਸ ਵੱਲੋਂ ਜਾਰੀ ਕੀਤੇ ਗਏ ਡਰਾਈਵਰ ਦੇ ਵੇਰਵੇ ਅਨੁਸਾਰ ਡਰਾਈਵਰ 60-70 ਸਾਲ ਦੀ ਮਹਿਲਾ ਹੈ ਜਿਸ ਦੇ ਨਿੱਕੇ ਕੱਟੇ ਹੋਏ ਚਿੱਟੇ ਵਾਲ ਹਨ।






# ਰੈਕਸਡੇਲ ਵਿੱਚ ਹੋਏ ਕਾਰ ਹਾਦਸੇ ਵਿੱਚ ਦੋ ਜ਼ਖ਼ਮੀ



ਰੈਕਸਡੇਲ, 18 ਮਾਰਚ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਰੈਕਸਡੇਲ ਵਿੱਚ ਹੋਏ ਹਾਦਸੇ ਤੋਂ ਬਾਅਦ ਗੰਭੀਰ ਜ਼ਖ਼ਮੀ ਰੂਪ ਵਿੱਚ ਦੋ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਅਨੁਸਾਰ ਇਹ ਹਾਦਸਾ ਹਾਈਵੇਅ 27 ਅਤੇ ਰੈਕਸਡੇਲ ਬੋਲੀਵੀਆਰਡ ਉੱਤੇ ਰਾਤੀਂ 8:00 ਵਜੇ ਵਾਪਰਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਗੱਡੀ ਖੰਭੇ ਨਾਲ ਟਕਰਾ ਗਈ ਤੇ ਇੱਕ ਵੈਨ ਨੂੰ ਅੱਗ ਲੱਗ ਗਈ। ਟੋਰਾਂਟੋ ਪੈਰਾਮੈਡਿਕ ਸਰਵਿਸਿਜ਼ ਨੇ ਦੱਸਿਆ ਕਿ ਉਹ ਗੰਭੀਰ ਹਾਲਤ ਵਿੱਚ ਦੋ ਵਿਅਕਤੀਆਂ ਨੂੰ ਟਰੌਮਾ ਸੈਂਟਰ ਲੈ ਕੇ ਗਏ।

ਜ਼ਖ਼ਮੀਆਂ ਬਾਰੇ ਅਜੇ ਤੱਕ ਕੋਈ ਹੋਰ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਇਹ ਵੀ ਸਪਸ਼ਟ ਨਹੀਂ ਹੈ ਕਿ ਹਾਦਸੇ ਦਾ ਕਾਰਨ ਕੀ ਸੀ। ਪੁਲਿਸ ਨੇ ਦੱਸਿਆ ਕਿ ਟੋਰਾਂਟੋ ਹਾਈਡਰੋ ਦੇ ਅਮਲੇ ਵੱਲੋਂ ਖੰਭੇ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ ਇਸ ਲਈ ਇਸ ਪਾਸੇ ਸੜਕਾਂ ਬੰਦ ਕੀਤੀਆਂ ਗਈਆਂ ਹਨ।

# ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਤਿੰਨ ਜ਼ਖ਼ਮੀ




ਸਕਾਰਬੌਰੋ, 18 ਮਾਰਚ (ਪੋਸਟ ਬਿਊਰੋ) : ਸਕਾਰਬੌਰੋ ਵਿੱਚ ਦੋ ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਤਿੰਨ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।

ਇਹ ਹਾਦਸਾ ਸ਼ਾਮੀਂ 6:00 ਵਜੇ ਤੋਂ ਪਹਿਲਾਂ ਸਕਾਰਬੌਰੋ ਦੇ ਲੈਮੋਰੈਕਸ ਇਲਾਕੇ ਵਿੱਚ ਕੈਨੇਡੀ ਰੋਡ ਤੇ ਫਿੰਚ ਐਵਨਿਊ ਈਸਟ ਰੋਡ ਉੱਤੇ ਵਾਪਰਿਆ। ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਇੱਕ 20 ਸਾਲਾ ਵਿਅਕਤੀ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਦੋ ਹੋਰਨਾਂ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਕਾਰਨ ਇੱਕ ਲੋਕਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਹਾਦਸੇ ਦੇ ਕਾਰਨ ਦਾ ਅਜੇ ਵੀ ਪਤਾ ਨਹੀਂ ਚੱਲਿਆ।

# ਰਿਹਾਇਸ਼ੀ ਇਮਾਰਤ ਨੂੰ ਅੱਗ ਲੱਗਣ ਕਾਰਨ ਚਾਰ ਵਿਅਕਤੀ ਝੁਲਸੇ



ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਦ ਬੀਚਿਜ਼ ਉੱਤੇ ਸੋਮਵਾਰ ਰਾਤ ਨੂੰ ਇੱਕ ਰਿਹਾਇਸ਼ੀ ਇਮਾਰਤ ਵਿੱਚ ਲੱਗੀ ਜ਼ਬਰਦਸਤ ਅੱਗ ਕਾਰਨ ਚਾਰ ਵਿਅਕਤੀ ਝੁਲਸ ਗਏ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਣਾ ਪਿਆ।

ਪੁਲਿਸ ਨੇ ਦੱਸਿਆ ਕਿ ਇਹ ਅੱਗ ਰਾਤੀ 8:00 ਵਜੇ ਵੁੱਡਬਾਈਨ ਦੇ ਪੂਰਬ ਵਿੱਚ ਕੁਈਨ ਸਟਰੀਟ ਈਸਟ ਅਤੇ ਲੀ ਐਵਨਿਊ ਦੀ ਇਮਾਰਤ ਵਿੱਚ ਲੱਗੀ। ਪੈਰਾਮੈਡਿਕਸ ਨੇ ਦੱਸਿਆ ਕਿ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਤੇ ਦੋ ਨੂੰ ਮਾਮੂਲੀ ਨੁਕਸਾਨ ਪਹੁੰਚਿਆ।

ਰੈਜ਼ੀਡੈਂਟਸ ਤੋਂ ਇਮਾਰਤ ਖਾਲੀ ਕਰਵਾ ਲਈ ਗਈ। ਟੀਟੀਸੀ ਬੱਸਾਂ ਤੇ ਸਟਰੀਟਕਾਰਜ਼ ਨੂੰ ਸ਼ੈਲਟਰਜ਼ ਵਜੋਂ ਵਰਤਿਆ ਜਾ ਰਿਹਾ ਹੈ। ਟੋਰਾਂਟੋ ਫਾਇਰ ਦਾ ਕਹਿਣਾ ਹੈ ਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਅੱਗ ਕਿਉਂ ਲੱਗੀ।

# ਕੋਵਿਡ-19 ਦੇ ਇਲਾਜ ਲਈ ਬੀ ਸੀ ਦੀ ਬਾਇਓਟੈਕ ਫਰਮ ਆਪਣੇ ਨੇਜ਼ਲ ਸਪਰੇਅ ਵਾਸਤੇ ਚਾਹੁੰਦੀ ਹੈ ਐਮਰਜੰਸੀ ਮਨਜ਼ੂਰੀ

ਵੈਨਕੂਵਰ, 18 ਮਾਰਚ (ਪੋਸਟ ਬਿਊਰੋ) : ਬੀ ਸੀ ਦੀ ਬਾਇਓਟੈਕ ਫਰਮ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੋਵਿਡ-19 ਦਾ ਪ੍ਰਭਾਵਸ਼ਾਲੀ ਇਲਾਜ ਲੱਭ ਲਿਆ ਹੈ। ਹੁਣ ਇਹ ਫਰਮ ਆਪਣੇ ਪ੍ਰੋਡਕਟ ਦੀ ਵਰਤੋਂ ਲਈ ਫੈਡਰਲ ਸਰਕਾਰ ਤੋਂ ਮਨਜ਼ੂਰੀ ਚਾਹੁੰਦੀ ਹੈ।

ਕਈ ਮਹੀਨਿਆਂ ਤੱਕ ਕਲੀਨਿਕਲ ਟ੍ਰਾਇਲਜ਼ ਤੋਂ ਬਾਅਦ ਵੈਨਕੂਵਰ ਸਥਿਤ ਸੈਨੋਟਾਈਜ਼ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਤਿਆਰ ਨੇਜ਼ਲ ਸਪਰੇਅ ਨਾਲ ਕੋਵਿਡ-19 ਦਾ ਅਸਰ 24 ਘੰਟੇ ਦੇ ਅੰਦਰ ਅੰਦਰ 95 ਫੀ ਸਦੀ ਤੱਕ ਘੱਟ ਜਾਂਦਾ ਹੈ। ਬਹੁਤੇ ਮਾਮਲਿਆਂ ਵਿੱਚ ਤਿੰਨ ਦਿਨਾਂ ਵਿੱਚ ਵਿਅਕਤੀ 99 ਫੀ ਸਦੀ ਸਿਹਤਯਾਬ ਹੋ ਜਾਂਦਾ ਹੈ। ਡਾ.ਕ੍ਰਿਸ ਮਿਲਰ ਨਾਲ ਰਲ ਕੇ ਸੈਨੋਟਾਈਜ਼ ਫਰਮ ਖੜ੍ਹੀ ਕਰਨ ਵਾਲੇ ਡਾ. ਗਿੱਲੀ ਰੀਜੇਵ ਨੇ ਦੱਸਿਆ ਕਿ ਜਦੋਂ ਤੁਸੀਂ ਨੇਜ਼ਲ ਸਪਰੇਅ ਦੀ ਵਰਤੋਂ ਕਰਦੇ ਹੋਂ ਤਾਂ ਇਹ ਵਾਇਰਸ ਨੂੰ ਨੱਕ ਵਿੱਚ ਹੀ ਮਾਰ ਮੁਕਾਉਂਦਾ ਹੈ ਤੇ ਵਾਇਰਲ ਦੀ ਸਮਰੱਥਾ ਨੂੰ ਖ਼ਤਮ ਕਰ ਦਿੰਦਾ ਹੈ।

ਟੈਸਟਿੰਗ ਦੌਰਾਨ ਕੈਨੇਡਾ ਤੇ ਯੂ ਕੇ ਦੇ ਕੋਵਿਡ-19 ਮਰੀਜ਼ਾਂ ਨੇ ਆਪ ਇਸ ਨੇਜ਼ਲ ਸਪਰੇਅ ਦੀ ਵਰਤੋਂ ਕੀਤੀ। ਉਹ ਜਲਦੀ ਸਿਹਤਯਾਬ ਹੋ ਗਏ ਅਤੇ ਵਾਇਰਸ ਫੇਫੜਿਆਂ ਤੱਕ ਮਾਰ ਕਰਨ ਤੋਂ ਪਹਿਲਾਂ ਹੀ ਮਰ ਗਿਆ। ਮਿਲਰ ਨੇ ਆਖਿਆ ਕਿ ਇਸ ਨੇਜ਼ਲ ਸਪਰੇਅ ਦੀ ਵਰਤੋਂ ਨਾਲ ਲੱਛਣ ਘੱਟ ਜਾਂਦੇ ਹਨ ਤੇ ਕੋਵਿਡ-19 ਦੇ ਮਰੀਜ਼ਾਂ ਨੂੰ ਫੌਰਨ ਰਾਹਤ ਮਿਲਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਤੁਸੀਂ ਕੋਵਿਡ-19 ਦੀ ਚਪੇਟ ਵਿੱਚ ਆ ਜਾਂਦੇ ਹੋਂ ਤੇ ਤੁਸੀਂ ਇਹ ਸਪਰੇਅ ਲੈ ਲੈਂਦੇ ਹੋਂ ਤਾਂ ਤੁਸੀਂ ਇੱਕ ਦੋ ਦਿਨਾਂ, ਹੱਦ ਚਾਰ ਦਿਨਾਂ ਦੇ ਅੰਦਰ ਅੰਦਰ ਠੀਕ ਹੋ ਕੇ ਕੰਮ ਉੱਤੇ ਪਰਤ ਸਕਦੇ ਹੋਂ।



ਇਸ ਨੇਜ਼ਲ ਸਪਰੇਅ ਵਿੱਚ ਨਿਟ੍ਰਿਕ ਆਕਸਾਈਡ ਹੁੰਦਾ ਹੈ, ਜਿਸ ਨੂੰ ਡਿਸਇਨਫੈਕਟੈਂਟ ਮੰਨਿਆ ਜਾਂਦਾ ਹੈ ਤੇ ਜਿਹੜਾ ਕੁਦਰਤੀ ਤੌਰ ਉੱਤੇ ਮਨੁੱਖਾਂ ਵਿੱਚ ਪੈਦਾ ਹੁੰਦਾ ਹੈ। ਟ੍ਰਾਇਲ ਫੇਜ਼ ਦੌਰਾਨ ਕਿਸੇ ਨੇ ਵੀ ਇਸ ਦੇ ਸਾਈਡ ਅਫੈਕਟਸ ਬਾਰੇ ਕੋਈ ਜਾਣਕਾਰੀ ਨਹੀਨ ਦਿੱਤੀ। ਇਸ ਦੇ ਨਿਰਮਾਤਾਵਾਂ ਦਾ ਕਹਿਣਾ ਹੈ ਕਿ ਇਸ ਦੀ ਵਰਤੋਂ ਦੁਨੀਆ ਭਰ ਵਿੱਚ ਕੀਤੀ ਜਾ ਸਕਦੀ ਹੈ ਤੇ ਇਹ ਕੋਵਿਡ-19 ਖਿਲਾਫ ਢਾਲ ਦਾ ਕੰਮ ਕਰੇਗਾ। ਟੈਸਟਿੰਗ ਵਿੱਚ ਇਹ ਵੀ ਪਾਇਆ ਗਿਆ ਕਿ ਇਹ ਸਪਰੇਅ ਕੋਵਿਡ-19 ਦੇ ਬੀ.1.1.7 ਵੇਰੀਐਂਟ ਖਿਲਾਫ ਵੀ ਅਸਰਦਾਰ ਹੈ। ਉਨ੍ਹਾਂ ਆਖਿਆ ਕਿ ਸਾਨੂੰ ਲੱਗਦਾ ਹੈ ਕਿ ਇਹ ਕੋਵਿਡ-19 ਦੇ ਸਾਰੇ ਵੇਰੀਐਂਟਸ ਖਿਲਾਫ ਅਸਰਦਾਰ ਹੈ।

ਸੈਨੋਟਾਈਜ਼ ਹੁਣ ਯੂ ਕੇ ਤੇ ਕੈਨੇਡਾ ਵਿੱਚ ਇਸ ਦੀ ਐਮਰਜੰਸੀ ਵਰਤੋਂ ਲਈ ਫੈਡਰਲ ਸਰਕਾਰ ਤੋਂ ਮਨਜ਼ੂਰੀ ਚਾਹੁੰਦੀ ਹੈ। ਅਸਲ ਵਿੱਚ ਫਰਮ ਹਰੇਕ ਕਾਊਂਟਰ ਉੱਤੇ ਆਪਣੀ ਪ੍ਰੋਡਕਟ ਚਾਹੁੰਦੀ ਹੈ। ਹਰੇਕ ਸ਼ੀਸ਼ੀ ਵਿੱਚ ਦੋ ਮਹੀਨਿਆਂ ਤੱਕ ਦੀ ਡੋਜ਼ ਹੈ ਤੇ ਇਸ ਦੀ ਕੀਮਤ 50 ਡਾਲਰ ਪ੍ਰਤੀ ਸ਼ੀਸ਼ੀ ਹੋਵੇਗੀ।

# ਐਨਏਸੀਆਈ ਨੇ 65 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਐਸਟ੍ਰਾਜ਼ੈਨੇਕਾ ਵੈਕਸੀਨ ਦੇ ਟੀਕੇ ਲਾਉਣ ਦੀ ਕੀਤੀ ਸਿਫਾਰਿਸ਼

ਓਟਵਾ, 18 ਮਾਰਚ (ਪੋਸਟ ਬਿਊਰੋ) : ਵੈਕਸੀਨੇਸ਼ਨ ਦੇ ਸਬੰਧ ਵਿੱਚ ਫੈਡਰਲ ਸਰਕਾਰ ਨੂੰ ਸਲਾਹ ਦੇਣ ਵਾਲੇ ਮਾਹਿਰਾਂ ਦੇ ਪੈਨਲ ਵੱਲੋਂ 65 ਸਾਲ ਤੇ ਇਸ ਤੋਂ ਵੱਧ ਉਮਰ ਵਰਗ ਦੇ ਲੋਕਾਂ ਨੂੰ ਐਸਟ੍ਰਾਜ਼ੈਨੇਕਾ ਵੈਕਸੀਨ ਦੇ ਟੀਕੇ ਲਾਉਣ ਦੀ ਸਿਫਾਰਿਸ਼ ਕੀਤੀ ਗਈ ਹੈ। ਦ ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ (ਐਨਏਸੀਆਈ) ਵੱਲੋਂ ਮੰਗਲਵਾਰ ਸਵੇਰੇ ਇਹ ਸਿਫਾਰਿਸ਼ ਕੀਤੀ ਗਈ ਕਿ ਦੋ ਡੋਜ਼ ਵਾਲੀ ਇਹ ਵਾਇਰਲ ਵੈਕਟਰ ਵੈਕਸੀਨ ਸੀਨੀਅਰਜ਼ ਨੂੰ ਦਿੱਤੀ ਜਾ ਸਕਦੀ ਹੈ ਤੇ ਦਿੱਤੀ ਜਾਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕੈਨੇਡਾ ਵਿੱਚ ਵਰਤੋਂ ਲਈ ਮਨਜ਼ੂਰ ਕੀਤੀ ਗਈ ਐਸਟ੍ਰਾਜ਼ੈਨੇਕਾ ਕਾਫੀ ਵਿਵਾਦਾਂ ਵਿੱਚ ਘਿਰੀ ਹੋਈ ਹੈ। ਪਰ ਹੁਣ ਐਨਏਸੀਆਈ ਦਾ ਕਹਿਣਾ ਹੈ ਕਿ ਇਸ ਸਬੰਧ ਵਿੱਚ ਕੀਤੇ ਗਏ ਅਧਿਐਨ ਤੋਂ ਬਾਅਦ 65 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਇਹ ਵੈਕਸੀਨ ਸੇਫ ਹੈ। ਐਨਏਸੀਆਈ ਦਾ ਇੱਥੋਂ ਤੱਕ ਕਹਿਣਾ ਹੈ ਕਿ ਐਸਟ੍ਰਾਜ਼ੈਨੇਕਾ ਵੈਕਸੀਨ ਸੇਫ ਹੀ ਨਹੀਂ ਸਗੋਂ ਪ੍ਰਭਾਵਸ਼ਾਲੀ ਵੀ ਹੈ, ਖਾਸਤੌਰ ਉੱਤੇ 80 ਸਾਲ ਦੇ ਬਜ਼ੁਰਗਾਂ ਤੇ ਉਨ੍ਹਾਂ ਬਜ਼ੁਰਗਾਂ ਜਿਨ੍ਹਾਂ ਨੂੰ ਚਿਰਾਂ ਤੋਂ ਚੱਲੀਆਂ ਆ ਰਹੀਆਂ ਬਿਮਾਰੀਆਂ ਹਨ, ਇਹ ਕਾਫੀ ਅਸਰਦਾਰ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਐਨਏਸੀਆਈ ਨੇ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਵਰਤੋਂ 65 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਕਰਨ ਤੋਂ ਵਰਜਿਆ ਸੀ।



# ਚਾਈਲਡ ਕੇਅਰ ਫੀਸ ’ਚ ਹੋਇਆ ਵਾਧਾ, ਮਹਾਂਮਾਰੀ ਕਾਰਨ ਕਈ ਡੇਅਕੇਅਰ ਸੈਂਟਰ ਬੰਦ ਹੋਣ ਕਿਨਾਰੇ

ਓਟਵਾ, 18 ਮਾਰਚ (ਪੋਸਟ ਬਿਊਰੋ) : ਕੈਨੇਡਾ ਵਿੱਚ ਚਾਈਲਡ ਕੇਅਰ ਬਾਰੇ ਸਾਹਮਣੇ ਆਈ ਨਵੀਂ ਰਿਪੋਰਟ ਵਿੱਚ ਕਈ ਡੇਅ ਕੇਅਰ ਮੁਹੱਈਆ ਕਰਵਾਉਣ ਵਾਲੇ ਇਸ ਸਮੇਂ ਵਿੱਤੀ ਸੰਕਟ ਵਿੱਚੋਂ ਲੰਘ ਰਹੇ ਹਨ। ਹਾਲਾਤ ਇਹ ਹਨ ਕਿ ਚਾਈਲਡ ਕੇਅਰ ਲਈ ਫੀਸਾਂ ਵਿੱਚ ਭਾਵੇਂ ਕਾਫੀ ਵਾਧਾ ਕੀਤਾ ਗਿਆ ਹੈ ਪਰ ਮਹਾਂਮਾਰੀ ਕਾਰਨ ਅਜਿਹੇ ਡੇਅਕੇਅਰਜ਼ ਨੂੰ ਬੰਦ ਕੀਤਾ ਜਾ ਸਕਦਾ ਹੈ।

ਕੈਨੇਡੀਅਨ ਸੈਂਟਰ ਫੌਰ ਪਾਲਿਸੀ ਆਲਟਰਨੇਟਿਵਜ਼ ਵੱਲੋਂ ਪੇਸ਼ ਕੀਤੀ ਗਈ ਸਾਲਾਨਾ ਰਿਪੋਰਟ ਵਿੱਚ ਸਾਹਮਣੇ ਆਇਆ ਕਿ ਪਿਛਲੇ ਸਾਲ ਬਹੁਤੇ ਡੇਅ ਕੇਅਰਜ਼ ਦੀ ਫੀਸ ਵਿੱਚ ਵਾਧਾ ਕੀਤਾ ਗਿਆ ਹੈ। ਓਟਵਾ, ਰੇਜਾਈਨਾ ਤੇ ਹੈਲੀਫੈਕਸਲ ਵਰਗੀਆਂ ਥਾਂਵਾਂ ਉੱਤੇ ਇੱਕ ਫੀ ਸਦੀ ਤੋਂ ਲੈ ਕੇ ਬਰੈਂਪਟਨ, ਓਨਟਾਰੀਓ ਵਿੱਚ 21 ਫੀ ਸਦੀ ਤੱਕ ਦਾ ਵਾਧਾ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਚਾਰ ਸ਼ਹਿਰਾਂ ਵੈਨਕੂਵਰ, ਮੌਂਕਟਨ, ਵਾਈਟਹੌਰਸ ਤੇ ਯੈਲੋਨਾਈਫ ਵਿੱਚ ਇਨ੍ਹਾਂ ਕੀਮਤਾਂ ਵਿੱਚ ਕਮੀ ਨੋਟ ਕੀਤੀ ਗਈ ਹੈ। ਜਿਨ੍ਹਾਂ ਡੇਅਕੇਅਰਜ਼ ਦਾ ਸਰਵੇਖਣ ਕੀਤਾ ਗਿਆ ਹੈ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਵਾਧਾ ਕੋਵਿਡ-19 ਕਾਰਨ ਹੋਇਆ ਹੈ। ਬਹੁਤੇ ਡੇਅਕੇਅਰਜ਼ ਨੂੰ ਕੋਵਿਡ-19 ਦੀ ਪਹਿਲੀ ਵੇਵ ਦੌਰਾਨ ਬੰਦ ਕੀਤਾ ਗਿਆ। ਇਸ ਨਾਲ ਕੰਮਕਾਜੀ ਮਾਪਿਆਂ ਨੂੰ ਕਾਫੀ ਦਿੱਕਤ ਆਈ ਤੇ ਉਨ੍ਹਾਂ ਦੇ ਕੰਮ ਦਾ ਵੀ ਹਰਜਾ ਹੋਇਆ। ਇਹ ਵੀ ਪਤਾ ਲੱਗਿਆ ਕਿ ਇੱਕ ਵਾਰੀ ਖੁੱਲ੍ਹਣ ਤੋਂ ਬਾਅਦ ਅਜਿਹੇ ਡੇਅਕੇਅਰਜ਼ ਵਿੱਚ ਬੱਚਿਆਂ ਦੀ ਗਿਣਤੀ ਸੀਮਤ ਰਹੀ। ਹਾਲਾਤ ਇਹ ਹਨ ਕਿ ਜਿਨ੍ਹਾਂ ਡੇਅਕੇਅਰਜ਼ ਵਿੱਚ ਬੱਚਿਆ ਦੀ ਗਿਣਤੀ 20 ਤੋਂ 30 ਸੀ ਹੁਣ ਉਨ੍ਹਾਂ ਵਿੱਚ ਸਿਰਫ 5 ਬੱਚੇ ਹੀ ਆ ਰਹੇ ਹਨ।

ਫੀਸ ਹਾਸਲ ਨਾ ਹੋਣ ਕਾਰਨ ਮਹਾਂਮਾਰੀ ਦੇ ਇਸ ਦੌਰ ਵਿੱਚ ਕਈ ਡੇਅਕੇਅਰ ਮੁੜ ਬੰਦ ਹੋਣ ਕਿਨਾਰੇ ਹਨ। ਰਿਪੋਰਟ ਤਿਆਰ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਸ ਨਾਲ ਆਰਥਿਕ ਰਿਕਵਰੀ ਵਿੱਚ ਵੀ ਸਮੱਸਿਆ ਆਵੇਗੀ। ਰਿਪੋਰਟ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਫੈਡਰਲ ਲਿਬਰਲ ਸਰਕਾਰ ਨੂੰ ਆਪਣੀ ਚਾਈਲਡ ਕੇਅਰ ਪਾਲਿਸੀ ਵਿੱਚ ਵੀ ਇਸ ਸਮੱਸਿਆ ਦਾ ਹੱਲ ਕਰਨਾ ਹੋਵੇਗਾ।



# ਜਹਾਜ਼ ਹਾਦਸੇ ਵਿੱਚ ਇੱਕ ਹਲਾਕ



ਓਨਟਾਰੀਓ, 18 ਮਾਰਚ (ਪੋਸਟ ਬਿਊਰੋ) : ਲੇਕ ਸਿਮਕੋਅ ਦੇ ਪੂਰਬ ਵੱਲ ਜਹਾਜ਼ ਹਾਦਸਾਗ੍ਰਸਤ ਹੋਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਹਾਦਸੇ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਮੌਕੇ ਉੱਤੇ ਸੱਦਿਆ ਗਿਆ। ਓਪੀਪੀ ਨੇ ਦੱਸਿਆ ਕਿ ਇੱਕ ਨਿੱਕਾ ਜਹਾਜ਼ ਸੋਮਵਾਰ ਸਾਮੀਂ 4:00 ਵਜੇ ਲੇਕ ਸਿਮਕੋਅ ਦੇ ਜੰਮੇਂ ਹੋਏ ਹਿੱਸੇ ਉੱਤੇ ਹਾਦਸਾਗ੍ਰਸਤ ਹੋ ਗਿਆ। ਇਹ ਹਾਦਸਾ ਓਰੀਲੀਆ ਦੇ ਦੱਖਣ ਵੱਲ ਲੈਗੂਨ ਸਿਟੀ ਤੋਂ ਇੱਕ ਕਿਲੋਮੀਟਰ ਦੀ ਦੂਰੀ ਉੱਤੇ ਵਾਪਰਿਆ। ਲੋਕਲ ਮੀਡੀਆ ਤੋਂ ਹਾਸਲ ਹੋਈਆਂ ਰਿਪੋਰਟਾਂ ਅਨੁਸਾਰ ਇਸ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਓਪੀਪੀ ਵੱਲੋਂ ਇਸ ਦੌਰਾਨ ਹੋਈ ਮੌਤ ਦੀ ਪੁਸ਼ਟੀ ਨਹੀਂ ਕੀਤੀ ਗਈ। ਸੋਮਵਾਰ ਸ਼ਾਮ ਨੂੰ ਪੁਲਿਸ ਵੱਲੋਂ ਸਾਰਿਆਂ ਨੂੰ ਕਾਊਂਟੀ ਰੋਡ 47 ਦੇ ਅੰਤ ਤੱਕ ਜਾਣ ਲਈ ਮਨ੍ਹਾਂ ਕੀਤਾ ਗਿਆ।

# ਪ੍ਰਿੰਸ ਫਿਲਿਪ ਨੂੰ ਹਸਪਤਾਲ ਤੋਂ ਮਿਲੀ ਛੁੱਟੀ



ਲੰਡਨ, 18 ਮਾਰਚ (ਪੋਸਟ ਬਿਊਰੋ) : ਬ੍ਰਿਟੇਨ ਦੇ ਪ੍ਰਿੰਸ ਫਿਲਿਪ ਨੂੰ ਇਨਫੈਕਸ਼ਨ ਤੇ ਦਿਲ ਦੀ ਸਮੱਸਿਆ ਦੇ ਇਲਾਜ ਤੋਂ ਬਾਅਦ ਲੰਡਨ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

ਮਹਾਰਾਣੀ ਐਲਿਜ਼ਾਬੈਥ ਦੇ ਪਤੀ 99 ਸਾਲਾ ਫਿਲਿਪ ਨੂੰ 16 ਫਰਵਰੀ ਨੂੰ ਲੰਡਨ ਦੇ ਪ੍ਰਾਈਵੇਟ ਕਿੰਗ ਐਡਵਰਡ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਇੱਥੇ ਉਨ੍ਹਾਂ ਦਾ ਇਨਫੈਕਸ਼ਨ ਦਾ ਇਲਾਜ ਕੀਤਾ ਗਿਆ। ਬਾਅਦ ਵਿੱਚ ਉਨ੍ਹਾਂ ਨੂੰ ਸੇਂਟ ਬਾਰਥੋਲਮਿਊਜ਼ ਦੇ ਸਪੈਸ਼ਲਾਈਜ਼ਡ ਕਾਰਡੀਐਕ ਕੇਅਰ ਹਾਸਪਿਟਲ ਵਿੱਚ ਦਾਖਲ ਕਰਵਾਇਆ ਗਿਆ। ਪ੍ਰਾਈਵੇਟ ਹਸਪਤਾਲ ਦੇ ਬਾਹਰ ਖੜ੍ਹੇ ਫੋਟੋਗ੍ਰਾਫਰਜ਼ ਵੱਲੋਂ ਉਨ੍ਹਾਂ ਦੀਆਂ ਤਸਵੀਰਾਂ ਲਈਆਂ ਗਈਆਂ। ਬਕਿੰਘਮ ਪੈਲੇਸ ਵੱਲੋਂ ਅਜੇ ਇਸ ਮਸਲੇ ਉੱਤੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

# ਟੋਰਾਂਟੋ, ਪੀਲ ਦੇ ਕੁਝ ਫੈਮਿਲੀ ਡਾਕਟਰਜ਼ ਨੇ ਵੀ ਕੋਵਿਡ-19 ਵੈਕਸੀਨੇਸ਼ਨ ਦਾ ਕੰਮ ਕੀਤਾ ਸ਼ੁਰੂ

ਓਨਟਾਰੀਓ, 18 ਮਾਰਚ (ਪੋਸਟ ਬਿਊਰੋ) : ਸ਼ਨਿੱਚਰਵਾਰ ਤੋਂ ਓਨਟਾਰੀਓ ਦੇ ਕੁੱਝ ਫੈਮਿਲੀ ਡਾਕਟਰਜ਼ ਨੇ ਕੋਵਿਡ-19 ਵੈਕਸੀਨੇਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਇਸ ਹਫਤੇ ਪ੍ਰੋਵਿੰਸ ਵੱਲੋਂ ਕੀਤੇ ਗਏ ਐਲਾਨ ਤੋਂ ਬਾਅਦ ਟੋਰਾਂਟੋ, ਪੀਲ, ਹੈਮਿਲਟਨ, ਗੁਐਲਫ, ਪੀਟਰਬੌਰੋ ਤੇ ਸਿਮਕੋਅ-ਮਸਕੋਕਾ ਵਿੱਚ ਕੁੱਝ ਫੈਮਿਲੀ ਡਾਕਟਰਜ਼ ਵੱਲੋਂ ਆਕਸਫੋਰਡ-ਐਸਟ੍ਰਾਜ਼ੈਨੇਕਾ ਵੈਕਸੀਨ ਰਾਹੀਂ ਟੀਕੇ ਲਾਏ ਜਾ ਰਹੇ ਹਨ। ਓਨਟਾਰੀਓ ਦੀ ਮੈਡੀਕਲ ਐਸੋਸਿਏਸ਼ਨ ਦਾ ਕਹਿਣਾ ਹੈ ਕਿ ਇਨ੍ਹਾਂ ਇਲਾਕਿਆਂ ਦੇ ਡਾਕਟਰਾਂ ਵੱਲੋਂ 60 ਤੋਂ 64 ਸਾਲ ਉਮਰ ਵਰਗ ਦੇ ਲੋਕਾਂ ਨੂੰ ਆਕਸਫੋਰਡ-ਐਸਟ੍ਰਾਜ਼ੈਨੇਕਾ ਦੇ ਸ਼ੌਟਸ ਦਿੱਤੇ ਜਾ ਰਹੇ ਹਨ ਤੇ ਲੋਕਾਂ ਨੂੰ ਹਲੀਮੀ ਤੋਂ ਕੰਮ ਲੈਣ ਲਈ ਵੀ ਆਖਿਆ ਜਾ ਰਿਹਾ ਹੈ।

ਡਾਕਟਰਾਂ ਨੂੰ ਇਸ ਸਮੇਂ ਇਸ ਵੈਕਸੀਨ ਦੀਆਂ ਸੀਮਤ ਡੋਜ਼ਾਂ ਹਾਸਲ ਹੋ ਰਹੀਆਂ ਹਨ ਪਰ ਜਿਵੇਂ ਹੀ ਵੈਕਸੀਨ ਦੀ ਹੋਰ ਖੇਪ ਆਵੇਗੀ ਤਾਂ ਇਨ੍ਹਾਂ ਡੋਜ਼ਾਂ ਦੀ ਗਿਣਤੀ ਵਿੱਚ ਵੀ ਵਾਧਾ ਹੋ ਜਾਵੇਗਾ। ਇੱਕ ਹੋਰ ਪਾਇਲਟ ਪ੍ਰੋਜੈਕਟ ਤਹਿਤ ਟੋਰਾਂਟੋ, ਵਿੰਡਸਰ ਤੇ ਕਿੰਗਸਟਨ ਵਿੱਚ ਤਿੰਨ ਪਬਲਿਕ ਹੈਲਥ ਯੂਨਿਟਸ ਦੀਆਂ ਫਾਰਮੇਸੀਜ਼ ਵਿੱਚ ਵੀ 60 ਤੋਂ 64 ਸਾਲ ਦਰਮਿਆਨ ਉਮਰ ਵਰਗ ਦੇ ਲੋਕਾਂ ਦਾ ਟੀਕਾਕਰਣ ਸ਼ੁਰੂ ਕੀਤਾ ਗਿਆ।



ਸਿਟੀ ਆਫ ਟੋਰਾਂਟੋ ਨੇ ਦੱਸਿਆ ਕਿ ਸਿਟੀ ਵੱਲੋਂ ਚਲਾਏ ਜਾਣ ਵਾਲੇ ਕਲੀਨਿਕਸ ਵਿੱਚ ਕੋਵਿਡ-19 ਵੈਕਸੀਨੇਸ਼ਨ ਲਈ 7,800 ਲੋਕਾਂ ਨੇ ਅਪੁਆਇੰਟਮੈਂਟ ਬੁੱਕ ਕਰਵਾਈਆਂ। 80 ਸਾਲ ਜਾਂ ਇਸ ਤੋਂ ਵੱਧ ਉਮਰਵਰਗ ਦੇ ਟੋਰਾਂਟੋ ਵਾਸੀ ਵੀ ਅਪੁਆਇੰਟਮੈਂਟ ਬੁੱਕ ਕਰਵਾ ਸਕਦੇ ਹਨ ਪਰ ਉਨ੍ਹਾਂ ਨੂੰ ਸੋਮਵਾਰ ਤੱਕ ਉਡੀਕ ਕਰਨੀ ਹੋਵੇਗੀ ਕਿਉਂਕਿ ਸੋਮਵਾਰ ਤੋਂ ਪ੍ਰੋਵਿੰਸ ਵੱਲੋਂ ਨਵਾਂ ਆਨਲਾਈਨ ਬੁਕਿੰਗ ਸਿਸਟਮ ਸ਼ੁਰੂ ਕੀਤਾ ਜਾ ਰਿਹਾ ਹੈ।










### ਅੱਜ ਨਾਮਾ

ਸੱਦਾ ਭਾਰਤ ਨੂੰ ਦਿੱਤਾ ਇਮਰਾਨ ਖਾਂ ਨੇ,
ਫਿਰ ਤੋਂ ਲਈਏ ਸੰਬੰਧ ਸੁਧਾਰ ਮਿੱਤਰ।
ਕੀਤੀ ਤੁਸਾਂ ਨੇ ਪਹਿਲ ਜੇ ਇਸ ਤਰ੍ਹਾਂ ਦੀ,
ਹੁੰਗਾਰਾ ਭਰਨ ਨੂੰ ਅਸੀਂ ਤਿਆਰ ਮਿੱਤਰ।
ਸਿੱਧਾ ਯੂਰਪ ਨੂੰ ਇੱਧਰ ਦੀ ਲੰਘ ਜਾਣਾ,
ਸਾਰੇ ਪਾਕਿ ਦੇ ਅੰਦਰ ਦੀ ਪਾਰ ਮਿੱਤਰ।
ਇੱਕੋ ਈ ਬਾਤ ਕਿ ਮੁੱਦਾ ਕਸ਼ਮੀਰ ਬਾਰੇ,
ਸਾਡੀ ਮੰਗ ਕਰ ਲਿਓ ਸਵੀਕਾਰ ਮਿੱਤਰ।
ਮਿੱਠੀਆਂ ਗੋਲੀਆਂ ਵੰਡ ਕੇ ਬਹੁਤ ਪਹਿਲਾਂ,
ਲਿਆ ਫਿਰ ਚੁੱਕ ਹੈ ਆਖਰੀ ਫੰਨ ਮਿੱਤਰ।
ਕਰ ਕੇ ਸੁਧਰੇ ਸੰਬੰਧਾਂ ਲਈ ਅਰਜ਼ ਲੰਮੀ,
ਕੱਟਾ ਗੱਡੇ ਨਾਲ ਦਿੱਤਾ ਉਸ ਬੰਨ੍ਹ ਮਿੱਤਰ।

**ਤੀਸ ਮਾਰ ਖਾਂ**

# ਮੈਂ ਕਿਸੇ ਖਾਲਿਸਤਾਨੀ ਜਾਂ ਪਾਕਿਸਤਾਨੀ ਨੂੰ ਪੰਜਾਬ ਵਿੱਚ ਅਮਨ ਭੰਗ ਨਹੀਂ ਕਰਨ ਦੇਵਾਂਗਾ: ਅਮਰਿੰਦਰ

* 4 ਸਾਲਾਂ ਦੇ ਰਾਜ ਦਾ ਲੇਖਾ-ਜੋਖਾ ਪੇਸ਼ * ਕੋਰੋਨਾ ਕਾਰਨ ਪੰਜਾਬ ਵਿੱਚ ਕਰਫਿਊ ਦਾ ਸਮਾਂ ਬਦਲਿਆ

ਚੰਡੀਗੜ੍ਹ, 18 ਮਾਰਚ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਬੀਤੇ ਸਾਲ ਅਕਤੂਬਰਵਿੱਚ ਕਿਸਾਨਾਂ ਦਾ ਅੰਦੋਲਨ ਭਖ ਜਾਣ ਪਿੱਛੋਂ ਸਰਹੱਦ ਪਾਰ ਤੋਂ ਡਰੋਨਾਂ ਦੀ ਹਲਚਲ ਵਿੱਚਤੇਜ਼ੀ ਆਉਣ ਦਾ ਨੋਟਿਸ ਲੈਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਆਖਿਆ ਕਿ 'ਜਦੋਂ ਤੱਕ ਮੈਂ ਏਥੇ ਹਾਂ, ਕਿਸੇ ਖਾਲਿਸਤਾਨੀ ਜਾਂ ਪਾਕਿਸਤਾਨੀ ਜਾਂ ਹੋਰ ਕਿਸੇ ਨੂੰ ਪੰਜਾਬ ਦੇ ਅਮਨ-ਚੈਨ ਵਿੱਚ ਵਿਘਨ ਨਹੀਂ ਪਾਉਣ ਦੇਵਾਂਗਾ।'

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕੌਮੀ ਸੁਰੱਖਿਆ ਦੇ ਖ਼ਤਰੇ ਨੂੰ ਹਕੀਕਤ ਮੰਨਦੇ ਹੋਏਕਿਹਾ ਕਿ ਉਨ੍ਹਾਂ ਨੇ ਇਸ ਗੰਭੀਰ ਮੁੱਦੇ ਉੱਤੇ ਵਿਚਾਰ ਲਈ ਕਿਸਾਨ ਅੰਦੋਲਨ ਦੇ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਦੱਸਿਆ ਸੀ ਕਿ ਕੇਂਦਰੀ ਫੋਰਸਾਂ ਨੂੰ ਡਰੋਨ ਲੱਭਣ ਤੇ ਡੇਗਣ ਲਈ ਢੁਕਵਾਂ ਸਾਜ਼ੋ-ਸਾਮਾਨ ਕਿਉਂ ਨਹੀਂ ਦਿੱਤਾ ਜਾ ਸਕਦਾ। ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਇਸ ਵੇਲੇ ਖਾਲਿਸਤਾਨੀ ਗਰੁੱਪ ਸਰਗਰਮ ਨਹੀਂ, ਪਰ ਉਨ੍ਹਾਂ ਨੂੰ ਡਰੋਨਾਂ ਰਾਹੀਂ ਹਥਿਆਰ ਦਿੱਤੇ ਜਾ ਰਹੇ ਹਨ ਤਾਂ ਕਿ ਗੜਬੜ ਕਰਨ ਲਈ ਸਰਗਰਮ ਕੀਤਾ ਜਾ ਸਕੇ।



ਪੰਜਾਬ ਦੀ ਕਾਂਗਰਸ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਮੌਕੇ ਆਪਣੇ ਕਾਰਜਕ-ਾਲ ਦੀਆਂ ਪ੍ਰਾਪਤੀਆਂ ਦੱਸਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂਕੀਤੀ ਪ੍ਰੈਸ ਕਾਨਫਰੰਸ ਵਿੱਚ ਉਨ੍ਹਾਂ ਕਿਹਾ ਕਿ ਅਸੀਂ ਤਿੰਨੇ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਹਾਂ ਅਤੇ ਅਸੀਂ ਅਪਣੇ ਖੇਤੀ ਕਾਨੂੰਨ ਪਾਸ ਕਰਵਾਏ ਹਾਂ। ਵਿਧਾਨ ਸਭਾ ਵੱਲੋਂ ਖੇਤੀ ਕਾਨੂੰਨ ਬਣਾਉਣ ਲਈ ਪਾਸ ਕੀਤੇ ਗਏ ਬਿੱਲ ਗਵਰਨਰ ਨੂੰ ਸੌਂਪ ਦਿੱਤੇ ਹਨ ਅਤੇ ਜੇ ਉਨ੍ਹਾਂ ਨੇ ਅੱਗੇ ਨਾ ਭੇਜੇ ਤਾਂ ਸਾਨੂੰ ਅਦਾਲਤ ਜਾਣਾ ਪਵੇਗਾ। ਉਨ੍ਹਾਂ ਕਿਹਾ ਕਿ ਕਿਸਾਨੀ ਅੰਦੋਲਨ ਦੌਰਾਨ ਪੰਜਾਬ ਦੇ 112 ਕਿਸਾਨਾਂ ਜਾਨ ਗਈ ਹੈ, ਜਿਸ ਦਾ ਸਾਨੂੰ ਅਫਸੋਸ ਹੈ।

ਅਕਾਲੀ-ਭਾਜਪਾ ਸਰਕਾਰ ਵੇਲੇ ਦੇ ਬੇਅਦਬੀ ਕੇਸਾਂਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਬਰਗਾੜੀ ਦੇ ਬੇਅਦਬੀ ਕੇਸ ਦੀ ਜਾਂਚ ਪੂਰੀ ਹੋ ਚੁੱਕੀ ਹੈ ਅਤੇ ਜਲਦੀ ਹੀ ਦੋਸ਼ੀ ਸੀਖਾਂ ਪਿੱਛੇ ਹੋਣਗੇ। ਪੰਜਾਬ ਵਿੱਚ ਨਸ਼ਿਆਂ ਦੇ ਖਾਤਮੇ ਬਾਰੇ ਸਹੁੰ ਚੁੱਕਣ ਦੇ ਸੰਬੰਧ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ, 'ਮੈਂ ਗੁਟਕਾ ਸਾਹਿਬ ਫੜਕੇ ਨਸ਼ੇ ਦਾ ਲੱਕ ਤੋੜਨ ਦੀ ਸਹੁੰ ਚੁੱਕੀ ਸੀ, ਉਸ ਗੱਲ ਨੂੰ ਤੋੜਿਆ-ਮਰੋੜਿਆ ਜਾ ਰਿਹਾ ਹੈ।' ਉਨ੍ਹਾ ਕਿਹਾ:'ਮੈਂ ਕਦੇ ਨਹੀਂ ਕਿਹਾ ਸ਼ਰਾਬ ਖ਼ਤਮ ਕਰ ਦੇਵਾਂਗਾ। ਅਸੀਂ ਕੋਈ ਵਾਅਦਾ ਅਧੂਰਾ ਨਹੀਂ ਛੱਡਾਂਗੇ। ਚੋਣ ਮੈਨੀਫੈਸਟੋ ਦੇ 85 ਫੀਸਦੀ ਵਾਅਦੇ ਪੂਰੇ ਕੀਤੇ ਹਨ ਅਤੇ ਇਕ ਸਾਲ ਵਿੱਚ ਬਾਕੀ ਦੇ ਵਾਅਦੇ ਵੀ ਪੂਰੇ ਕਰ ਦਿੱਤੇ ਜਾਣਗੇ।'

ਕੋਰੋਨਾ ਕੇਸ ਵਧਣ ਬਾਰੇਕੈਪਟਨ ਅਮਰਿੰਦਰ ਸਿੰਘ ਨੇ ਐਲਨ ਕੀਤਾ ਹੈ ਕਿ 'ਪੰਜਾਬ ਦੇ 11 ਜ਼ਿਲ੍ਹਿਆਂ ਵਿੱਚ ਰਾਤ ਦੇ ਕਰਫਿਊ ਦਾ ਸਮਾਂ ਬਦਲਿਆ ਹੈ। ਅੱਗੇ ਤੋਂ ਰਾਤ ਦਾ ਕਰਫਿਊ 11 ਵਜੇ ਦੀ ਥਾਂ 9 ਵਜੇ ਸ਼ੁਰੂ ਹੋਵੇਗਾ ਤੇ ਕੋਰੋਨਾ ਦੀ ਰੋਕਥਾਮ ਲਈ ਹੋਰ ਵੀ ਸਖਤ ਕਦਮ ਚੁੱਕਾਂਗੇ।'

ਨਵਜੋਤ ਸਿੱਧੂ ਨਾਲ ਮੀਟਿੰਗ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੀਟਿੰਗ ਚੰਗੇ ਮਾਹੌਲ ਵਿੱਚ ਹੋਈ ਹੈ ਅਤੇ ਆਸ ਹੈ ਸਿੱਧੂ ਜਲਦੀ ਹੀ ਮੇਰੀ ਟੀਮ ਦਾ ਹਿੱਸਾ ਹੋਣਗੇ। ਉਨ੍ਹਾਂ ਕਿਹਾ ਕਿ ਸਿੱਧੂ ਨੇ ਅਜੇ ਕੁਝ ਸਮਾਂ ਮੰਗਿਆ ਹੈ। ਇਸ ਦੇ ਨਾਲ ਉਨ੍ਹਾਂ ਇਹ ਵੀ ਕਿਹਾ ਕਿ 'ਰਾਜਨੀਤੀ ਤੋਂ ਬਿਨਾ ਮੇਰੇ ਸਿੱਧੂ ਨਾਲ ਪਰਿਵਾਰਕ ਸਬੰਧ ਵੀ ਹਨ। ਸਾਰੇ ਨੇਤਾ ਸਿੱਧੂ ਨੂੰ ਸਾਡੀ ਟੀਮ ਵਿਚ ਦੇਖਣਾ ਚਾਹੁੰਦੇ ਹਨ ਤੇ ਉਹ ਜਲਦੀ ਹੀ ਸਾਡੀ ਟੀਮ ਦਾ ਹਿੱਸਾ ਹੋਣਗੇ।'

## ਸੋਸ਼ਲ ਮੀਡੀਆ ਉੱਤੇ ਫਰਜ਼ੀ ਅਕਾਊਂਟ ਵਾਲੇ ਲੋਕਾਂ ਵਿਰੁੱਧ ਭਾਰਤ ਦੀ ਸਰਕਾਰ ਸਖਤ ਹੋਈ

* ਬੇਹੂਦਾ ਟਿਪਣੀਆਂ ਤੇ ਜਾਅਲੀ ਖਬਰਾਂ ਪਰੋਸਣ ਵਾਲਿਆਂ ਦੀ ਖ਼ੈਰ ਨਹੀਂ

ਨਵੀਂ ਦਿੱਲੀ, 18 ਮਾਰਚ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਅੱਜ ਵੀਰਵਾਰ ਨੂੰ ਰਾਜ ਸਭਾ ਵਿੱਚ ਕਿਹਾ ਕਿ ਸੋਸ਼ਲ ਮੀਡੀਆ ਉੱਤੇ ਫਰਜ਼ੀ ਆਈ ਡੀ ਨਾਲ ਅਕਾਊਂਟ ਬਣਾ ਕੇ ਇਤਰਾਜ਼ ਯੋਗ ਟਿੱਪਣੀਆਂ ਕਰਨ ਦੇਵਿਰੁੱਧ ਉਹ ਗੰਭੀਰ ਹੈ ਅਤੇ ਇਸ ਉੱਤੇ ਕਾਬੂ ਪਾਉਣ ਲਈ ਸੰਬੰਧਿਤ ਕੰਪਨੀਆਂ ਨੂੰ ਸਵੈ ਇਛੁੱਕ ਰੂਪ ਵਿੱਚ ਲੋਕਾਂ ਦੀ ਪਛਾਣ ਦੱਸਣ ਲਈ ਕਿਹਾ ਗਿਆ ਹੈ ਅਤੇ ਇਸ ਮਾਮਲੇ ਵਿੱਚ ਅੱਗੇ ਤੋਂ ਪੂਰੀ ਸਖਤੀ ਕੀਤੀ ਜਾਵੇਗੀ।




ਅੱਜ ਪਾਰਲੀਮੈਂਟ ਦੇ ਉਤਲੇ ਸਦਨ ਰਾਜ ਸਭਾ ਵਿੱਚ ਭਾਰਤ ਦੇ ਇਲੈਕਟ੍ਰੌਨਿਕ ਤੇ ਸੂਚਨਾ ਤਕਨੀਕ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਜ਼ੀਰੋ ਆਵਰ ਦੌਰਾਨ ਪੁੱਛੇ ਸਵਾਲਾਂ ਦੇ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਜਾਰੀ ਕੀਤੀਆਂ ਗਾਈਡਲਾਈਨਜ਼ ਵਿੱਚ ਇਸ ਦੀ ਵਿਵਸਥਾ ਕੀਤੀ ਗਈ ਹੈ ਅਤੇ ਇਸ ਉੱਤੇ ਅਮਲ ਕਰਨਾ ਅੱਗੋਂ ਸੋਸ਼ਲ ਮੀਡੀਆ ਕੰਪਨੀਆਂ ਉੱਤੇ ਨਿਰਭਰ ਕਰਦਾ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਆਪਣੀ ਪਛਾਣ ਲੁਕਾ ਕੇ ਸਾਰੇ ਦੇਸ਼ ਨੂੰ 'ਗਿਆਨ ਦੀਆਂ ਗੱਲਾਂ' ਦੱਸਦੇ ਰਹਿੰਦੇ ਹਨ। ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਗਿਆਨ ਦਾ ਸਵਾਗਤ ਹੈ, ਪਰ ਪਹਿਲਾਂ ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਆਪਣੀ ਪਛਾਣ ਕੀ ਹੈ। ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਸੋਸ਼ਲ ਮੀਡੀਆ ਉੱਤੇ ਆਲੋਚਨਾ ਦਾ ਸਵਾਗਤ ਹੈ, ਪਰ ਯੂਜ਼ਰਜ਼ ਨੂੰ ਆਪਣੀ ਅਸਲ ਪਛਾਣ ਦੱਸਣੀ ਹੋਵੇਗੀ।

ਭਾਰਤ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਦੇ ਖਿਲਾਫ ਕਿਸਾਨਾਂ ਦੇ ਅੰਦੋਲਨ ਦੌਰਾਨ ਪਿਛਲੇ ਦਿਨੀਂ ਇੱਕ ਵਾਤਾਵਰਣ ਬਾਰੇ ਮਹਿਲਾ ਵਰਕਰ ਦਿਸ਼ਾ ਰਵੀ ਤੇ ਹੋਰ ਲੋਕਾਂ ਖਿਲਾਫ ਕਾਰਵਾਈ ਦੇ ਸਵਾਲ ਉੱਤੇਮੰਤਰੀ ਨੇ ਕਿਹਾਕਿ ਇਹ ਕਾਨੂੰਨ ਵਿਵਸਥਾ ਦਾ ਮਾਮਲਾ ਹੈ ਤੇ ਪੁਲਸ ਨੇ ਬਣਦੀ ਕਾਰਵਾਈ ਕੀਤੀ ਹੈ। ਵਰਨਣ ਯੋਗ ਹੈ ਕਿ ਸਰਕਾਰ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਲਈ ਨਵੀਂਆਂ ਗਾਈਡਲਾਈਨਜ਼ ਜਾਰੀ ਕੀਤੀਆਂ ਹਨ, ਜਿਨ੍ਹਾਂ ਵਿੱਚ ਆਨਲਾਈਨ ਸਮੱਗਰੀ ਦੇ ਸੰਬੰਧ ਵਿੱਚ ਨਵੇਂ ਨਿਯਮ ਤੇ ਕਾਨੂੰਨ ਬਣਾਉਣ ਦੀ ਗੱਲ ਕਹੀ ਗਈ ਸੀ। ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਨਵੇਂ ਦਿਸ਼ਾ ਨਿਰਦੇਸ਼ ਵਿੱਚ ਸ਼ਿਕਾਇਤ ਅਧਿਕਾਰੀ ਦੀ ਵਿਵਸਥਾ ਕੀਤੀ ਗਈ ਹੈ ਅਤੇ ਔਰਤਾਂ ਦੇ ਸਨਮਾਨ ਦਾ ਪੂਰਾ ਖਿਆਲ ਰੱਖਦੇ ਹੋਏ ਇਤਰਾਜ਼ ਯੋਗ ਸਮੱਗਰੀ ਨੂੰ 24 ਘੰਟਿਆਂ ਦੇ ਅੰਦਰ ਹਟਾਉਣ ਲਈ ਕਿਹਾ ਗਿਆ ਹੈ।

## ਮੰਡੀ ਤੋਂ ਭਾਜਪਾ ਦੇ ਐੱਮ ਪੀ ਰਾਮ ਸਵਰੂਪ ਦੀ ਲਾਸ਼ ਦਿੱਲੀ ਵਿੱਚ ਪੱਖੇ ਨਾਲ ਲਟਕਦੀ ਮਿਲੀ

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਰਾਮ ਸਵਰੂਪ ਸ਼ਰਮਾ (62) ਦੀ ਲਾਸ਼ ਕੱਲ੍ਹ ਉਨ੍ਹਾਂ ਦੇ ਨਵੀਂ ਦਿੱਲੀ ਵਾਲੇ ਘਰ ਵਿੱਚ ਛੱਤ ਦੇ ਪੱਖੇ ਨਾਲ ਲਟਕੀ ਮਿਲੀ ਹੈ। ਸ਼ਰਮਾ ਕਈ ਬੀਮਾਰੀਆਂ ਤੋਂ ਪੀੜਤ ਸਨ। ਇਸ ਬਾਰੇ ਪੁਲਸ ਨੇ ਦੱਸਿਆ ਕਿ ਪਹਿਲੀ ਨਜ਼ਰ ਵਿੱਚ ਇਹ ਖੁਦਕੁਸ਼ੀ ਦਾ ਕੇਸ ਲੱਗਦਾ ਹੈ। ਮੌਕੇ ਤੋਂ ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ। ਰਾਮ ਸਵਰੂਪ ਸ਼ਰਮਾ ਨੂੰ ਸ਼ਰਧਾਂਜਲੀ ਦੇਣ ਤੋਂ ਬਾਅਦ ਲੋਕ ਸਭਾ ਦੀ ਬੈਠਕ ਦੁਪਹਿਰ ਇੱਕ ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ। ਰਾਮ ਸਵਰੂਪ ਸ਼ਰਮਾ ਮੌਜੂਦਾ ਲੋਕ ਸਭਾ ਵਿੱਚ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਰਮਾ ਦੀ ਮੌਤ ਉੱਤੇ ਸ਼ੋਕ ਟਵੀਟ ਕੀਤਾ, 'ਰਾਮ ਸਵਰੂਪ ਸ਼ਰਮਾ ਸਮਰਪਿਤ ਨੇਤਾ ਸਨ, ਜੋ ਸਦਾ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਨੂੰ ਵਚਨਬੱਧ ਰਹਿੰਦੇ ਸਨ।

## ਸਾਬਕਾ ਕਾਂਗਰਸ ਪਾਰਲੀਮੈਂਟ ਮੈਂਬਰ ਅਨੂ ਟੰਡਨ ਨੂੰ ਦੋ ਸਾਲ ਦੀ ਕੈਦ

* ਅੰਬਾਨੀਆਂ ਦਾ ਨੇੜੂ ਰਹਿ ਚੁੱਕਾ ਸੀ ਅਨੂੰ ਟੰਡਨ ਦਾ ਪਰਵਾਰ

ਨਵੀਂ ਦਿੱਲੀ, 18 ਮਾਰਚ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਸਾਬਕਾ ਪਾਰਲੀਮੈਂਟ ਮੈਂਬਰ ਅਨੂ ਟੰਡਨ ਨੂੰ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਇਹ ਸਜ਼ਾ ਧਰਨਾ-ਪ੍ਰਦਰਸ਼ਨ ਕਰਨ ਵੇਲੇ ਟਰੇਨ ਰੋਕਣ ਕਾਰਨ ਹੋਈ ਹੈ। ਓਦੋਂ ਦੇ ਉੱਤਰ ਪ੍ਰਦੇਸ਼ ਦੇ ਜ਼ਿਲਾ ਉਨਾਵ ਦੇ ਕਾਂਗਰਸ ਪ੍ਰਧਾਨ ਸੂਰਿਆ ਨਾਰਾਇਣ ਯਾਦਵ, ਸਿਟੀ ਪ੍ਰਧਾਨ ਅਮਿਤ ਸ਼ੁਕਲਾ, ਯੂਥ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਅੰਕਿਤ ਤਿਆਗਣਾ ਨੂੰ ਵੀ ਦੋਸ਼ੀ ਕਰਾਰ ਦੇ ਕੇ ਦੋ-ਦੋ ਸਾਲ ਦੀ ਸਜ਼ਾ ਸੁਣਾਈ ਗਈ ਹੈ। ਕੋਰਟ ਨੇ ਇਨ੍ਹਾਂ ਸਾਰਿਆਂ ਉੱਤੇ 25-25 ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਹੈ। ਐੱਮ ਪੀ, ਐੱਮ ਐੱਲ ਏ ਕੋਰਟ ਦੇ ਜੱਜ ਪਵਨ ਰਾਏ ਨੇ ਇਨ੍ਹਾਂ ਸਾਰੇ ਦੋਸ਼ੀਆਂ ਨੂੰ ਇਹ ਸਜ਼ਾ ਸੁਣਾਈ ਹੈ।

ਵਰਨਣ ਯੋਗ ਹੈ ਕਿ 12 ਜੂਨ 2017 ਨੂੰ ਰੇਲਵੇ ਪ੍ਰੋਟੈਕਸ਼ਨ ਫੋਰਸ (ਆਰ ਪੀ ਐੱਫ) ਨੇ ਸ਼ਿਕਾਇਤਕੀਤੀ ਸੀ ਕਿ ਇਹ ਸਾਰੇ ਪ੍ਰਦਰਸ਼ਨਕਾਰੀ ਉਨਾਵ ਸਟੇਸ਼ਨ ਦੇ ਪੂਰਬੀ ਕੰਢੇ ਉੱਤੇ ਟ੍ਰੇਨ ਦੇ ਇੰਜਣ ਉੱਤੇ ਜਾ ਚੜ੍ਹੇ ਸਨ, ਜਿਸ ਕਾਰਨ ਟਰੇਨ 12 ਮਿੰਟ ਲੇਟ ਹੋ ਗਈ ਸੀ। ਇਨ੍ਹਾਂ ਸਾਰੇ ਪ੍ਰਦਰਸ਼ਕਾਰੀਆਂ ਦੀ ਅਗਵਾਈ ਅਨੂ ਟੰਡਨ ਕਰ ਰਹੀ ਸੀ।



ਬਾਅਦ ਵਿੱਚ ਇਹ ਕੇਸ 2018 ਵਿੱਚ ਕੋਰਟ ਵਿੱਚਪੇਸ਼ ਹੋਇਆ ਅਤੇ ਸੁਣਵਾਈ ਤੋਂ ਬਾਅਦ ਆਰ ਪੀ ਐੱਫ ਦੇ ਸਬ-ਇੰਸਪੈਕਟਰ ਮਿਥਿਲੇਸ਼ ਕੁਮਾਰ ਯਾਦਵ ਨੇ ਇਨ੍ਹਾਂ ਦੋਸ਼ੀਆਂ ਦੇ ਖਿਲਾਫ ਰੇਲਵੇ ਐਕਟ ਹੇਠ ਦੋਸ਼ ਪੱਤਰ ਪੇਸ਼ ਕੀਤਾ ਸੀ, ਜਿਸ ਪਿੱਛੋਂ ਅਗਸਤ 2018 ਵਿੱਚ ਕੋਰਟ ਨੇ ਦੋਸ਼ ਪੱਤਰਦਾ ਨੋਟਿਸ ਲੈਂਦੇ ਹੋਏ ਕੇਸ ਦੀ ਸੁਣਵਾਈ ਸ਼ੁਰੂ ਕੀਤੀ ਸੀ।ਅਨੂ ਟੰਡਨ ਨੇ ਪਿੱਛੇ ਜਿਹੇ ਕਾਂਗਰਸ ਪਾਰਟੀ ਦੀ ਮੁੱਢਲੀ ਮੈਂਬਰੀ ਛੱਡਦਿੱਤੀ ਤੇ ਸਮਾਜਵਾਦੀ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਦੀ ਹਾਜ਼ਰੀ ਵਿੱਚਸਮਾਜਵਾਦੀ ਪਾਰਟੀ ਵਿੱਚ ਸ਼ਾਮਲ ਹੋ ਗਈ ਸੀ।

ਵਰਨਣ ਯੋਗ ਹੈ ਕਿ ਅਨੂੰ ਟੰਡਨ ਦਾ ਪਤੀ ਕਿਸੇ ਸਮੇਂ ਤਾਕਤਵਰ ਅੰਬਾਨੀ ਘਰਾਣੇ ਦਾ ਨੇੜੂ ਰਹਿ ਚੁੱਕਾ ਸੀ ਅਤੇ ਉਹ ਇੱਕ ਵੱਡੇ ਸਕੈਂਡਲ ਨੂੰ ਫੜਨ ਮਗਰੋਂ ਟੈਕਸੇਸ਼ਨ ਵਿਭਾਗ ਵਿੱਚ ਨੌਕਰੀ ਛੱਡ ਕੇ ਅੰਬਾਨੀ ਘਰਾਣੇ ਦੇ ਰਿਲਾਇੰਸ ਦਾ ਕਾਰੋਬਾਰ ਸੰਭਾਲਣ ਵਿੱਚ ਮਦਦ ਕਰਨ ਲੱਗ ਪਿਆ ਸੀ।

## ਪਾਕਿ ਫੌਜ ਦੇ ਮੁਖੀ ਬਾਜਵਾ ਨੇ ਕਿਹਾ, ਭਾਰਤ-ਪਾਕਿ ਪਿਛਲੀਆਂ ਯਾਦਾਂ ਭੁਲਾ ਕੇ ਸੰਬੰਧ ਸੁਧਾਰਨ ਲਈ ਅੱਗੇ ਵਧਣ

ਇਸਲਾਮਾਬਾਦ, 18 ਮਾਰਚ, (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਅੱਤਵਾਦਦੀ ਸਰਪ੍ਰਸਤੀ ਦੇ ਦੋਸ਼ਾਂ ਵਿੱਚ ਘਿਰੇ ਹੋਏਤੇ ਆਰਥਿਕ ਤੰਗੀ ਨਾਲ ਜੂਝ ਰਹੀ ਪਾਕਿਸਤਾਨ ਦੀ ਸਰਕਾਰ ਤੇ ਫੌਜ ਦੀ ਬੋਲੀ ਬਦਲਦੀ ਜਾਪਣ ਲੱਗ ਪਈ ਹੈ।ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਬਾਅਦ ਇਸ ਦੇਸ਼ ਦੀ ਫ਼ੌਜ ਨੇ ਵੀ ਸ਼ਾਂਤੀ ਦਾ ਰਾਗ ਅਲਾਪਿਆ ਹੈ।



ਅੱਜ ਵੀਰਵਾਰ ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕਿਹਾ ਕਿਭਾਰਤ ਤੇ ਪਾਕਿਸਤਾਨਨੂੰ ਪਿਛਲਾ ਸਮਾਂ ਭੁਲਾ ਕੇ ਅੱਗੇ ਵਧਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਸ਼ਾਂਤੀ ਹੋਣ ਨਾਲ ਇਸ ਖੇਤਰ ਵਿੱਚਖੁਸ਼ਹਾਲੀ ਆਏਗੀ ਅਤੇ ਭਾਰਤ ਲਈ ਮੱਧ ਏਸ਼ੀਆ ਤਕ ਪਹੁੰਚਣਾ ਆਸਾਨ ਹੋ ਜਾਵੇਗਾ।

ਵਰਨਣ ਯੋਗ ਹੈ ਕਿ ਹਾਲੇ ਇੱਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੀ ਭਾਰਤ ਨਾਲ ਰਿਸ਼ਤੇ ਸੁਧਾਰਨ ਦੀ ਪਹਿਲ ਕਰ ਚੁੱਕੇ ਹਨ ਅਤੇ ਉਨ੍ਹਾਂ ਨੇ ਵੀ ਲਗਭਗ ਏਸੇ ਤਰ੍ਹਾਂ ਦੀਆਂ ਗੱਲਾਂ ਕਹੀਆਂ ਸਨ। ਸਭ ਨੂੰ ਇਸ ਗੱਲ ਦਾ ਪਤਾ ਹੈ ਕਿ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫਏਟੀ ਐੱਫ) ਦੀ ਨਿਗਰਾਨੀ ਸੂਚੀ (ਗ੍ਰੇਅਲਿਸਟ) ਤੋਂ ਨਿਕਲਣ ਦੇ ਲਈ ਪਾਕਿਸਤਾਨ ਹਰ ਹਰਬਾ ਵਰਤ ਰਿਹਾ ਹੈ। ਇਸ ਦੇਸ਼ ਨੂੰ ਅੱਤਵਾਦੀ ਗਰੁੱਪਾਂ ਦੀ ਫੰਡਿੰਗ ਕਰਨ ਦੇ ਦੋਸ਼ ਵਿੱਚ ਇਸ ਸੂਚੀ ਵਿਚ ਪਾਇਆ ਗਿਆ ਸੀ ਅਤੇ ਇਸ ਨੂੰ ਅੱਗੇ ਵਧਾ ਕੇ ਬਲੈਕ-ਲਿਸਟ ਵਿੱਚ ਪਾਇਆ ਜਾ ਸਕਦਾ ਹੈ। ਅੱਜ ਵੀਰਵਾਰ ਨੂੰ ਏਥੇ ਪਾਕਿਸਤਾਨ ਦੀ ਫ਼ੌਜ ਦੇ ਮੁਖੀ ਜਨਰਲ ਬਾਜਵਾ ਨੇ ਇਕ ਪ੍ਰੋਗਰਾਮ ਵਿੱਚ ਕਿਹਾ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਸਮਾਂ ਪਿਛਲੇ ਸਮੇਂ ਦੀਆਂ ਯਾਦਾਂ ਨੂੰ ਦਫਨ ਕਰ ਕੇ ਅੱਗੇ ਵਧਣ ਦਾ ਹੈ। ਇਸ ਦੌਰਾਨ ਉਨ੍ਹਾਂ ਨੇ ਕਸ਼ਮੀਰ ਦਾ ਰਾਗ ਅਲਾਪਦੇ ਹੋਏ ਕਿਹਾ ਕਿ ਅਰਥ ਭਰਪੂਰ ਗੱਲਬਾਤ ਲਈ ਮਾਹੌਲ ਬਣਾਉਣਾ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਉਸ ਨੂੰ ਕਸ਼ਮੀਰ ਵਿੱਚਏਦਾਂ ਦਾ ਮਾਹੌਲ ਬਣਾਉਣਾ ਪਵੇਗਾ।

ਇਸ ਤੋਂ ਇੱਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਇਹੋ ਕਿਹਾ ਸੀ ਕਿ ਭਾਰਤ-ਪਾਕਿਸਤਾਨ ਵਿਚਾਲੇ ਅਮਨ ਕਾਇਮ ਹੁੰਦਾ ਹੈ ਤਾਂ ਇਸ ਦੇ ਨਾਲ ਭਾਰਤ ਨੂੰ ਸਾਧਨਾਂ ਤੋਂ ਭਰਪੂਰ ਮੱਧ ਏਸ਼ੀਆ ਤੱਕ ਸਿੱਧੇ ਪੁੱਜਣ ਵਿਚ ਮਦਦ ਮਿਲੇਗੀ। ਉਨ੍ਹਾ ਨੇ ਪਿਛਲੇ ਮਹੀਨੇ ਵੀ ਦੋਸਤੀ ਦਾ ਹੱਥ ਵਧਾਇਆ ਤੇ 25 ਫਰਵਰੀ ਨੂੰ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਾਲੇ ਜੰਗਬੰਦੀ ਦੇ ਸਾਂਝੇ ਐਲਾਨ ਦਾ ਸਵਾਗਤ ਕਰਦੇ ਹੋਏ ਆਖਿਆ ਸੀ ਕਿ ਉਨ੍ਹਾਂ ਦਾ ਦੇਸ਼ ਭਾਰਤ ਨਾਲ ਸਾਰੇ ਲਟਕਦੇ ਮੁੱਦੇ ਗੱਲਬਾਤ ਵਾਰਤਾ ਰਾਹੀਂ ਸੁਲਝਾਉਣ ਨੂੰ ਤਿਆਰ ਹੈ।

## ਟੀਵੀ ਸੀਰੀਅਲ 'ਰਮਾਇਣ' ਦਾ ਰਾਮ ਭਾਜਪਾ ਵਿੱਚ ਸ਼ਾਮਲ

* ਪੱਛਮੀ ਬੰਗਾਲ ਚੋਣਾਂ ਵਿੱਚ ਭਾਜਪਾ ਲਈ ਪ੍ਰਚਾਰ ਕਰੇਗਾ

ਕੋਲਕਾਤਾ, 18 ਮਾਰਚ, (ਪੋਸਟ ਬਿਊਰੋ)- ਤਿੰਨ ਦਹਾਕੇ ਪਹਿਲਾਂ ਚੱਲਦੇ ਰਹੇ ਪ੍ਰਸਿੱਧ ਟੈਲੀਵਿਜ਼ਨ ਸੀਰੀਅਲ ਰਾਮਾਇਣ ਵਿੱਚ ਭਗਵਾਨ ਰਾਮ ਦੀ ਭੂਮਿਕਾ ਨਿਭਾ ਚੁੱਕੇ ਅਰੁਣ ਗੋਵਿਲ ਨੇ ਆਪਣੀ ਤਾਜ਼ਾ ਰਾਜਨੀਤਕ ਖੇਡ ਸ਼ੁਰੂ ਕਰ ਦਿੱਤੀ ਹੈ ਅਤੇ ਉਹ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਿਆ ਹੈ। ਵਰਨਣ ਯੋਗ ਹੈ ਕਿ ਪੱਛਮੀ ਬੰਗਾਲ ਵਿੱਚਅਗਲੇ ਦਿਨਾਂ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਅਰੁਣ ਗੋਵਿਲ ਇਸ ਰਾਜਦੀਆਂ ਚੋਣਾਂ ਵਿੱਚ ਭਾਜਪਾ ਦੇ ਚੋਣ ਪ੍ਰਚਾਰ ਵਾਸਤੇ 100 ਦੇ ਕਰੀਬ ਮੀਟਿੰਗਾਂ ਕਰੇਗਾ। ਉਹ ਪਹਿਲਾਂ ਅਭਿਨੇਤਾ ਸੀ, ਫਿਰ ਕਾਂਗਰਸ ਲਈ ਕੰਮ ਕਰਦਾ ਰਿਹਾ ਅਤੇ ਇਸ ਵਾਰੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਿਆ ਹੈ। ਉਹ 80ਵਿਆਂ ਵਿੱਚ ਟੈਲੀਵਿਜ਼ਨ ਸੀਰੀਅਲ ਰਾਮਾਇਣ ਨਾਲ ਮਸ਼ਹੂਰ ਹੋਇਆ ਸੀ ਤੇ ਓਦੋਂ ਰਾਮਾਨੰਦ ਸਾਗਰ ਵੱਲੋਂਬਣਾਈ ਗਈ ਰਾਮ-ਾਇਣ ਦੀਆਂ ਯਾਦਾਂ ਅੱਜ ਤੱਕ ਲੋਕਾਂ ਦੇ ਮਨਾਂ ਵਿੱਚ ਹਨ। ਇਸ ਧਾਰਮਿਕ ਸੀਰੀਅਲ ਵਿੱਚ ਭਗਵਾਨ ਰਾਮ ਦਾ ਕਿਰਦਾਰ ਅਰੁਣ ਗੋਵਿਲ ਨੇ ਨਿਭਾਇਆ ਅਤੇ ਹਰ ਘਰ ਵਿੱਚ ਆਪਣੀ ਪਛਾਣ ਬਣਾਈ ਸੀ।

ਅਰੁਣ ਗੋਵਿਲ ਦਾ ਕਹਿਣਾ ਹੈ ਕਿ 'ਭਗਵਾਨ ਰਾਮ ਦੀ ਭੂਮਿਕਾ ਨਿਭਾਉਣ ਪਿੱਛੋਂ ਮੈਨੂੰ ਬਾਲੀਵੁੱਡ ਵਿੱਚ ਕੰਮ ਨਹੀਂ ਮਿਲਿਆ, ਇਸ ਦਾ ਅਫ਼ਸੋਸ ਹੈ, ਪਰਪਿੱਛੋਂ ਮੈਨੂੰ ਸਮਝ ਪਈ ਕਿ ਵਪਾਰਕ ਫਿਲਮਾਂ ਕਰਨ ਨਾਲ ਮੈਨੂੰ ਉਹ ਪ੍ਰਸਿੱਧੀ, ਪਿਆਰ ਅਤੇ ਪਛਾਣ ਨਹੀਂ ਸੀ ਮਿਲਣੀ, ਜੋ ਰਾਮਾਇਣ ਵਿੱਚ ਭਗਵਾਨ ਰਾਮ ਦੀ ਭੂਮਿਕਾ ਨਿਭਾਉਣ ਕਾਰਨ ਮਿਲੀ ਹੈ। ਰਮਾਇਣ ਨੇ ਮੈਨੂੰ ਜੋ ਦਿੱਤਾ ਹੈ, ਉਹ ਬਾਲੀਵੁੱਡ ਦੀਆਂ ਸੌ ਫਿਲਮਾਂ ਨਹੀਂ ਦੇ ਸਕਦੀਆਂ।'











# ਸੰਪਾਦਕੀ

## ਬਰੈਂਪਟਨ ਵਿੱਚ ਪੰਜਾਬੀ ਸਿੱਖ ਭਾਈਚਾਰੇ ਦੀ ਜੱਥੇਬੰਦਕ ਪਹੁੰਚ ਦੀ ਸਫ਼ਲਤਾ

ਆਖਦੇ ਹਨ ਕਿ ਬਾਰਾਂ ਸਾਲ ਬਾਅਦ ਰੂੜ੍ਹੀ ਦੀ ਵੀ ਸੁਣੀ ਜਾਂਦੀ ਹੈ। ਉਂਟੇਰੀਓ ਸਰਕਾਰ ਨੇ ਕੱਲ ਐਲਾਨ ਕੀਤਾ ਹੈ ਕਿ ਬਰੈਂਪਟਨ ਵਿੱਚ ਸਾਊਥ ਏਸ਼ੀਅਨ ਭਾਈਚਾਰੇ ਦੀਆਂ ਲੋੜਾਂ ਦੀ ਪੂਰਤੀ ਕਰਨ ਵਾਲੇ ਦੋ ਲੌਂਗ ਟਰਮ ਕੇਅਰ ਹੋਮ ਸਥਾਪਿਤ ਕਰਨ ਲਈ ਫੰਡ ਦਿੱਤੇ ਜਾਣਗੇ। ਇਹਨਾਂ ਵਿੱਚ ਇੱਕ 192 ਸਥਾਨਾਂ ਵਾਲਾ ਲੌਂਗ ਟਰਮ ਕੇਅਰ ਹੋਮ ਇੰਡਸ ਕਮਿਊਨਿਟੀ ਸਰਵਿਸਜ਼ ਵੱਲੋਂ ਉਸਾਰਿਆ ਜਾਵੇਗਾ ਜਦੋਂ ਕਿ ਦੂਜਾ ਗੁਰੂ ਨਾਨਕ ਲੌਂਗ ਟਰਮ ਕੇਅਰ ਸੈਂਟਰ ਹੋਵੇਗਾ ਜਿਸ ਵਿੱਚ ਸੇਵਾ ਸੰਭਾਲ ਲਈ 160 ਸਥਾਨ (ਬੈੱਡ) ਹੋਣਗੇ। ਵਰਨਣਯੋਗ ਹੈ ਕਿ ਸਮੁੱਚੇ ਉਂਟੇਰੀਓ ਭਰ ਵਿੱਚ 933 ਮਿਲੀਅਨ ਡਾਲਰ ਦੇ ਨਿਵੇਸ਼ ਨਾਲ 80 ਪ੍ਰੋਜੈਕਟ ਫੰਡ ਕੀਤੇ ਜਾਣਗੇ। ਨਵੇਂ ਫੰਡਾਂ ਨਾਲ ਕੁੱਲ 11,707 ਸੇਵਾ ਸੰਭਾਲ ਦੇ ਸਥਾਨ ਤਿਆਰ ਹੋਣਗੇ ਜਿਹਨਾਂ ਵਿੱਚੋਂ 7510 ਨਵੇਂ ਸਥਾਨ ਅਤੇ 4197 ਪੁਰਾਣੇ ਬੈੱਡਾਂ ਦਾ ਨਵੀਨੀਕਰਣ ਕੀਤਾ ਜਾਵੇਗਾ। 60 ਅਜਿਹੇ ਪ੍ਰੋਜੈਕਟ ਹਨ ਜਿਹਨਾਂ ਵਿੱਚ ਨਵੀਆਂ ਨਕੋਰ ਇਮਾਰਤਾਂ ਦੀ ਉਸਾਰੀ ਕੀਤੀ ਜਾਵੇਗੀ ਜਦੋਂ ਕਿ 35 ਵਿੱਚ ਪੁਰਾਣੀਆਂ ਇਮਾਰਤਾਂ ਨੂੰ ਮੁਰੰਮਤ ਤੋਂ ਬਾਅਦ ਨਵੇਂ ਸਾਜ਼ੋ ਸਮਾਨ ਨਾਲ ਲੈਸ ਕੀਤਾ ਜਾਵੇਗਾ।

ਇਹ ਲੰਬੇ ਸਮੇਂ ਤੋਂ ਬਾਅਦ ਸੰਭਵ ਹੋਇਆ ਹੈ ਕਿ ਬਰੈਂਪਟਨ ਵਿੱਚ ਬਣਨ ਵਾਲੇ ਦੋਵੇਂ ਪ੍ਰਾਜੈਕਟ ਸਾਊਥ ਏਸ਼ੀਅਨ ਭਾਈਚਾਰੇ ਖਾਸ ਕਰਕੇ ਸਿੱਖ ਭਾਈਚਾਰੇ ਦੀਆਂ ਵਿਸ਼ੇਸ਼ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਫੰਡ ਕੀਤੇ ਗਏ ਹਨ। ਬਰੈਂਪਟਨ ਦੀ ਸਿੱਖ ਕਮਿਊਨਿਟੀ ਨੇ ਅਜਿਹੀ ਸਹੂਲਤ ਦੀ ਮੰਗ ਦਹਾਕਿਆਂ ਪਹਿਲਾਂ ਬੌਬ ਰੇਅ ਦੀ ਸਰਕਾਰ ਵੇਲੇ ਉਠਾਈ ਸੀ ਜਦੋਂ ਭਾਈਚਾਰੇ ਦੀ ਨਫ਼ਰੀ ਅੱਜ ਨਾਲੋਂ ਕਿਤੇ ਘੱਟ ਸੀ। ਕਮਿਊਨਿਟੀ ਦੀ ਇਹ ਮੰਗ ਬੌਬ ਰੇਅ ਵੇਲੇ ਤਾਂ ਪੂਰੀ ਨਾ ਹੋ ਸਕੀ ਪਰ ਲਟਕਦੀ ਮਟਕਦੀ ਮਾਈਕ ਹੈਰਿਸ ਦੀ ਵਜ਼ਾਰਤ ਦੇ ਦਰਵਾਜ਼ੇ ਜਰੂਰ ਜਾ ਪੁੱਜੀ ਸੀ। ਮਾਈਕ ਹੈਰਿਸ (ਸਰਕਾਰ ਦਾ ਸਮਾਂ 1995-2002) ਕੈਨ ਸਿੱਖ ਸਪੋਰਟਸ ਐਂਡ ਕਲਚਰਲ ਸੈਂਟਰ ਨੂੰ ਲੌਂਗ ਟਰਮ ਕੇਅਰ ਬਣਾਉਣ ਦੀ ਇਜਾਜ਼ਤ ਦੇ ਹੁਕਮਾਂ ਉੱਤੇ ਦਸਤਖਤ ਕਰਨ ਹੀ ਵਾਲਾ ਸੀ ਕਿ ਭਾਈਚਾਰੇ ਵਿੱਚੋਂ ਹੀ ਇੱਕ ਹੋਰ ਗਰੁੱਪ ਦੀ ਭਾਨੀ ਕਾਰਣ ਸਾਰਾ ਕੁੱਝ ਧਰਿਆ ਧਰਾਇਆ ਰਹਿ ਗਿਆ ਸੀ। ਉਸਤੋਂ ਬਾਅਦ ਡਾਲਟਨ ਮਗਿੰਟੀ ਅਤੇ ਕੈਥਲਿਨ ਵਿੰਨ ਦੇ ਲੰਬੇ ਕਾਰਜਕਾਲ ਵਿੱਚ ਚੇਤੇ ਰੱਖਣ ਯੋਗ ਇੱਕ ਹੀ ਗੱਲ ਰਹੀ ਕਿ ਬਰੈਂਪਟਨ ਨੂੰ ਵਾਅਦਿਆਂ ਦੇ ਬਾਵਜੂਦ ਬਣਦਾ ਫੇਅਰ ਸ਼ੇਅਰ (Fair Share) ਦੇਣ ਤੋਂ ਅੱਖੋਂ ਪਰੋਖੇ ਰੱਖਿਆ ਜਾਂਦਾ ਹੈ। ਇਸ ਪਰਿਪੇਖ ਵਿੱਚ ਕੱਲ ਐਲਾਨੇ ਗਏ ਦੋ ਲੌਂਗ ਟਰਮ ਕੇਅਰ ਸੈਂਟਰ ਉਂਟੇਰੀਓ ਸਰਕਾਰ ਦਾ ਸੁਆਗਤਯੋਗ ਕਦਮ ਹੈ।

ਬਰੈਂਪਟਨ ਵਿੱਚ ਵਰਤਮਾਨ ਵਿੱਚ 8 ਲੌਂਗ ਟਰਮ ਕੇਅਰ ਹੋਮ ਹਨ ਜਿਹਨਾਂ ਵਿੱਚ ਸੇਵਾਵਾਂ ਅਤੇ ਸਹੂਲਤਾਂ ਅਜਿਹੀਆਂ ਹਨ ਜਿਹੜੀਆਂ ਸਾਊਥ ਏਸ਼ੀਅਨ ਖਾਸ ਕਰਕੇ ਸਿੱਖ ਭਾਈਚਾਰੇ ਦੀਆਂ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਲੋੜਾਂ ਨੂੰ ਪੂਰਾ ਨਹੀਂ ਕਰਦੀਆਂ। ਬਰੈਂਪਟਨ ਵਿੱਚ ਜਿਉਂ ਜਿਉਂ ਸਾਊਥ ਏਸ਼ੀਅਨ ਸੀਨੀਅਰਾਂ ਦੀ ਨਫ਼ਰੀ ਵਿੱਚ ਇਜ਼ਾਫਾ ਹੁੰਦਾ ਗਿਆ, ਤਿਉਂ ਤਿਉਂ ਇਸ ਲੋੜ ਨੂੰ ਹੋਰ ਗੰਭੀਰਤਾ ਨਾਲ ਮਹਿਸੂਸ ਕੀਤਾ ਜਾਣ ਲੱਗਾ। ਰਾਜਨੀਤਕ ਉਦਾਸੀਨਤਾ ਅਤੇ ਕਮਿਊਨਿਟੀ ਵਿੱਚ ਰਿਵਾਇਤੀ ਲੀਡਰਸ਼ਿੱਪ ਵੱਲੋਂ ਸੰਯੁਕਤ ਢੰਗ ਨਾਲ ਜੱਥੇਬੰਦਕ ਪਹੁੰਚ ਅਪਨਾਉਣ ਦੀ ਗੈਰਹਾਜ਼ਰੀ ਨੇ ਇਸ ਸੁਫ਼ਨੇ ਦੇ ਸਫ਼ਲ ਹੋਣ ਵਿੱਚ ਬਹੁਤ ਅੱੜਿਕੇ ਪਾਏ। ਇਸ ਪੱਖੋਂ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ (ਗਲਿਡਨ ਅਤੇ ਰੀਗਨ ਰੋਡ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਸੰਸਥਾ) ਦੀ ਸ਼ਲਾਘਾ ਕਰਨੀ ਬਣਦੀ ਹੈ ਕਿ ਉਹਨਾਂ ਨੇ 2 ਏਕੜ ਜ਼ਮੀਨ (ਫਰਨ ਫਾਰੈਸਟ ਅਤੇ ਸੈਂਡਲਵੁੱਡ) ਮੁਹਈਆ ਕਰਵਾਉਣ ਦੇ ਨਾਲ ਨਾਲ ਇਸ ਪ੍ਰੋਜੈਕਟ ਦੀ ਅਗਵਾਈ ਨੌਜਵਾਨ ਪੀੜ੍ਹੀ ਦੇ ਹੱਥਾਂ ਵਿੱਚ ਦੇ ਦਿੱਤੀ। ਅਜਿਹੇ ਵੱਡੇ ਪ੍ਰੋਜੈਕਟਾਂ ਨੂੰ ਹੋਂਦ ਵਿੱਚ ਲਿਆਉਣ ਲਈ ਸਰਕਾਰ ਨਾਲ ਗੱਲਬਾਤ ਕਰਨੀ, ਪ੍ਰਾਜੈਕਟ ਪ੍ਰੋਪੋਜ਼ਲ ਲਿਖਣੀ ਅਤੇ ਐਡਵੋਕੇਸੀ ਕਰਨੀ ਪ੍ਰਮੁੱਖ ਕੰਮ ਹੁੰਦੇ ਹਨ ਜਿਸ ਵਾਸਤੇ ਪੜ੍ਹੀ ਲਿਖੀ, ਦੂਰਅੰਦੇਸ਼ੀ ਅਤੇ ਹਿੰਮਤ ਵਾਲੀ ਲੀਡਰਸ਼ਿੱਪ ਲੋੜੀਂਦੀ ਹੁੰਦੀ ਹੈ। ਆਖਣਾ ਬਣਦਾ ਹੈ ਕਿ ਗੁਰੂ ਨਾਨਕ ਸਿੱਖ ਸੈਂਟਰ ਦੀ ਨੌਜਵਾਨ ਲੀਡਰਸ਼ਿੱਪ ਨੇ ਹਰ ਪੱਖ ਤੋਂ ਲਾਮਿਸਾਲ ਕੰਮ ਕਰਕੇ ਸਫ਼ਲਤਾ ਹਾਸਲ ਕੀਤੀ ਹੈ। ਜਿੱਥੇ ਤੱਕ ਇੰਡਸ ਕਮਿਊਨਿਟੀ ਦਾ ਸੁਆਲ ਹੈ, ਉਹਨਾਂ ਕੋਲ ਵੱਡੇ ਪ੍ਰੋਜੈਕਟ ਹੋਂਦ ਵਿੱਚ ਲਿਆਉਣ ਦੀ ਲੰਬਾ ਅਨੁਭਵ ਹੈ ਅਤੇ ਉਹ ਆਪਣੇ ਸੁਫ਼ਨੇ ਨੂੰ ਅਮਲ ਵਿੱਚ ਲਿਆਉਣ ਲਈ ਵਧਾਈ ਦੇ ਪਾਤਰ ਹਨ। ਸਿਆਸੀ ਪੱਧਰ ਉੱਤੇ ਪ੍ਰਭਮੀਤ ਸਰਕਾਰੀਆ, ਅਮਨਜੋਤ ਸੰਧੂ, ਹਰਕੀਰਤ ਸਿੰਘ, ਹਰਿੰਦਰ ਕੌਰ ਮੱਲ੍ਹੀ (ਸਾਬਕਾ ਮੰਤਰੀ) ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

ਸੁਆਲ ਉੱਠਦਾ ਹੈ ਕਿ ਲੌਂਗ ਟਰਮ ਕੇਅਰ ਹੋਮਾਂ ਵਿੱਚ ਕਿਹੋ ਜਿਹੇ ਸੀਨੀਅਰਾਂ ਦੀ ਸੇਵਾ ਕੀਤੀ ਜਾਂਦੀ ਹੈ? ਉਂਟੇਰੀਓ ਲੌਂਗ ਟਰਮ ਕੇਅਰ ਹੋਮ ਐਸੋਸੀਏਸ਼ਨ ਅਨੁਸਾਰ ਉਂਟੇਰੀਓ ਦੇ ਲੌਂਗ ਟਰਮ ਹੋਮਾਂ ਵਿੱਚ ਦਾਖ਼ਲ ਹੋਣ ਵਾਲੇ 90% ਸੀਨੀਅਰਾਂ ਨੂੰ ਯਾਦਸ਼ਕਤੀ ਦੀ ਸਮੱਸਿਆ ਹੁੰਦੀ ਹੈ, 86% ਸੀਨੀਅਰ ਨੂੰ ਬੈਡ ਤੋਂ ਨਿਕਲਣ, ਭੋਜਨ ਖਾਣ ਜਾਂ ਗੁਸਲਖਾਨੇ ਜਾਣ ਦੀ ਗੰਭੀਰ ਮੁਸ਼ਕਲ ਹੁੰਦੀ ਹੈ, 76% ਨੂੰ ਦਿਲ ਦੀ ਬਿਮਾਰੀ ਹੁੰਦੀ ਹੈ ਅਤੇ 64% ਡਿਮੈਂਸ਼ੀਆ (dementia) ਤੋਂ ਪੀੜਤ ਹੁੰਦੇ ਹਨ। ਡਿਮੈਂਸ਼ੀਆ ਇੱਕ ਅਜਿਹੀ ਨਾਮੁਰਾਦ ਬਿਮਾਰੀ ਹੈ ਜਿਸ ਵਿੱਚ ਯਾਦਸ਼ਕਤੀ ਦੇ ਖਰਾਬ ਹੋਣ ਨਾਲ ਮਨੁੱਖ ਵਿੱਚ ਆਪਣੀਆਂ ਭਾਵਨਾਵਾਂ ਉੱਤੇ ਕਾਬੂ ਰੱਖਣ ਦੀ ਕਾਬਲੀਅਤ ਖਤਮ ਹੋ ਜਾਂਦੀ ਹੈ। ਸੀਨੀਅਰਾਂ ਨੂੰ ਦਰਪੇਸ਼ ਹੋਣ ਵਾਲੀਆਂ ਅਜਿਹੀਆਂ ਔਕੜਾਂ ਦੇ ਸਨਮੁਖ ਸਮਝਿਆ ਜਾ ਸਕਦਾ ਹੈ ਕਿ ਨਵੇਂ ਬਣਨ ਵਾਲੇ ਦੋ ਲੌਂਗ ਟਰਮ ਕੇਅਰ ਹੋਮਾਂ ਦੇ ਕਮਿਊਨਿਟੀ ਲਈ ਕੀ ਮਾਅਨੇ ਹਨ।

# ਬਰੈਂਪਟਨ ਵਿਚ ਕਾਇਮ ਕੀਤੇ ਜਾਣਗੇ ਦੋ ਨਵੇਂ ਲਾਂਗ ਟਰਮ ਕੇਅਰ ਸੈਂਟਰ

...ਪੰਨਾ 1 ਦਾ ਬਾਕੀ

ਇਸ ਦੌਰਾਨ ਇੰਡਸ ਕਮਿਊਨਿਟੀ ਸੈਂਟਰ ਤੋਂ ਗੁਰਪ੍ਰੀਤ ਮਲਹੋਤਰਾ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਪਿਛਲੇ ਪੰਜ ਸਾਲ ਤੋਂ ਅਜਿਹਾ ਲਾਂਗ ਟਰਮ ਕੇਅਰ ਸੈਂਟਰ ਕਾਇਮ ਕਰਨ ਲਈ ਜੱਦੋਜਹਿਦ ਕਰ ਰਹੇ ਸਨ ਤੇ ਪੰਜ ਸਾਲ ਦੀ ਮਿਹਨਤ ਤੋਂ ਬਾਅਦ ਇਸ ਸਰਕਾਰ ਨੇ ਸਾਡੀ ਮਦਦ ਕੀਤੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਇਹ ਲਾਂਗ ਟਰਮ ਕੇਅਰ ਸੈਂਟਰ ਬਰੈਂਪਟਨ ਵਿੱਚ ਸਥਾਪਤ ਕਰਾਂਗੇ ਜਿਸ ਲਈ ਸਾਡੇ ਵੱਲੋਂ ਲੋਕੇਸ਼ਨ ਦਾ ਐਲਾਨ ਅਜੇ ਕੀਤਾ ਜਾਣਾ ਹੈ। ਚੇਤੇ ਰਹੇ ਕਿ ਇਨ੍ਹਾਂ ਲਾਂਗ ਟਰਮ ਕੇਅਰ ਵਿੱਚ ਜ਼ਮੀਨ ਵੀ ਸੰਸਥਾ ਵੱਲੋਂ ਦਿੱਤੀ ਜਾਵੇਗੀ ਤੇ ਇਮਾਰਤ ਤਿਆਰ ਕਰਨ ਦਾ ਖਰਚਾ ਵੀ ਸੰਸਥਾ ਦਾ ਹੋਵੇਗਾ। ਇਨ੍ਹਾਂ ਲਾਂਗ ਟਰਮ ਕੇਅਰ ਹੋਮਜ਼ ਨੂੰ ਚਲਾਉਣ ਉੱਤੇ ਜਿਹੜਾ ਖਰਚਾ ਹੋਵੇਗਾ ਉਸ ਵਿੱਚ ਸਰਕਾਰ ਭਾਗੀਦਾਰ ਹੋਵੇਗੀ। ਮਲਹੋਤਰਾਂ ਨੇ ਆਖਿਆ ਕਿ ਸਾਡੇ ਲਈ ਇਹ ਵੱਡਾ ਪ੍ਰੋਜੈਕਟ ਹੈ ਤੇ ਇਸ ਲਈ ਅਸੀਂ ਫੰਡ ਰੇਜ਼ਿੰਗ ਮੁਹਿੰਮ ਦੀ ਸ਼ੁਰੂਆਤ ਕਰਨ ਜਾ ਰਹੇ ਹਾਂ।

ਦੂਜੇ ਪਾਸੇ ਗੁਰੂ ਨਾਨਕ ਲਾਂਗ ਟਰਮ ਕੇਅਰ ਸੈਂਟਰ ਲਈ ਫਨ ਫਾਸਟ ਤੇ ਸੈਂਡਲਵੁੱਡ ਇਲਾਕੇ ਵਿੱਚ ਪਈ ਦੋ ਏਕੜ ਜ਼ਮੀਨ ਪਹਿਲਾਂ ਹੀ ਸਿੱਖ ਸੰਗਤ ਗੁਰਦੁਆਰਾ ਸਾਹਿਬ ਤੇ ਗੁਰੂ ਨਾਨਕ ਸੈਂਟਰ ਗਲਿਡਨ ਰੋਡ ਗੁਰਦੁਆਰਾ ਸਾਹਿਬ ਵੱਲੋ ਲਈ ਗਈ ਹੈ ਤੇ ਇਨ੍ਹਾਂ ਦੋਵਾਂ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਨੌਜਵਾਨਾਂ ਦੀ ਇੱਕ ਸਾਂਝੀ ਕਮੇਟੀ ਸਥਾਪਿਤ ਕੀਤੀ ਗਈ ਸੀ, ਜਿਸ ਦੀ ਅਗਵਾਈ ਹਰਕੀਰਤ ਸਿੰਘ ਸਿਟੀ ਕਾਉਂਸਲਰ ਵੱਲੋਂ ਕੀਤੀ ਗਈ ਅਤੇ ਇਸ ਵਿੱਚ ਵੱਖ ਵੱਖ ਪ੍ਰਫੈਸ਼ਨਲ ਲੜਕੇ ਲੜਕੀਆਂ ਵੱਲੋਂ ਆਪਣਾ ਯੋਗਦਾਨ ਪਾਇਆ ਗਿਆ।

ਕੱਲ੍ਹ ਹਰਕੀਰਤ ਸਿੰਘ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਕਮਿਊਨਿਟੀ ਲਈ ਮਾਣ ਵਾਲੀ ਗੱਲ ਹੈ ਤੇ ਪ੍ਰੋਫੈਸ਼ਨਲ ਲੜਕੇ ਲੜਕੀਆਂ ਵੱਲੋਂ ਸਾਡੇ ਨਾਲ ਰਲ ਕੇ ਇਸ ਮਕਸਦ ਲਈ ਕੰਮ ਵੀ ਕੀਤਾ ਗਿਆ ਤੇ ਟੀਮ ਵੀ ਸਥਾਪਤ ਕੀਤੀ ਗਈ ਉਨ੍ਹਾਂ ਵਿੱਚ ਇਸ ਸਮੇਂ ਖੁਸ਼ੀ ਦੀ ਲਹਿਰ ਹੈ ਤੇ ਉਹ ਰਲ ਕੇ ਕੰਮ ਕਰਨ ਲਈ ਤਿਆਰ ਹਨ। ਆਉਣ ਵਾਲੇ ਸਮੇਂ ਵਿੱਚ ਇਹ ਬਿਲਡਿੰਗ ਕਿਹੋ ਜਿਹੀ ਹੋਵੇਗੀ ਇਸ ਦਾ ਖਾਕਾ ਤਿਆਰ ਕਰਕੇ ਕਮਿਊਨਿਟੀ ਸਾਹਮਣੇ ਰੱਖ ਦਿੱਤਾ ਜਾਵੇਗਾ।

ਇਸ ਦੌਰਾਨ ਐਮਪੀ ਰੂਬੀ ਸਹੋਤਾ ਤੇ ਸਾਬਕਾ ਮੰਤਰੀ ਹਰਿੰਦਰ ਮੱਲ੍ਹੀ ਨੂੰ ਵੀ ਮੁਬਾਰਕਬਾਦ ਦੇਣੀ ਬਣਦੀ ਹੈ ਕਿ ਇਨ੍ਹਾਂ ਦੋਵਾਂ ਪ੍ਰੋਜੈਕਟਾਂ ਲਈ ਇਨ੍ਹਾਂ ਦੋਵਾਂ ਆਗੂਆਂ ਨੇ ਵੀ ਬਹੁਤ ਸਹਿਯੋਗ ਦਿੱਤਾ। ਵੱਖ ਵੱਖ ਗੁਰਦੁਆਰਾ ਸਾਹਿਬਾਨ ਤੇ ਸੰਸਥਾਵਾਂ ਨੇ ਵੀ ਇਸ ਟੀਚੇ ਦੀ ਪ੍ਰਾਪਤ ਲਈ ਆਪਣਾ ਯੋਗਦਾਨ ਪਾਇਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਓਨਟਾਰੀਓ ਦੇ ਉੱਘੇ ਡਾਕਟਰ ਨੇ ਵੀ ਕੋਵਿਡ-19 ਦੀ ਤੀਜੀ ਵੇਵ ਸ਼ੁਰੂ ਹੋਣ ਦੀ ਕੀਤੀ ਪੁਸ਼ਟੀ

...ਪੰਨਾ 1 ਦਾ ਬਾਕੀ

ਓਨਟਾਰੀਓ ਹਾਸਪਿਟਲ ਐਸੋਸਿਏਸ਼ਨ (ਓਐਚਏ) ਨੇ ਤੀਜੀ ਵੇਵ ਬਾਰੇ ਸੱਭ ਤੋਂ ਪਹਿਲਾਂ ਐਲਾਨ ਸੋਮਵਾਰ ਨੂੰ ਕੀਤਾ ਸੀ। ਉਸ ਸਮੇਂ ਵਿਲੀਅਮਜ਼ ਨੇ ਆਖਿਆ ਸੀ ਕਿ ਪ੍ਰੋਵਿੰਸ ਵਿੱਚ ਅਜੇ ਤੀਜੀ ਵੇਵ ਦੀ ਸ਼ੁਰੂਆਤ ਦਾ ਮੁੱਢ ਹੀ ਬੱਝਿਆ ਹੈ। ਪਰ ਉਨ੍ਹਾਂ ਉਸ ਸਮੇਂ ਇਸ ਬਾਰੇ ਕੋਈ ਰਸਮੀ ਐਲਾਨ ਨਹੀਂ ਸੀ ਕੀਤਾ।

ਇੱਕ ਦਿਨ ਬਾਅਦ ਓਨਟਾਰੀਓ ਦੇ ਕੋਵਿਡ-19 ਸਾਇੰਸ ਐਡਵਾਈਜ਼ਰੀ ਟੇਬਲ, ਜੋ ਕਿ ਓਐਚਏ ਨਾਲ ਜੁੜਿਆ ਹੋਇਆ ਹੈ, ਨੇ ਵੀ ਇਹੋ ਆਖਿਆ ਸੀ ਕਿ ਪ੍ਰੋਵਿੰਸ ਦੇ ਕਈ ਹਿੱਸਿਆਂ ਵਿੱਚ ਕੋਵਿਡ-19 ਦੇ ਨਵੇਂ ਮਾਮਲੇ ਤੇਜੀ ਨਾਲ ਵੱਧ ਰਹੇ ਹਨ। ਇਸ ਤੋਂ ਬਾਅਦ ਪ੍ਰੀਮੀਅਰ ਡੱਗ ਫੋਰਡ ਨੇ ਵੀ ਸਥਾਨਕ ਵਾਸੀਆਂ ਨੂੰ ਸਾਵਧਾਨੀ ਤੋਂ ਕੰਮ ਲੈਣ ਦੀ ਸਲਾਹ ਦਿੱਤੀ ਸੀ। ਪਰ ਉਨ੍ਹਾਂ ਹੋਰ ਪਾਬੰਦੀਆਂ ਦਾ ਜ਼ਿਕਰ ਨਹੀਂ ਕੀਤਾ। ਕੋਵਿਡ-19 ਦੇ ਨਵੇਂ ਵੇਰੀਐਂਟਸ ਕਾਰਨ ਵੀ ਸੱਭ ਦੀ ਚਿੰਤਾ ਵਧੀ ਹੋਈ ਹੈ।

# ਓਸ਼ਾਵਾ ਦੀ ਰਿਹਾਇਸ਼ੀ ਬਿਲਡਿੰਗ ਵਿੱਚ ਲੱਗੀ ਅੱਗ, ਕਈ ਲੋਕ ਹੋਏ ਬੇਘਰ



ਓਸ਼ਾਵਾ, 18 ਮਾਰਚ (ਪੋਸਟ ਬਿਊਰੋ) : ਓਸ਼ਾਵਾ ਦੀ ਇੱਕ ਰਿਹਾਇਸ਼ੀ ਬਿਲਡਿੰਗ ਵਿੱਚ ਰਾਤ ਸਮੇਂ ਲੱਗੀ ਅੱਗ ਮਗਰੋਂ ਕਈ ਲੋਕਾਂ ਨੂੰ ਬਾਹਰ ਕੱਢਿਆ ਗਿਆ। ਪਰ ਇਸ ਅੱਗ ਕਾਰਨ ਕਈ ਰੈਜ਼ੀਡੈਂਟਸ ਬੇਘਰ ਹੋ ਗਏ ਹਨ। ਇਹ ਜਾਣਕਾਰੀ ਲੋਕਲ ਫਾਇਰ ਅਮਲੇ ਵੱਲੋਂ ਦਿੱਤੀ ਗਈ।

ਓਸ਼ਾਵਾ ਫਾਇਰ ਸਰਵਿਸਿਜ਼ ਦਾ ਕਹਿਣਾ ਹੈ ਕਿ ਰਾਤੀਂ 1:00 ਵਜੇ ਉਨ੍ਹਾਂ ਨੂੰ ਵੈਂਟਵਰਥ ਸਟਰੀਟ ਵੈਸਟ ਦੇ ਉੱਤਰ ਵੱਲ 922 ਗਲੈਨ ਸਟਰੀਟ ਦੀ ਤਿੰਨ ਮੰਜ਼ਿਲਾ ਇਮਾਰਤ ਵਿੱਚ ਲੱਗੀ ਅੱਗ ਤੋਂ ਬਾਅਦ ਸੱਦਿਆ ਗਿਆ। ਇਹ ਅੱਗ ਦੂਜੀ ਮੰਜ਼ਿਲ ਦੇ ਇੱਕ ਫਲੈਟ ਤੋਂ ਸ਼ੁਰੂ ਹੋਈ ਤੇ 3:00 ਵਜੇ ਦੇ ਨੇੜੇ ਤੇੜੇ ਇਹ ਅੱਗ ਹੇਠਲੀ ਮੰਜ਼ਿਲ ਤੱਕ ਪਹੁੰਚ ਗਈ।

ਓਸ਼ਾਵਾ ਦੇ ਫਾਇਰ ਚੀਫ ਦਾ ਕਹਿਣਾ ਹੈ ਕਿ ਦੋ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ, ਇੱਕ ਨੂੰ ਧੂੰਆਂ ਚੜ੍ਹਨ ਕਾਰਨ ਤੇ ਦੂਜੇ ਨੂੰ ਵੱਖਰੇ ਮੈਡੀਕਲ ਕਾਰਨ ਕਰਕੇ ਲਿਜਾਇਆ ਗਿਆ। ਅੱਗ ਕਾਰਨ ਹੋਏ ਨੁਕਸਾਨ ਕਰਕੇ ਬਿਲਡਿੰਗ ਵਿੱਚ ਰਹਿਣ ਵਾਲੇ ਕੁੱਝ ਲੋਕਾਂ ਨੂੰ ਓਸ਼ਾਵਾ ਸਾਊਥ ਕਮਿਊਨਿਟੀ ਸੈਂਟਰ ਵੱਲੋਂ ਰਹਿਣ ਲਈ ਥਾਂ ਦਿੱਤੀ ਗਈ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਚੱਲ ਰਹੀ ਹੈ।

# ਮਾਤਾ ਮਹਿੰਦਰ ਕੌਰ ਮਾਮਲਾ: ਕੰਗਣਾ ਰਣੌਤ ਵਿਰੁੱਧ ਸ਼ਿਕਾਇਤ ਉੱਤੇ ਅੰਮ੍ਰਿਤਸਰ ਵਿੱਚ ਸੁਣਵਾਈ ਦੀ ਅਗਲੀ ਪੇਸ਼ੀ 19 ਮਈ ਨੂੰ

ਅੰਮ੍ਰਿਤਸਰ, 18 ਮਾਰਚ (ਪੋਸਟ ਬਿਊਰੋ)- ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਵਾਲਿਆਂ ਦੇ ਖ਼ਿਲਾਫ਼ਆਮ ਆਦਮੀ ਪਾਰਟੀ ਵੱਲੋਂ ਕਾਰਵਾਈ ਲਈ ਕੱਲ੍ਹ ਇਸ ਪਾਰਟੀ ਦੀ ਆਗੂ ਜੀਵਨਜੋਤ ਕੌਰ ਵੱਲੋਂ ਬਾਲੀਵੁੱਡ ਅਭਿਨੇਤਰੀ ਕੰਗਣਾ ਰਣੌਤ ਖ਼ਿਲਾਫ਼ ਕੀਤੀ ਸ਼ਿਕਾਇਤ ਉੱਤੇਅੰਮ੍ਰਿਤਸਰ ਦੀ ਅਦਾਲਤ ਵਿੱਚ ਸੁਣਵਾਈ ਹੋਈ।

ਕੰਗਣਾ ਰਣੌਤ ਨੇ ਕਿਸਾਨ ਅੰਦੋਲਨ ਵਿੱਚ ਸ਼ਾਮਲਹੋਈ ਬਠਿੰਡਾ ਜ਼ਿਲ੍ਹੇ ਦੀ ਮਾਤਾ ਮਹਿੰਦਰ ਕੌਰ ਦੇ ਖ਼ਿਲਾਫ਼ ਕੁਝ ਜਨਕ ਟਿੱਪਣੀਆਂ ਕੀਤੀਆਂ ਸਨ। ਮਾਤਾ ਮਹਿੰਦਰ ਕੌਰ ਦੇ ਖ਼ਿਲਾਫ਼ ਇਨ੍ਹਾਂ ਟਿੱਪਣੀਆਂ ਨਾਲ ਕਿਸਾਨਾਂ ਨੂੰ ਵੱਡੀ ਠੇਸ ਪਹੁੰਚੀ ਸੀ। ਇਸ ਪਿੱਛੋਂ ਆਮ ਆਦਮੀ ਪਾਰਟੀ ਨੇ ਕਿਸਾਨਾਂ ਖ਼ਿਲਾਫ਼ ਟਿੱਪਣੀਆਂ ਕਰਨ ਵਾਲਿਆਂ ਵਿਰੁੱਧ ਕਾਰਵਾਈ ਦੀ ਮੁਹਿੰਮ ਵਿੱਢੀ ਸੀ, ਜਿਸ ਦੇ ਤਹਿਤ ਅੰਮ੍ਰਿਤਸਰ ਦੀ ਆਮ ਆਦਮੀ ਪਾਰਟੀ ਦੀ ਆਗੂ ਜੀਵਨਜੋਤ ਕੌਰ ਨੇ ਕੰਗਣਾ ਰਣੌਤ ਖ਼ਿਲਾਫ਼ ਕੇਸ ਕੀਤਾ ਹੈ। ਜੀਵਨਜੋਤ ਕੌਰ ਨੇ ਵਕੀਲ ਪਰਮਿੰਦਰ ਸੇਠੀ ਰਾਹੀਂ ਅਦਾਲਤ ਵਿੱਚ ਕੇਸ ਦਾਇਰ ਕਰ ਕੇ ਬਿਆਨ ਦਰਜ ਕਰਵਾਏ ਹਨ। ਅਦਾਲਤ ਨੇ ਉਨ੍ਹਾਂ ਨੂੰ ਸੁਣਨ ਤੋਂ ਬਾਅਦ ਅਗਲੀ ਪੇਸ਼ੀ 19 ਮਈ 2021 ਨਿਸ਼ਚਿਤ ਕੀਤੀ ਹੈ।

# ਬ੍ਰਿਟੇਨ ਵਾਲੇ ਨਵੇਂ ਕੋਰੋਨਾ ਸਟ੍ਰੇਨ ਨੇ ਪਾਕਿਸਤਾਨ ਦੀ ਚਿੰਤਾ ਵਧਾਈ

*** ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਵਾਧਾ * ਪਾਕਿਸਤਾਨ ਦੇ ਕਈ ਸ਼ਹਿਰਾਂ ਵਿੱਚ ਲਾਕਡਾਊਨ ਲਾਉਣਾ ਪਿਆ**

ਇਸਲਾਮਾਬਾਦ, 18 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਤੇਜ਼ੀ ਨਾਲ ਵਧ ਰਹੇ ਕੋਰੋਨਾ ਦੇ ਕੇਸਾਂ ਕਾਰਨ ਕਈ ਸ਼ਹਿਰਾਂ ਵਿਚ ਲਾਕਡਾਊਨ ਲਾ ਦਿੱਤਾ ਗਿਆ ਹੈ, ਜਿਸ ਦੌਰਾਨ ਬਾਜ਼ਾਰ, ਸ਼ਾਪਿੰਗ ਮਾਲ, ਦਫ਼ਤਰ ਤੇ ਰੈਸਟੋਰੈਂਟ ਸਭ ਬੰਦ ਰਹਿਣਗੇ,ਪਰ ਖਾਣ-ਪੀਣ ਦੇ ਸਾਮਾਨ, ਦਵਾਈਆਂ, ਮੀਟ ਅਤੇ ਦੁੱਧ ਦੀਆਂ ਦੁਕਾਨਾਂ ਖੁੱਲ੍ਹੀਆਂ ਰਹਿਣਗੀਆਂ।

ਪੰਜਾਬ ਦੇ ਸਿਹਤ ਮੰਤਰੀ ਯਾਸਮੀਨ ਰਾਸ਼ੀਦ ਨੇ ਦੱਸਿਆ ਕਿ ਗੁਜਰਾਤ, ਸਿਆਲਕੋਟ, ਹਾਫੀਜ਼ਾਬਾਦ ਆਦਿ ਵਿੱਚਲਾਕਡਾਊਨ ਲਾ ਦਿੱਤਾ ਗਿਆ ਹੈ, ਕਿਉਂਕਿ ਕੋਰੋਨਾ ਵਧਣ ਕਾਰਨ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਵਿਚ ਤੇਜ਼ੀ ਆ ਗਈ ਹੈ। ਬ੍ਰਿਟੇਨ ਤੋਂ ਪੈਦਾ ਹੋਇਆ ਕੋਰੋਨਾ ਦਾ ਨਵਾਂ ਸਟ੍ਰੇਨ ਪਾਕਿਸਤਾਨ ਸਰਕਾਰ ਲਈ ਚਿੰਤਾ ਪੈਦਾ ਕਰ ਰਿਹਾ ਹੈ ਅਤੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧੀ ਜਾ ਰਹੀ ਹੈ। ਵੀਰਵਾਰ ਨੂੰ ਪਾਕਿਸਤਾਨ ਵਿਚ ਇਕੋ ਦਿਨ 3,495 ਨਵੇਂ ਕੇਸ ਆਏ ਹਨ। ਛੇ ਦਸੰਬਰ ਪਿੱਛੋਂ ਨਵੇਂ ਮਰੀਜ਼ਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ ਤੇ ਪਾਕਿਸਤਾਨ ਦੇ ਅਧਿਕਾਰੀਆਂ ਨੇ ਮੰਨਿਆ ਹੈ ਕਿ ਦੇਸ਼ ਵਿੱਚ ਕੋਰੋਨਾ ਦੀ ਤੀਜੀ ਲਹਿਰ ਸ਼ੁਰੂ ਹੋ ਚੁੱਕੀ ਹੈ।

ਇਸ ਦੌਰਾਨ ਬ੍ਰਿਟੇਨ ਸਮੇਤ ਕੁਝ ਯੂਰਪੀ ਦੇਸ਼ਾਂ ਵਿੱਚਭਾਰਤ ਦੇ ਸੀਰਮ ਇੰਸਟੀਚਿਊਟ ਦੀ ਕੋਵੀਸ਼ੀਲਡ ਵੈਕਸੀਨ ਦੀ ਮੰਗ ਤੇਜ਼ੀ ਨਾਲ ਵਧੀ ਹੈ ਤੇ ਬ੍ਰਿਟੇਨ ਵਿੱਚ ਹਫ਼ਤਾਵਾਰੀ ਸਪਲਾਈ ਪੂਰੀ ਨਾ ਹੋਣ ਉੱਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਬ੍ਰਿਟੇਨ ਨੇ ਇਕ ਕਰੋੜ ਵੈਕਸੀਨ ਡੋਜ਼ ਦੀ ਮੰਗ ਕੀਤੀ ਸੀ, ਜਿਸ ਵਿੱਚੋਂ ਸੀਰਮ ਇੰਸਟੀਚਿਊਟ 50 ਲੱਖ ਵੈਕਸੀਨ ਡੋਜ਼ ਦੀ ਸਪਲਾਈ ਦੇ ਸਕਿਆ ਹੈ। ਇਸ ਬਾਰੇ ਬ੍ਰਿਟੇਨ ਦੇ ਕਮਿਊਨਿਟੀ ਸੈਕਟਰੀ ਰਾਬਰਟ ਜੈਨਰਿਕ ਨੇ ਕਿਹਾ ਕਿ ਵੈਕਸੀਨ ਉਤਪਾਦਕਾਂ ਨੂੰ ਪੂਰੀ ਸਪਲਾਈ ਕਰਨ ਵਿਚ ਕੁਝ ਦਿਨਾਂ ਤੋਂ ਦਿੱਕਤ ਆ ਰਹੀ ਹੈ।

# ਕੋਰੋਨਾ ਪਾਜ਼ੀਟਿਵ ਹੋਣ ਦੇ ਬਾਵਜੂਦ ਸ਼ੂਟਿੰਗ ਕਰਨ ਉਤੇ ਗੌਹਰ ਖਾਨ ਵਿਰੁੱਧ ਕੇਸ ਦਰਜ਼

ਮੁੰਬਈ, 18 ਮਾਰਚ (ਪੋਸਟ ਬਿਊਰੋ)- ਅਭਿਨੇਤਰੀ ਗੌਹਰ ਖਾਨ ਦੇ ਕੋਰੋਨਾ ਪਾਜ਼ੀਟਿਵ ਆਉਣ ਦੇ ਬਾਵਜੂਦ ਉਸ ਵੱਲੋਂ ਫਿਲਮ ਦੀ ਸ਼ੂਟਿੰਗ ਕਰਨ ਉੱਤੇਬ੍ਰਹਾਨ ਮੁੰਬਈ ਮਿਉਂਸਪਲ ਕਾਰਪੋਰੇਸ਼ਨ (ਬੀ ਐਮ ਸੀ) ਨੇ ਕੋਰੋਨਾ ਨਾਲ ਸਬੰਧਤ ਹਦਾਇਤਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਉਸ ਖਿਲਾਫ ਕੇਸ ਦਰਜ ਕਰਾਇਆ ਹੈ।

ਫਿਲਮ ਨਿਰਮਾਤਾ ਅਸ਼ੋਕ ਪੰਡਿਤ ਨੇ ਇਸ ਦੀ ਪੁਸ਼ਟੀ ਕਰਦਿਆਂ ਟਵੀਟ ਕੀਤਾ ਅਤੇ ਅਣਗਹਿਲੀ ਵਰਤਣ ਉੱਤੇ ਗੌਹਰ ਖਾਨ ਦੀ ਆਲੋਚਨਾ ਕੀਤੀ। ਉਸ ਨੇ ਲਿਖਿਆ ਕਿ ਸ਼ੂਟਿੰਗ ਵਿੱਚ ਆ ਕੇ ਗੌਹਰ ਖਾਨ ਨੇ ਹੋਰ ਟੀਮ ਮੈਂਬਰਾਂ ਦੀ ਜਾਨ ਨੂੰ ਵੀ ਖਤਰੇ ਵਿੱਚ ਪਾਇਆ ਹੈ। ਦੂਜੇ ਪਾਸੇ ਗੌਹਰ ਖਾਨ ਦੀ ਟੀਮ ਅਨੁਸਾਰ ਗੌਹਰ ਦੀ ਕੋਰੋਨਾ ਰਿਪੋਰਟ ਨੈਗੇਟਿਵ ਆਈ ਹੈ।ਗੌਹਰ ਖਾਨ ਦੀ ਟੀਮ ਦਾ ਕਹਿਣਾ ਹੈ ਕਿ ਗੌਹਰ ਦੀ ਕੋਵਿਡ-19 ਬਾਰੇ ਰਿਪੋਰਟ ਨੈਗੇਟਿਵ ਆਈ ਹੈ ਤੇ ਉਸ ਨੇ ਬੀ ਐਮ ਸੀ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕੀਤੀ ਹੈ। ਟੀਮ ਦੇ ਬਿਆਨ ਅਨੁਸਾਰ 37 ਸਾਲਾ ਅਭਿਨੇਤਰੀ ਬੀ ਐਮ ਸੀ ਨਾਲ ਸਹਿਯੋਗ ਕਰ ਰਹੀ ਹੈ। ਇਸ ਬਿਆਨ ਨਾਲ ਗੌਹਰ ਖਾਨ ਦੀ 15 ਮਾਰਚ ਨੂੰ ਆਈ ਕੋਵਿਡ-19 ਟੈਸਟ ਰਿਪੋਰਟ ਵੀ ਜਾਰੀ ਕਰ ਕੇ ਕਿਹਾ ਗਿਆ ਹੈ, "ਗੌਹਰ ਖਾਨ ਲਈ ਸ਼ੁੱਭਕਾਮਨਾਵਾਂ ਭੇਜਣ ਵਾਲਿਆਂ ਦਾ ਧੰਨਵਾਦ। ਉਹ ਵੱਖ-ਵੱਖ ਰਿਪੋਰਟਾਂ ਵਿੱਚ ਕੋਰੋਨਾ ਨੈਗੇਟਿਵ ਪਾਈ ਗਈ ਹੈ। ਉਹ ਕਾਨੂੰਨ ਦਾ ਪਾਲਣ ਕਰਨ ਵਾਲੀ ਨਾਗਰਿਕ ਹੈ ਅਤੇ ਬੀ ਐਮ ਸੀ ਨਾਲ ਸਹਿਯੋਗ ਕਰ ਰਹੀ ਹੈ।" ਬੀ ਐਮ ਸੀ ਕਹਿਣਾ ਹੈ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਬਰਦਾਸ਼ਤ ਨਹੀਂ ਹੋਵੇਗਾ।

# 20 ਮਾਰਚ ਨੂੰ ਸ਼ਹੀਦ ਭਗਤ ਸਿੰਘ ਬਾਰੇ ਜ਼ੂਮ-ਮੀਟਿੰਗ ਵਿਚ ਪ੍ਰੋ. ਜਗਮੋਹਨ ਸਿੰਘ ਸੰਬੋਧਨ ਕਰਨਗੇ

*** 23 ਮਾਰਚ ਨੂੰ ਹੋਵੇਗੀ "ਭਗਤ ਸਿੰਘ ਸਰਦਾਰ -ਕਿਸਾਨਾਂ ਦੀ ਲਲਕਾਰ"**



ਬਰੈਂਪਟਨ, (ਡਾ. ਝੰਡ) -ਭਾਰਤ ਵਿਚ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਜੀਟੀਏ ਵਿਚ ਸਰਗ਼ਰਮ 'ਫ਼ਾਰਮਰਜ਼ ਸਪੋਰਟ ਗਰੁੱਪ' ਵੱਲੋਂ ਬੀਤੇ ਦਿਨ ਕੀਤੇ ਗਈ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ 23 ਮਾਰਚ ਦੇ ਸ਼ਹੀਦਾਂ - ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ- ਨੂੰ ਸਮੱਰਪਿਤ ਪ੍ਰੋਗਰਾਮਾਂ ਦੇ ਹਿੱਸੇ ਵਜੋਂ 20 ਮਾਰਚ ਦਿਨ ਸ਼ਨੀਵਾਰ ਨੂੰ ਸਵੇਰੇ 10.30 ਵਜੇ (ਟੋਰਾਂਟੋ ਦਾ ਸਮਾਂ) ਪ੍ਰਸਿੱਧ ਪੰਜਾਬੀ ਵਿਦਵਾਨ, ਬੁੱਧੀਜੀਵੀ ਤੇ ਮਨੁੱਖੀ ਅਧਿਕਾਰਾਂ ਲਈ ਸਰਗ਼ਰਮ ਨੇਤਾ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਆਧੁਨਿਕ ਜ਼ੂਮ-ਮੀਟਿੰਗ ਤਕਨੀਕ ਦੀ ਸਹਾਇਤਾ ਨਾਲ ਸਰੋਤਿਆਂ ਦੇ ਰੂ-ਬਰੂ ਹੋਣਗੇ ਜਿਸ ਵਿਚ ਉਹ ਇਨ੍ਹਾਂ ਸ਼ਹੀਦਾਂ ਦੀ ਵਿਚਾਰਧਾਰਾ ਦੀ ਅਜੋਕੇ ਸਮੇਂ ਵਿਚ ਪ੍ਰਸੰਗਕਿਤਾ ਉੱਪਰ ਆਪਣੇ ਵਿਚਾਰ ਪੇਸ਼ ਕਰਨਗੇ।

ਦੂਸਰੇ ਵੱਡੇ ਫ਼ੈਸਲੇ ਵਿਚ ਇਨ੍ਹਾਂ ਸ਼ਹੀਦਾਂ ਦੇ ਸ਼ਹੀਦੀ ਦੇ ਦਿਨ 23 ਮਾਰਚ ਨੂੰ ਇਕ ਵਿਸ਼ਾਲ ਰੈਲੀ ਦਾ ਸ਼ਾਮ ਨੂੰ 6.00 ਵਜੇ ਸਟੀਲਜ਼ ਐਵੀਨਿਊ ਅਤੇ ਹਾਈਵੇਅ-10 ਦੇ ਇੰਟਰਸੈੱਕਸ਼ਨ ਵਿਚ ਆਯੋਜਨ ਕੀਤਾ ਜਾਵੇਗਾ ਜਿਸ ਦਾ ਸਿਰਨਾਵਾਂ "ਭਗਤ ਸਿੰਘ ਸਰਦਾਰ - ਕਿਸਾਨਾਂ ਦੀ ਲਲਕਾਰ" ਰੱਖਿਆ ਗਿਆ ਹੈ। ਰੈਲੀ ਦਾ ਇਹ ਪ੍ਰੋਗਰਾਮ ਇਸ ਲਈ ਉਲੀਕਿਆ ਗਿਆ ਹੈ ਕਿਉਂਕਿ ਸਾਡੇ ਇਹ ਸ਼ਹੀਦ ਇਲਮ ਦੇ ਨਾਲ਼-ਨਾਲ਼ ਅਮਲ ਵਿਚ ਯਕੀਨ ਰੱਖਦੇ ਸਨ ਅਤੇ ਅਸਲ ਵਿਚ ਅਮਲ ਹੀ ਕਿਸੇ ਵਿਚਾਰਧਾਰਾ ਦੇ ਸਹੀ ਹੋਣ ਦੀ ਕਸਵੱਟੀ ਹੁੰਦੀ ਹੈ। ਇਸ ਲਈ ਸ਼ਹੀਦਾਂ ਦਾ ਸੰਦੇਸ਼ ਲੋਕਾਂ ਵਿਚ ਜਾ ਕੇ ਦੇਣਾ ਹੀ ਸਹੀ ਕਾਰਜ ਹੈ। ਜੀਟੀਏ ਦੇ ਵਾਸੀਆਂ ਨੂੰ ਇਸ ਰੈਲੀ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

ਮੀਟਿੰਗ ਦੀ ਪ੍ਰਧਾਨਗੀ 'ਪਰਵਾਸੀ ਪੰਜਾਬੀ ਪੈਂਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਦੇ ਉਪ-ਪ੍ਰਧਾਨ ਇੰਜੀ. ਬਲਦੇਵ ਸਿੰਘ ਬਰਾੜ ਨੇ ਕੀਤੀ ਅਤੇ ਇਸ ਦਾ ਸੰਚਾਲਨ ਪ੍ਰੋ. ਜਗੀਰ ਸਿੰਘ ਕਾਹਲੋਂ ਤੇ ਹਰਿੰਦਰਪਾਲ ਹੁੰਦਲ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਵਿਚਾਰ ਪੇਸ਼ ਕਰਨ ਵਾਲਿਆਂ ਵਿਚ ਡਾ. ਕੰਵਲਜੀਤ ਕੌਰ ਢਿੱਲੋਂ, ਡਾ. ਹਰਦੀਪ ਸਿੰਘ ਅਟਵਾਲ, ਹਰਪਰਮਿੰਦਰ ਸਿੰਘ ਗ਼ਦਰੀ, ਸ਼ਮਸ਼ਾਦ ਸ਼ਮਸ ਅਤੇ ਇੰਜੀ. ਹਰਜੀਤ ਸਿੰਘ ਗਿੱਲ ਸ਼ਾਮਲ ਸਨ। ਪ੍ਰੋ. ਮੋਹਨ ਸਿੰਘ ਫ਼ਾਊਂਡੇਸ਼ਨ ਦੇ ਪ੍ਰਧਾਨ ਇੰਜੀ. ਹਰਜੀਤ ਸਿੰਘ ਗਿੱਲ ਵੱਲੋਂ ਸ਼ੁਰੂ ਕੀਤੇ ਗਏ ਟੀ.ਵੀ. 'ਪੰਜਾਬੀ ਦੁਨੀਆਂ' ਵੱਲੋਂ ਇਨ੍ਹਾਂ ਦੋਹਾਂ ਪ੍ਰੋਗਰਾਮਾਂ ਦਾ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ

Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE
BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਮੈਨੂੰ ਅੱਜ ਵੀ ਚੇਤੇ ਹਨ ਦਾਦੀ ਮਾਂ ਦੀਆਂ ਕਹਾਣੀਆਂ ਤੇ ਬਾਤਾਂ

ਦੋਸਤੋਂ ਦਾਦੀ ਮਾਂ ਦਾ ਪਿਆਰ ਕਿਸਮਤ ਵਾਲਿਆ ਨੂੰ ਮਿਲਦਾ ਹੈ।ਦੋਸਤੋ ਜਿਨਾਂ ਨੇ ਦਾਦੀ ਮਾਂ ਦੇ ਪਿਆਰ ਦਾ ਨਿੱਘ ਨਹੀਂ ਮਾਣਿਆ ਸ਼ਾਇਦ ਉਹਨਾਂ ਲਈ ਇਹ ਗੱਲਾਂ ਬਹੁਤ ਕੁੱਝ ਹੋ ਸਕਦੀਆਂ ਜੇ ਧਿਆਨ ਨਾ ਪੜ੍ਹਨ ਉਹ ਇਹ ਦਾਦੀ ਮਾਂ ਦੀਆਂ ਗੱਲਾਂ ਪੜ੍ਹ ਕੇ ਦਾਦੀ ਮਾਂ ਦੇ ਪਿਆਰ ਦੀ ਹੋਂਦ ਨੂੰ ਮਹਿਸੂਸ ਕਰ ਸਕਦੇ ਹਨ। ਬਚਪਨ ਦੀਆਂ ਯਾਦਾਂ ਹਰ ਇਨਸਾਨ ਦਾ ਅਨਮੋਲ ਖ਼ਜ਼ਾਨਾ ਹੁੰਦੀਆਂ ਹਨ। ਕੋਈ ਭਾਵੇਂ ਕਿੰਨਾ ਗ਼ਰੀਬ ਹੋਵੇ ਜਾਂ ਕਿੰਨਾ ਵੀ ਅਮੀਰ ਹੋਵੇ, ਆਪਣੇ ਬਚਪਨ ਦੇ ਦੌਰ ਨੂੰ ਚਾਹ ਕੇ ਵੀ ਭੁਲਾ ਨਹੀਂ ਸਕਦਾ। ਪਹਿਲੇ ਸਮਿਆਂ ਵਿੱਚ ਜ਼ਿਆਦ-ਾਤਰ ਸੰਯੁਕਤ ਪਰਿਵਾਰ ਹੋਇਆ ਕਰਦੇ ਸਨ। ਸਾਡੇ ਘਰਾਂ ਵਿੱਚ ਟੀਵੀ, ਰੇਡੀਓ ਵੀ ਨਹੀਂ ਹੁੰਦੇ ਸਨ। ਵੱਡਿਆਂ ਲਈ ਮਨੋਰੰਜਨ ਦਾ ਸਾਧਨ ਸੱਥਾਂ ਵਿੱਚ ਬੈਠਕੇ ਤਾਸ਼ ਖੇਡਣਾ ਜਾਂ ਕਿੱਸੇ ਪੜ੍ਹਨੇ ਤੇ ਸੁਣਨੇ ਹੁੰਦੇ ਸਨ। ਬੱਚਿਆਂ ਲਈ ਮਨੋਰੰਜਨ ਦਾਦੀ ਜਾਂ ਨਾਨੀ ਦੀਆਂ ਬਾਤਾਂ ਹੁੰਦੀਆਂ ਸਨ। ਦਿਨ ਵੇਲੇ ਬਾਤ ਪਾਉਣਾ ਬੁਰਾ ਮੰਨਿਆ ਜਾਂਦਾ ਹੈ ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਰਾਹੀ (ਬੱਚਿਆਂ ਲਈ ਮਾਮਾ) ਰਾਹ ਭੁੱਲ ਜਾਂਦਾ ਹੈ। ਰਾਤ ਨੂੰ ਤਾਰਿਆਂ ਦੀ ਲੋਅ ਵਿੱਚ ਸੌਣ ਲੱਗੇ ਬੱਚੇ ਆਪਣੀ ਦਾਦੀ ਜਾਂ ਘਰ ਦੇ ਕਿਸੇ ਵੱਡੇ-ਵਡੇਰੇ ਤੋਂ ਕਹਾਣੀਆਂ, ਬਾਤਾਂ ਸੁਣਦੇ। ਉਨ੍ਹਾਂ ਦੁਆਰਾ ਪਾਈਆਂ ਬੁਝਾਰਤਾਂ ਦੇ ਉੱਤਰ ਸੋਚ-ਸੋਚ ਕੇ ਦਿੰਦੇ। ਬੱਚੇ ਰੋਜ਼ ਨਵੀਂ ਬਾਤ ਸੁਣਨ ਅਤੇ ਬੁੱਝਣ ਲਈ ਉਤਾਵਲੇ ਰਹਿੰਦੇ। ਉਹ ਉਡੀਕ ਕਰਦੇ ਕਿ ਕਦੋਂ ਰਾਤ ਆਵੇਗੀ ਅਤੇ ਅਸੀਂ ਨਵੀਆਂ-ਨਵੀਆਂ ਬਾਤਾਂ ਅਤੇ ਕਹਾਣੀਆਂ ਸੁਣਾਂਗੇ। ਮਨੋਰੰਜਨ ਵੀ ਹੋ ਜਾਂਦਾ ਸੀ ਅਤੇ ਕੋਈ ਨਾ ਕੋਈ ਵੀ ਸਿੱਖਿਆ ਮਿਲਦੀ ਸੀ। ਸਭ ਤੋਂ ਵੱਡੀ ਗੱਲ ਸਾਡਾ ਬਜ਼ੁਰਗਾਂ ਨਾਲ ਮੋਹ ਬਣਿਆ ਰਹਿੰਦਾ ਸੀ। ਸਭ ਤੋਂ ਛੋਟਾ ਬੱਚਾ ਦਾਦੀ ਦੀ ਗੋਦ ਵਿੱਚ ਬੈਠ ਜਾਂਦਾ । ਇਹ ਉਸਦਾ ਹੱਕ ਹੁੰਦਾ ਸੀ। ਬਾਕੀ ਉਸਦੇ ਆਲੇ ਦੁਆਲੇ ਇਕੱਠੇ ਹੋ ਜਾਂਦੇ । ਫਿਰ ਦਾਦੀ ਬਾਤਾਂ ਸ਼ੁਰੂ ਕਰਦੀ। ਦੇਰ ਰਾਤ ਤੱਕ ਇਹ ਸਿਲਸਿਲਾ ਚੱਲਦਾ ਰਹਿੰਦਾ । ਅਨਪੜ੍ਹ ਦਾਦੀ ਕੋਲ ਬਾਤਾਂ ਦਾ ਭੰਡਾਰ ਹੁੰਦਾ ਸੀ ।ਬਚਪਨ ਵਿਚ ਦਾਦੀ ਮੈਨੂੰ ਵੀ ਬਹੁਤ ਕਹਾਣੀਆਂ ਸੁਣਾਉਂਦੀ ਸੀ,ਜਿਵੇ ਪਰੀਆਂ ਦੀਆਂ, ਰਾਜਕੁਮਾਰਾਂ ਦੀਆਂ , ਰਾਜੇ-ਰਾਣੀਆਂ ਦੀਆਂ ਕਹਾਣੀਆਂ। ਅਸੀ ਸਾਰੇ ਕਹਾਣੀਆਂ ਸੁਣਦੇ ਅਤੇ ਉਨ੍ਹਾਂ ਬਾਰੇ ਸੋਚਦੇ-ਸੋਚਦੇ ਹੀ ਸੌਂ ਜਾਂਦੇ।ਦਾਦੀ ਇਕ ਕਹਾਣੀ ਸੁਣਾਉਂਦੀ ਹੁੰਦੀ ਸੀ ਤੋਤੇ ਤੇ ਤੋਤੀ ਦੀ ।ਉਹ ਅੱਜ ਵੀ ਯਾਦ ਹੈ।

ਮੈਨੂੰ ਆਪਣੀ ਦਾਦੀ ਮਾਂ ਨਾਲ ਬਹੁਤ ਪਿਆਰ ਹੈ।ਚਾਹੇ ਮੇਰੇ ਦਾਦੀ ਜੀ ਅੱਜ ਦੁਨੀਆ ਵਿੱਚ ਨਹੀਂ ਹਨ।ਪਰ ਉਹਨਾਂ ਦੀਆਂ ਕਹਾਣੀਆਂ ਬਾਤਾਂ ਅੱਜ ਵੀ ਜ਼ੀਂਦਾ ਹਨ ਜੋ ਸਾਡੇ ਬਚਪਨ ਨੂੰ ਕਦੇ ਰੰਗੀਨ ਬਣਾਉਦੀਆਂ ਸਨ,ਅੱਜ ਵੀ ਦਾਦੀ ਮਾਂ ਦੀਆਂ ਕਹੀਆਂ ਗੱਲਾਂ ਦੀ ਝਲਕ ਮੇਰੀ ਸ਼ਖ਼ਸੀਅਤ ਤੇ ਪ੍ਰਭਾਵ ਪਾਉਂਦੀ ਹੈ ਅੱਜ ਮੈਂ ਜੋ ਵੀ ਹਾਂ ਮੇਰੀ ਦਾਦੀ ਮਾਂ ਦੀ ਹੱਲਾਸ਼ੇਰੀ ਕਰਕੇ ਹਾਂ।

ਮੇਰੀਆਂ ਕਵਿਤਾਵਾਂ, ਲੇਖਾ, ਕਹਾਣੀਆਂ ਵਿੱਚ ਦਾਦੀ ਮਾਂ ਦੀਆਂ ਦੱਸੀਆਂ ਗੱਲਾਂ



ਗਗਨਦੀਪ ਧਾਲੀਵਾਲ
ਝਲੂਰ ਬਰਨਾਲਾ

ਹੀ ਸ਼ਾਮਿਲ ਹਨ।ਅੱਜ ਵੀ ਮੈਨੂੰ ਯਾਦ ਹੈ ਜਦੋਂ ਰਾਤ ਨੂੰ ਸੌਣ ਤੋਂ ਪਹਿਲਾਂ ਜਦੋਂ ਅਸੀਂ ਘਰ ਦੀ ਛੱਤ ਉਪੱਰ ਮੰਜੀਆਂ ਉਪਰ ਛਾਲਾਂ ਮਾਰਦੇ, ਤਾ ਦਾਦੀ ਮਾਂ ਦੀ ਆਉਣ ਦੀ ਉਡੀਕ ਕਰਦੇ ਹੁੰਦੇ ਸੀ ਤਾਂ ਸਾਨੂੰ ਸੱਭ ਤੋਂ ਚੰਦ ਹੀ ਦਿਖਾਈ ਦੇਣਾ ਤੇ ਅਸੀਂ ਆਪਣਾ ਚੰਦਾ ਮਾਮਾ ਮੱਲ ਲੈਂਦੇ ਸੀ ।ਜਿਸ ਨੇ ਪਹਿਲਾਂ ਦੇਖ ਲੈਣਾ ਆਖਣਾ, ਅੱਜ ਚੰਦ ਮੇਰਾ, ਚੰਦਾ ਮਾਮਾ ਮੇਰਾ, ਮੇਰੇ ਨਾਲ ਸੋਂਵੇਗਾ।ਜਦੋਂ ਗਰਮੀਆਂ ਵਿੱਚ ਬਿਜਲੀ ਭੱਜ ਜਾਂਦੀ ਸੀ ਤਾਂ ਦਾਦੀ ਮਾਂ ਸਾਰਿਆ ਨੂੰ ਕੋਠੇ ਉੱਪਰ ਲੈਕੇ ਬੈਠ ਜਾਂਦੀ ਸੀ ਤੇ ਅਸੀਂ ਸਾਰੇ ਲੱਕੜ ਦੀ ਪੱਖੀ ਨਾਲ ਹਵਾ ਝੱਲਣ ਦੀ ਵਾਰੀ ਬੰਨ ਲੈਂਦੇ ਸੀ ਤੇ ਦਾਦੀ ਮਾਂ ਤੋ ਬਾਤਾਂ ਸੁਣਨ ਦੀ ਜਿੱਦ ਕਰਦੇ ਸੀ। ਦਾਦੀ ਦੇ ਆਉਂਦਿਆਂ ਹੀ ਅਸੀਂ ਦਾਦੀ ਨੂੰ ਮੇਰੀ ਦਾਦੀ ਮੇਰੀ ਦਾਦੀ ਆਖਦੇ ਹੋਏ ਚਿੰਬੜ ਜਾਣਾ। ਦਾਦੀ ਨੇ ਸਾਰਿਆਂ ਨੂੰ ਪਾਸੇ ਕਰਦੇ ਹੋਏ ਮੇਰੇ ਵੱਲ ਹੋ ਜਾਣਾ। ਮੈਂ ਦਾਦੀ ਦਾ ਸੱਭ ਤੋਂ ਚਹੇਤਾ ਸਰੋਤਾ ਸੀ ਤੇ ਮੈਨੂੰ ਆਪਣੀ ਦਾਦੀ ਉੱਤੇ ਬਹੁਤ ਮਾਣ ਸੀ। ਦਾਦੀ ਜੀ ਮੇਰੇ ਪਿਆਰੇ ਦਾਦੀ ਜੀ, ਤੇ ਮੈਂ ਸਾਰਿਆਂ ਤੋਂ ਪਾਸੇ ਹੋ ਦਾਦੀ ਦੀ ਗੋਦੀ ਵਿੱਚ ਲੇਟ ਜਾਣਾ।

"ਦਾਦੀ ਬਾਤ ਸੁਣਨੀ ਹੈ?"

ਮੇਰੀ ਭੈਣ ਨੇ ਕਹਿਣਾ ਤਾਂ ਦਾਦੀ ਨੇ ਅਗਿਉਂ ਆਖਣਾ, ਸੌਂ ਜਾਓ ਜਾ ਕੇ ਕੋਈ ਬਾਤ-ਵਾਤ ਨਹੀਂ। ਦਾਦੀ ਨੇ ਸਾਰਿਆਂ ਨੂੰ ਸੌਣ ਲਈ ਕਹਿਣਾ ਪਰ ਜਦੋਂ ਮੈਂ ਆਖਣਾ, ਕਿ ਨਹੀਂ ਦਾਦੀ ਵਾਤ ਨਹੀਂ ਅਸੀਂ ਬਾਤ ਸੁਣਨੀ ਹੈ, ਤੁਹਾਡੀ ਬਾਤ ਤੋਂ ਬਿਨਾਂ ਤਾਂ ਸਾਨੂੰ ਨੀਂਦ ਨਹੀਂ ਆਉਣੀ।ਦਾਦੀ ਝੱਟ ਕਹਾਣੀ ਜਾਂ ਬਾਤ ਸੁਣਾ ਦਿੰਦੇ ਸਨ।

ਇਸ ਤੋਂ ਬਾਦ ਸਾਡਾ ਝਗੜਾ ਕਹਾਣੀ ਬਾਰੇ ਸ਼ੁਰੂ ਹੋ ਜਾਣਾ। ਕਿਹੋ ਜਿਹੀ ਕਹਾਣੀ ਸੁਣਨੀ ਹੈ।ਤੋਤੇ ਤੋਤੀ ਵਾਲੀ,ਚਿੜੀ ਵਾਲੀ, ਕਾਂ ਵਾਲੀ ,ਗਿੱਦੜ ਵਾਲੀ ,ਬਟੇਰੇ ਵਾਲੀ ,ਧਰਮ ਰਾਜ ਵਾਲੀ ਆਦਿ ।ਉਧਰ ਦਾਦੀ ਸੀ ਕਿ ਬਾਤਾਂ ਦਾ ਖਜ਼ਾਨਾ, ਉਸ ਨੇ ਕਹਾਣੀ ਸੋਚਣ ਤੋਂ ਪਹਿਲਾਂ ਸ਼ੁਰੂ ਕਰ ਦੇਣੀ।ਅਸੀਂ ਕਹਿਣਾ ਦਾਦੀ ਭੂਤ ਵਾਲੀ ਕਹਾਣੀ ਨਾ ਸੁਣਾਈ। ਅਸੀਂ ਆਪਣੀ ਗੱਲ ਲੁਕੋ ਲੈਂਦੇ ਤੇ ਕਹਿੰਦੇ ਭੂਤ ਵਾਲੀ ਬਾਤ ਬਾਤ ਨਾ ਸੁਣਾਈ ਅਸੀ ਦਾਦੀ ਨੂੰ ਡਰਾਉਂਦੇ ਕਿ ਉਸਦੀ ਬਾਤ ਨੂੰ ਹੁੰਗਾਰਾ ਨਹੀਂ ਭਰਨਾ।ਹੁੰਗਾਰਾ" ਦਾਦੀ ਦੀ ਸ਼ਰਤ ਹੋਇਆ ਕਰਦੀ ਸੀ। ਉਹ ਆਖਦੀ ਸੀ ਕਿ ਉਹ ਬਾਤ ਤਾਂ ਹੀ ਸੁਣਾਏਗੀ ਜੇ ਅਸੀਂ ਹੁੰਗਾਰਾ ਭਰਾਂਗੇ। ਹੁੰਗਾਰੇ ਦਾ ਮਤਲਬ ਹੁੰਦਾ ਸੀ, ਸਾਡੇ ਮੂੰਹੋਂ ਨਿਕਲੀ ਹੂੰ ਦੀ ਅਵਾਜ਼। ਉਹ ਬਾਤ ਸੁਣਾਉਂਦੀ ਸੁਣਾਉਂਦੀ ਰੁਕ ਜਾਂਦੀ ਤੇ ਸਾਡੇ ਹੁੰਗਾਰੇ ਦੀ ਉਡੀਕ ਕਰਦੀ। ਹੁੰਗਾਰਾ ਮਿਲਣ ਉਪਰ ਹੀ ਉਹ ਬਾਤ ਅੱਗੇ ਤੋਰਦੀ।

ਦਾਦੀ ਕਹਿੰਦੇ ਇੱਕ ਸੀ ਬਿੱਲੀ ਤੇ
ਇੱਕ ਸੀ ਗਿੱਦੜ
ਅਸੀਂ ਉਸ ਦਾ ਹੁੰਗਾਰਾ ਭਰਨਾ ਤੇ
ਕਹਿਣਾ ਹੂੰ

ਬਿੱਲੀ ਦਾ ਰੰਗ ਸੀ ਕਾਲਾ ਤੇ ਗਿੱਦੜ
ਦਾ ਰੰਗ ਸੀ ਭੂਰਾ

ਫਿਰ ਉਸ ਨੇ ਸਾਡੇ ਹੁੰਗਾਰੇ ਦੀ ਉਡੀਕ ਕਰਨੀ। ਜੇ ਇਹ ਹੁੰਗਾਰਾ ਨਾ ਮਿਲਣਾ ਤਾਂ ਉਸ ਨੇ ਪੁੱਛਣਾ, "ਭੈੜਿਉਂ ਸੌਂ ਤਾਂ ਨਹੀਂ ਗਏ?"

ਮੈਂ ਅਕਸਰ ਕਹਿ ਇਹੋ ਕਹਿਣਾ ਹੁੰਦਾ ਸੀ ਦਾਦੀ ਮੈਂ ਸੋਚਿਆ ਕਿ ਗਿੱਦੜ ਸ਼ੇਰ ਹੁੰਦਾ ਹੈ ।ਮੈਂ ਕੋਸ਼ਿਸ਼ ਕਰਨੀ ਕਿ ਆਪਣੇ ਧਿਆਨ ਵਿੱਚ ਸ਼ੇਰ ਦੀ ਤੇ ਗਿੱਦੜ ਦੀ ਤਸਵੀਰ ਲਿਆਵਾਂ ਤੇ ਉਸ ਨੂੰ ਦੇਖਾਂ ਕਿ ਉਹਨਾਂ ਦਾ ਰੰਗ ਕੀ ਹੁੰਦਾ ਹੈ। ਪਰ ਦਾਦੀ ਵੀ ਸਾਡੇ ਨਾਲ ਚਲਾਕੀ ਖੇਡ ਜਾਂਦੀ। ਉਹ ਆਪਣੀ ਗ਼ਲਤੀ ਲੁਕਾ ਜਾਂਦੀ ਤੇ ਸਾਰੀ ਕਹਾਣੀ ਕਿਸੇ ਹੋਰ ਪਾਸੇ ਮੋੜ ਦਿੰਦੀ। ਦਾਦੀ ਆਖਦੀ-

ਗਿੱਦੜ ਤੇ ਸ਼ੇਰ ਤੁਹਨੂੰ ਇੱਕੋ ਜਿਹੇ ਲੱਗਦੇ ਹਨ । ਫਿਰ ਦਾਦੀ ਕਹਿੰਦੀ ਕਾਲੇ ਕਾਂ ਦੀ ਬਾਤ ਸੁਣਾ ਦਿੰਦੀ ਹਾਂ ਅਸੀਂ ਕਹਿੰਦੇ ਨਹੀਂ ਦਾਦੀ ਅਸੀਂ ਕਾਲੇ ਦੀ ਕਾਂ ਦੀ ਕਹਾਣੀ ਵੀ ਨਹੀਂ ਸੁਣਨੀ। ਸਾਨੂੰ ਤਾਂ ਸੋਹਣੀ ਜਿਹੀ ਬਾਤ ਸੁਣਾਓ।" ਦਾਦੀ ਚੁੱਪ ਕਰ ਜਾਂਦੀ ਤੇ ਸੋਚਦੀ ਰਹਿੰਦੀ। ਉਹ ਕਿੰਨੀ ਦੇਰ ਤੱਕ ਸਾਡੇ ਮੂੰਹਾਂ ਵੱਲ ਦੇਖਦੀ ਰਹਿੰਦੀ। ਅਸੀਂ ਉਸ ਵੱਲ ਦੇਖ ਕੇ ਹੱਸਦੇ ਤੇ ਫਿਰ ਸਾਡਾ ਸਾਰਿਆਂ ਦਾ ਹਾਸਾ ਨਿਕਲ ਜਾਂਦਾ।ਅਸੀਂ ਉੱਚੀ ਉੱਚੀ ਹੱਸਣ ਲੱਗਦੇ।ਦਾਦੀ ਮਾਂ ਸਾਨੂੰ ਬਾਤਾਂ ਪਾਉਂਦੀ ਹੁੰਦੀ ਸੀ ਜਿਵੇਂ

ਅਸਮਾਨੋਂ ਡਿੱਗਿਆ ਬੱਕਰਾ,ਉਹ ਦੇ ਮੂੰਹ
'ਚੋਂ ਨਿਕਲੀ ਲਾਰ।
ਢਿੱਡ ਪਾੜ ਕੇ ਦੇਖਿਆ,ਉਹਦੀ ਛਾਤੀ ਉੱਤੇ
ਵਾਲ।( ਅੰਬ )

ਸੌ ਭਾਦੋਂ ਇੱਕ ਰੁੱਤ , ਦੋ ਬੁੜ੍ਹੀਆਂ ਦੀ
ਇੱਕ ਗੁੱਤ ( ਪੀਂਘ )

ਪਹਿਲਾ ਮੈਂ ਜੰਮਿਆ , ਫੇਰ ਜੰਮੀ ਮੇਰੀ
ਮਾਈ
ਖਿੱਚ ਖਿੱਚ ਕੇ ਪਿਓ ਜਮਾਇਆ ਪਿੱਛੋਂ
ਆਈ ਤਾਈਂ । ( ਦੁੱਧ, ਦਹੀਂ, ਲੱਸੀ ਤੇ
ਮੱਖਣ )

ਕੁੱਝ ਪੁਰਾਣੀਆਂ ਯਾਦਾਂ-

ਇੱਕ ਵਾਰ ਦਾਦੀ ਜੀ ਨੇ ਮੈਨੂੰ ਦੱਸਿਆ ਕਿ ਤੇਰਾ ਦਾਦਾ ਮੈਨੂੰ ਪੇਕੇ ਤੋਂ ਘੋੜੀ ਉੱਤੇ ਲੈਣ ਗਿਆ ਉਸ ਸਮੇਂ ਕੱਚੇ ਰਾਹ ਹੁੰਦੇ ਸੀ ਥਾਂ ਗਿੱਲਾ ਸੀ ਅਚਾਨਕ ਰਸਤੇ ਵਿੱਚ ਘੋੜੀ ਦਾ ਪੈਰ ਅੜਕ ਗਿਆ ਤੇ ਮੈਂ ਪਰੇ ਖੇਤ ਵਿੱਚ ਜਾ ਡਿੱਗੀ ।ਤੇਰੇ ਦਾਦੇ ਨੇ ਮੈਨੂੰ ਚੁੱਕਿਆਂ ਨਹੀਂ ਉਹ ਆਪਣੀਆ ਜੁਰਾਬਾਂ ਦੇਖਣ ਲੱਗ ਪਿਆ ।ਤੇ ਦਾਦੀ ਕਹਿੰਦੇ ਮੈ ਕਿਹਾ ਮੈਨੂੰ ਤਾਂ ਚੁੱਕ ਕੇ ਖੜੀ ਕਰਦੇ ਅੱਗੋਂ ਦਾਦਾ ਕਹਿੰਦਾ ਮੇਰੀਆਂ ਤਾਂ ਜੁਰਾਬਾਂ ਭਿੱਜ ਗਈਆ ਮੈਂ ਕਿਹਾ ਵੇ ਡੁੱਬ ਜਾਣ ਤੇਰੀਆਂ ਕਾਟੋ ਰੰਗੀਆਂ ।ਇਹ ਗੱਲ ਜਦੋਂ ਹੁਣ ਵੀ। ਯਾਦ ਆਉਂਦੀ ਹੈ ਤਾਂ ਬਹੁਤ ਮਨ ਖੜ ਹੁੰਦਾ ਹੈ।

ਕਈ ਵਾਰ ਦਾਦੀ ਰੇਲਗੱਡੀ ਰਾਹੀਂ ਪਟਿਆਲੇ ਜਾਂਦੇ ਸੀ ਤੇ ਮੈਨੂੰ ਨਾਲ ਲੈ ਕੇ ਜਾਂਦੇ ਸਨ ਕਹਿ ਦਿੰਦੇ ਸਨ ਵੀ ਗੱਗੂ ਮੇਰਾ ਸਹਾਰਾ ਹੈ।ਦਾਦੀ ਜੀ ਮੈਨੂੰ ਧੂਰੀ ਦੇ ਸਟੇਸ਼ਨ 'ਤੇ ਬਰੈੱਡ ਲੈਕੇ ਦਿੰਦੇ ਸਨ ਹੁਣ ਜਦੋਂ ਵੀ ਕਦੇ ਅਸੀਂ ਪਟਿਆਲੇ ਰੇਲਗੱਡੀ ਰਾਹੀਂ ਜਾਦੇ ਹਾਂ ਤਾਂ ਧੂਰੀ ਬਰੈੱਡਾਂ ਦੀ ਮਹਿਕ ਮੇਰੇ ਸਾਹਾਂ ਰਾਹੀਂ ਅੰਦਰ ਜਾ ਕੇ ਉਹ ਦਾਦੀ ਮਾਂ ਦੀਆਂ ਯਾਦਾਂ ਤਾਜ਼ੀਆ ਕਰ ਦਿੰਦੀ ਹੈ।ਇੱਕ ਵਾਰ ਦੀ ਗੱਲ ਯਾਦ ਹੈ ਜਦੋਂ ਮੈ ਲਿਖਣਾ ਸ਼ੁਰੂ ਕੀਤਾ ਸੀ ਮੈਂ ਦਾਦੀ ਤੋਂ ਪੁੱਛਿਆ ਕਿ ਦਾਦੀ ਪੰਜਾਬ ਕਿਵੇਂ ਵੰਡਿਆ ਗਿਆ ਕੀ ਤੁਸੀ ਹੱਲਾ ਹੋਇਆ ਦੇਖਿਆਂ ਹੈ ।ਇਹ ਸੁਣ ਕੇ ਦਾਦੀ ਨੇ ਦੱਸਿਆ ਕਿ ਉਸ ਸਮੇਂ ਮੇਰੀ ਉਮਰ ਇੱਕ ਘੱਟ ਤੀਹ ਸੀ।ਇਹ ਕਹਿ ਕੇ ਦਾਦੀ ਦੀਆਂ ਅੱਖਾਂ ਵਿੱਚੋਂ ਪਾਣੀ ਡਿੱਗਣ ਲੱਗਿਆ ਸੱਚ ਜਾਣਿਓ ਉਹ ਗੱਲਾਂ ਸੁਣ ਕੇ ਮੇਰਾ ਵੀ ਰੋਣ ਆਇਆ ਤੇ ਮੈਂ ਕਵਿਤਾ ਲਿਖੀ -

"ਮੋੜ ਲਿਆ ਦੇ ਓਹ ਰੱਬਾ ਰੌਣਕਾਂ ਮੇਰੇ
ਪੰਜਾਬ ਦੀਆਂ"

ਦਾਦੀ ਦੀ ਉਮਰ ਸੌ ਸਾਲ ਹੋ ਗਈ ਸੀ ਦਾਦੀ ਜੀ ਬਿਲਕੁਲ ਤੁਰਦੇ ਫਿਰਦੇ ਤੰਦਰੁਸਤ ਸਨ।ਜਦੋਂ ਵੀ ਉਹਨਾਂ ਨੂੰ ਕੋਈ ਪੁੱਛਦਾ ਬੇਬੇ ਕਿਵੇਂ ਹੈ ਤਾਂ ਉਹ ਹੱਸ ਕੇ ਕਹਿੰਦੇ ਟਾਹਲੀ ਵਰਗੀ ਹਾਂ।ਕਦੇ ਵੀ ਦੁੱਖ ਆਪਣੇ ਚਿਹਰੇ 'ਤੇ ਨਹੀਂ ਸਨ ਲੈ ਕੇ ਆਉਂਦੇ ।ਅਚਾਨਕ ਇੱਕ ਦਿਨ ਦਾਦੀ ਜੀ ਇੱਕੋ ਦਮ ਬਿਮਾਰ ਹੋਏ ਤੇ ਉਹਨਾਂ ਦਾ ਰੋਟੀ -ਪਾਣੀ ਸੁੱਟ ਗਿਆ ।ਉਹ ਦੋ ਮਹੀਨੇ ਦੇ ਕਰੀਬ ਮੰਜੇ ਉੱਪਰ ਪਏ ਸਨ। ਡਾਕਟਰ ਦੇ ਘਰ ਵੜਦਿਆਂ ਹੀ ਸੱਤ ਜੁਲਾਈ ਨੂੰ ਦਾਦੀ ਅਚਾਨਕ ਸਵੇਰ ਦੇ ਸਾਢੇ ਕੁ ਦੱਸ ਵਜੇ ਜਿਆਦਾ ਤੰਗ ਹੋ ਗਏ ਸਨ ਤੇ ਅਸੀਂ ਸਾਰੇ ਉਹਨਾਂ ਦੇ ਮੂੰਹ ਵਿੱਚ ਚਮਚੇ ਨਾਲ ਪਾਣੀ ਪਾ ਹੀ ਰਹੇ ਸੀ ਕਿ ਉਹਨਾਂ ਨੇ ਹੁਬਕੀ ਜਿਹੀ ਲੈਂਦੇ ਸਾਰ ਹੀ ਸਾਡੇ ਹੱਥਾਂ ਵਿੱਚ ਦਮ ਤੋੜ ਦਿੱਤਾ

ਉਹਨਾਂ ਨੂੰ ਦੇਖ ਮੇਰੀ ਭੁੱਬ ਨਿਕਲ ਜਾਂਦੀ ਹੈ। ਮੈਂ ਉੱਚੀ ਉੱਚੀ ਆਖਣਾ ਚਾਹੁੰਦੀ ਹਾਂ, ਕਿ ਦਾਦੀ ਹੁਣ ਸਾਨੂੰ ਜਿਹੜੀ ਮਰਜ਼ੀ ਕਹਾਣੀ ਸੁਣਾ, ਚਾਹੇ ਭੂਤ ਵਾਲੀ, ਚਾਹੇ ਕਾਲੇ ਕਾਂ ਵਾਲੀ ਅਸੀਂ ਬਿਲਕੁਲ ਨਹੀਂ ਡਰਦੇ। ਦੇਖ ਅਸੀਂ ਹੁਣ ਕਿੰਨੇ ਬਹਾਦਰ ਹੋ ਗਏ ਹਾਂ।ਇੱਕ ਵਾਰ ਬੋਲ ਦਾਦੀ ਬਾਤ ਸੁਣਾ ਦੇ ਇੱਕ ਵਾਰ ਦਾਦੀ ਰੇਲਗੱਡੀ ਉੱਪਰ ਝੂਟਾ ਦਵਾ ਦੇ। ਅੱਖਾਂ ਬੰਦ ਕਰ ਕੇ ਮੈਂ ਸੁੰਨ ਜਿਹੀ ਹੋ ਗਈ ਜਿਵੇਂ ਹਮੇਸ਼ਾ ਲਈ ਦਾਦੀ ਮਾਂ ਦੀ ਕਹਾਣੀ ਦਾ ਹੁੰਗਾਰਾ ਬਿਲਕੁਲ ਖਤਮ ਹੋ ਗਿਆ ਹੋਵੇ।

ਪਰ ਅੱਜ ਦਾ ਸਮਾਂ ਕੁੱਝ ਹੋਰ ਹੈ ਅੱਜ ਦਾਦੀ ਮਾਂ ਦੀਆਂ ਬਾਤਾਂ ,ਕਗਾਣੀਆਂ,ਗੱਲਾਂ ਅਲੋਪ ਹੋ ਰਹੀਆਂ ਹਨ ਇਹ ਥਾਂ ਮੋਬਾਇਲਾਂ ਵਿਚਲੇ ਕਾਰਟੂਨਾਂ ਨੇ ਲੈ ਲਈ ਹੈ।ਅੱਗ ਦੀ ਦਾਦੀ ਵੀ ਮਾਡਰਨ ਹੋ ਗਈ ਹੈ ਮੋਬਾਇਲ ਉਪਰ ਹੀ ਕਹਾਣੀ ਲਾ ਕੇ ਬੱਚੇ ਨੂੰਦੇ ਦਿੰਦੀ ਹੈ ।

ਅੱਜ ਦੇ ਕੰਪਿਊਟਰ ਯੁੱਗ ਦੇ ਬੱਚਿਆਂ ਨੂੰ ਅਜਿਹੀਆਂ ਕਹਾਣੀਆਂ ਨਾਲ ਪ੍ਰਚਾਉਣਾ ਔਖਾ ਜਾਪਦਾ ਹੈ। ਬੱਚੇ ਅੱਜ-ਕੱਲ੍ਹ ਬਹੁਤ ਕੁਝ ਨਵਾਂ ਪੜ੍ਹ-ਸੁਣ ਤੇ ਦੇਖ ਰਹੇ ਹਨ।ਪਰ ਕਿਤੇ ਨਾ ਕਿਤੇ ਬੱਚੇ ਬਚਪਨ ਵਾਲੇ ਹੁਸੀਨ ਰੰਗੀਨ ਨਜ਼ਾਰੇ ਤੋਂ ਦੂਰ ਜਾ ਰਹੇ ਹਨ ਤੇ ਦਾਦੀ ਮਾਂ ਦੇ ਉਹ ਨਿੱਘੇ ਪਿਆਰ ਤੋਂ ਜੋ ਕਦੇ ਸਾਨੂੰ ਦਾਦੀ ਦੀਆਂ ਬਾਤਾਂ ਸੁਣ ਕੇ ਸਾਨੂੰ ਆਉਂਦਾ ਸੀ। ਹੌਲੀ-ਹੌਲੀ ਆਧੁਨਿਕੀਕਰਨ ਦੇ ਪ੍ਰਭਾਵ ਨੇ ਸੰਯੁਕਤ ਪਰਿਵਾਰਾਂ ਨੂੰ ਛੋਟੇ-ਛੋਟੇ ਪਰਿਵਾਰਾਂ ਵਿੱਚ ਹੀ ਨਹੀਂ ਵੰਡਿਆ, ਸਗੋਂ ਬੱਚਿਆਂ ਨੂੰ ਵਿਰਸੇ ਦੇ ਅਨਮੋਲ ਖ਼ਜ਼ਾਨੇ ਤੋਂ ਵਾਂਝੇ ਕਰ ਦਿੱਤਾ। ਹੁਣ ਕੋਈ ਪਰਿਵਾਰ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਰਾਤ ਨੂੰ ਤਾਰਿਆਂ ਦੀ ਲੋਅ ਵਿੱਚ ਕੋਠਿਆਂ 'ਤੇ ਜਾਂ ਵਿਹੜਿਆਂ ਵਿੱਚ ਨਹੀਂ ਸੌਂਦਾ। ਹੁਣ ਹਰ ਜੀਅ ਲਈ ਆਪਣਾ ਵੱਖਰਾ ਕਮਰਾ ਹੁੰਦਾ ਹੈ। ਅੱਜ ਦੇ ਬੱਚੇ ਇਨ੍ਹਾਂ ਸਾਰੀਆਂ ਖ਼ੂਬੀਆਂ ਤੋਂ ਵਾਂਝੇ ਹਨ। ਪੜ੍ਹਾਈ ਦਾ ਬੋਝ ਬੱਚਿਆਂ ਦੀ ਮੱਤ ਮਾਰ ਰਿਹਾ ਹੈ। ਬੱਚਿਆਂ ਕੋਲ ਸਮਾਂ ਹੀ ਨਹੀਂ। ਸਕੂਲ ਤੋਂ ਆ ਕੇ ਬੱਚਾ ਹੋਮਵਰਕ ਕਰਦਾ ਹੈ, ਫਿਰ ਟਿਊਸ਼ਨ ਪੜ੍ਹਨ ਜਾਂਦਾ ਹੈ। ਛੋਟੇ ਤੋਂ ਛੋਟੀ ਉਮਰ ਦਾ ਬੱਚਾ ਮੋਬਾਈਲ ਨੂੰ ਚਲਾ ਲੈਂਦਾ ਹੈ। ਅਗਾਂਹ ਵਧੂ ਜਮਾਨੇ ਨੇ ਸਾਡਾ ਵਿਰਸਾ ਸਾਥੋਂ ਖੋਹ ਲਿਆ ਹੈ। ਅੱਜ ਦੇ ਬੱਚੇ ਆਪੋ ਆਪਣੇ ਕਮਰਿਆਂ ਵਿੱਚ ਤੜ ਕੇ ਰਹਿ ਗਏ ਹਨ, ਐਸੇ ਮਨ ਪ੍ਰਚਾਵੇ ਦੇ ਸਾਧਨ ਆ ਗਏ ਹਨ, ਫੇਸਬੁੱਕ, ਵਟਸਅੱਪ ਤੇ ਟੈਲੀਵਿਜ਼ਨਾਂ ਤੇ ਲਗਾਤਾਰ ਚਲ ਰਹੇ ਸੀਰੀਅਲਾਂ ਨੇ ਉਨ੍ਹਾਂ ਨੂੰ ਉਲਝਾ ਕੇ ਰੱਖ ਦਿੱਤਾ ਹੈ। ਅੱਜ ਦੇ ਸਮੇਂ ਨੇ ਬੱਚਿਆਂ ਵਿੱਚੋਂ ਸਹਿਨਸ਼ੀਲਤਾ ਤੇ ਨਿਮਰਤਾ ਖਤਮ ਕਰ ਦਿੱਤੀ ਹੈ। ਸੰਯੁਕਤ ਪਰਿਵਾਰ ਬੀਤੇ ਦੀਆਂ ਬਾਤਾਂ ਹੋ ਕੇ ਰਹਿ ਗਏ ਹਨ।

ਪਰਿਵਾਰਕ ਮੋਹ ਦੀਆਂ ਤੰਦਾਂ ਟੁੱਟਦੀਆਂ ਜਾ ਰਹੀਆਂ ਹਨ। ਪੱਛਮੀ ਸੱਭਿਆਚਾਰ ਦਾ ਬੋਲਬਾਲਾ ਹੈ। ਬੱਚੇ ਆਪਣੇ ਸੱਭਿਆਚਾਰ, ਵਿਰਸੇ, ਮਾਂ ਬੋਲੀ ਦੇ ਖ਼ਜ਼ਾਨੇ-ਕਿੱਸੇ, ਕਹਾਣੀਆਂ, ਬਾਤਾਂ ਤੋਂ ਦੂਰ ਜਾ ਰਹੇ ਹਨ।ਪਰ ਮੇਰੇ ਦਾਦੀ ਮਾਂ ਦੀਆਂ ਗੱਲਾਂ ਬਾਤਾਂ ਕਹਾਣੀਆਂ ਮੇਰੀ ਜ਼ਿੰਦਗੀ ਦਾ ਸ਼ਿੰਗਾਰ ਹਨ ਜੋ ਅੱਜ ਮੇਰੀ ਕਾਮਯਾਬੀ ਦਾ ਰਾਜ ਬਣ ਚੁੱਕੀਆ ਹਨ।

ਗਗਨਦੀਪ ਧਾਲੀਵਾਲ ਝਲੂਰ ਬਰਨਾਲਾ,
ਜਨਰਲ ਸਕੱਤਰ ਮਹਿਲਾ ਕਾਵਿ ਮੰਚ
ਪੰਜਾਬ ।
9988933161

## ਕਵਿਤਾ

### ਖਵਾਇਸ਼

ਇਸ ਛੋਟੀ ਜਿਹੀ ਜ਼ਿੰਦਗੀ ਅੰਦਰ,
ਕਿੰਨਾ ਹੀ ਕੁਝ ਕਰ ਜਾਵਾਂ।
ਕੁਝ ਅੱਖਾਂ ਨੂੰ ਸੁਪਨੇ ਦੇਵਾਂ,
ਕੁਝ ਦੇ ਪੂਰੇ ਕਰ ਜਾਵਾਂ।

ਆਪ ਭਲਾ ਹਾਂ ਖਾਲਮ ਖਾਲੀ,
ਕੋਈ ਖਾਲੀ ਨਾ ਰਹਿਜੇ,
ਉੱਛਲ ਪੈਣ ਸਭੀ ਦੀਆਂ ਖੁਸ਼ੀਆਂ,
ਊਣੇ ਭਾਂਡੇ ਭਰ ਜਾਵਾਂ।

ਧੰਨਵਾਦੀ ਹਾਂ ਉਹਨਾਂ ਸਭ ਦੀ,
ਜਿੰਨਾਂ ਦਿੱਤਾ ਸਾਥ ਕਦੀ,
ਉਹਨਾਂ ਲਈ ਵੀ ਲੱਖ ਸ਼ੁਕਰਾਨੇ
ਜੇਹੜੇ ਆਖਣ ਮਰ ਜਾਵਾਂ।

ਰਾਜਨ ਬੈਠ ਕਿਸੇ ਨਹੀਂ ਰਹਿਣਾ,
ਭਰਿਆ ਛੱਡਣਾ ਚੰਗਾ ਏ,
ਨਾ ਹੀ ਰੜਕਣ ਬੋਲ ਕਿਸੇ ਨੂੰ,
ਦਿਲ ਵਿਚ ਪਾ ਕੇ ਘਰ ਜਾਵਾਂ।

ਰਾਜਨਦੀਪ
ਕੌਰ ਮਾਨ



# ਰਿਕਸ਼ਾ ਅਤੇ ਜਹਾਜ਼ ਦੀਆਂ ਪੌੜੀਆਂ

ਪਿਛਲੇ ਦਿਨੀਂ ਆਪਣੇ ਦੋਸਤ ਨਾਲ ਉਸ ਦੀ ਮਾਤਾ ਜੀ ਦੀ ਦਵਾਈ ਲੈਣ ਲਈ ਬਠਿੰਡੇ ਜਾਣ ਦਾ ਮੌਕਾ ਮਿਲਿਆ ਤਾਂ ਗੱਡੀ ਰਾਹੀਂ ਬਠਿੰਡਾ ਪਹੁੰਚੇ ਰਾਹ ਵਿੱਚ ਅਨੇਕਾਂ ਜੀਵਨ ਦੀਆਂ ਗਤੀਵਿਧੀਆਂ ਨੂੰ ਫਰੋਲਦੇ ਹੋਏ ਪੁਰਾਣੀਆਂ ਯਾਦਾਂ ਨੂੰ ਸਾਂਝਾ ਕੀਤਾ ਅਤੇ ਤਕਰੀਬਨ ਗਿਆਰਾਂ ਵਜੇ ਤਕ ਅਸੀਂ ਬਠਿੰਡੇ ਗਲੋਬਲ ਹਸਪਤਾਲ ਵਿੱਚ ਪਹੁੰਚ ਗਏ ।



ਗੁਰਪ੍ਰੀਤ ਸਿੰਘ ਸੰਧੂ

ਹਸਪਤਾਲ ਵਿੱਚ ਮਰੀਜ਼ਾਂ ਦੀਆਂ ਲੰਮੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਦੋਸਤ ਨੂੰ ਕਿਹਾ ਕਿ ਤੁਸੀਂ ਮਾਤਾ ਜੀ ਕੋਲ ਬੈਠੋ ਮੈਂ ਥੱਲੇ ਚੱਲਿਆ ਹਾਂ, ਹਸਪਤਾਲ ਦੀਆਂ ਪੌੜੀਆਂ ਉਤਰ ਕਿ ਬਾਹਰ ਰੋਡ ਤੇ ਆ ਗਿਆ ਮਨ ਹੀ ਮਨ ਚਾਹ ਦੀਆਂ ਚੁਸਕੀਆਂ ਨੂੰ ਭਾਲ ਰਿਹਾ ਸੀ,ਅਤੇ ਚਾਰੇ ਪਾਸੇ ਨਿਗ੍ਹਾ ਮਾਰੀ ਤਾਂ ਇਕ ਚਾਹ ਵਾਲਾ ਖੋਖਾ ਨਜ਼ਰ ਆਇਆ ਉਹ ਚਾਹ ਵਾਲੇ ਖੋਖੇ ਤੇ ਪਹੁੰਚ ਕੇ ਬਾਬਾ ਜੀ ਨੂੰ ਕਿਹਾ ਕਿ ਇੱਕ ਕੱਪ ਚਾਹ ਦਾ ਦਿਓ ਜੀ, ਇੰਨੇ ਨੂੰ ਸਾਹਮਣੇ ਇਕ ਆਈਲੈਟਸ ਸੈਂਟਰ ਤੇ ਨਜ਼ਰ ਪਈ, ਉੱਥੇ ਕਈ ਨੌਜਵਾਨ ਮੁੰਡੇ ਕੁੜੀਆਂ ਆ ਜਾ ਰਹੇ ਸਨ । ਬਾਬਾ ਜੀ ਨੇ ਚਾਹ ਦੀ ਗਲਾਸੀ ਹੱਥ ਵਿੱਚ ਫੜ੍ਹਾਈ ਅਤੇ ਚਾਹ ਦੀਆਂ ਚੁਸਕੀਆਂ ਦਾ ਆਨੰਦ ਲੈਣ ਲੱਗਾ, ਇੰਨੇ ਨੂੰ ਇੱਕ ਜੋੜਾ ਰਿਕਸ਼ੇ ਤੇ ਆਇਆ,ਰਿਕਸ਼ੇ ਵਾਲੇ ਭਾਈ ਦੀਆਂ ਮੱਥੇ ਦੀਆਂ ਤਿਊੜੀਆਂ ਤੇ ਆਇਆ ਹੋਇਆ ਪਸੀਨਾ ਏ ਦੱਸ ਰਿਹਾ ਸੀ ,ਕਿ ਲੱਗਦਾ ਕਾਫ਼ੀ ਦੂਰ ਤੋਂ ਇਨ੍ਹਾਂ ਨੂੰ ਇੱਥੋਂ ਤੱਕ ਲੈ ਕੇ ਆਇਆ ਹੈ, ਚੋਰੀ ਚੋਰੀ ਰਿਕਸ਼ਾ ਚਾਲਕ ਦੀਆਂ ਅੱਖਾਂ ਨੂੰ ਵੇਖਿਆ ਤਾਂ ਉਹ ਜੋੜੇ ਦੀਆਂ ਜੇਬਾਂ ਵੱਲ ਤੱਕਣ ਲੱਗਾ,ਉਸ ਸਵਾਰੀ ਜੋੜੇ ਨੇ ਬਾਬਾ ਜੀ ਨੂੰ ਪੁੱਛਿਆ ਕਿ ਦੱਸੋ ਕਿੰਨਾ ਕਿਰਾਇਆ ਲੈਣਾ ਹੈ, ਤਾਂ ਬਾਬੇ ਜੀ ਨੇ ਸਹਿਜਤਾ ਨਾਲ ਕਹਿੰਦੇ ਹੋਏ ਕਹਿ ਕੀ ਪੁੱਤਰ ਜੀ ਤੁਸੀਂ ਮੈਨੂੰ ਸੱਤਰ ਰੁਪਏ ਦੇ ਦਿਓ ਇਹ ਸੁਣਦਿਆਂ ਹੀ ਜੋੜਾ ਅੱਗ ਬਗੋਲਾ ਹੋ ਗਿਆ ਬੋਲਣ ਲੱਗੇ ਇੱਥੋਂ ਤਾਂ ਅਸੀਂ ਆਏ ਹਾਂ ਕਿੰਨੀ ਕੁ ਦੂਰ ਤੋਂ ਤੁਸੀਂ ਸਾਨੂੰ ਲੈ ਕੇ ਆਏ ਹੋ। ਬਾਬਾ ਜੀ ਦੇ ਸੱਤਰ ਰੁਪਈਆਂ ਦੇ ਬਦਲੇ ਉਨ੍ਹਾਂ ਨੇ ਸੱਤਰ ਕੁ ਸਵਾਲ ਬਾਬਾ ਜੀ ਅੱਗੇ ਕੱਢ ਕੇ ਰੱਖ ਦਿੱਤੇ,ਬਾਬਾ ਜੀ ਨੂੰ ਕਹਿਣ ਲੱਗੇ ਅਸੀਂ ਤਾਂ ਸਿਰਫ਼ ਪੰਜਾਹ ਰੁਪਏ ਦੇਣੇ ਹਨ,ਰਿਕਸ਼ਾ ਚਾਲਕ ਨੇ ਜਵਾਬ ਦਿੱਤਾ ਜਿਵੇਂ ਤੁਹਾਡੀ ਖੁਸ਼ੀ ਹੈ,ਮੈਨੂੰ ਮਨਜ਼ੂਰ ਹੈ,ਉਨ੍ਹਾਂ ਨੇ ਰਿਕਸ਼ਾ ਚਾਲਕ ਨੂੰ ਪੰਜਾਹ ਰੁਪਏ ਦਿੱਤੇ ਅਤੇ ਆਈਲੈਟਸ ਸੈਂਟਰ ਦੀਆਂ ਪੌੜੀਆਂ ਚੜ੍ਹਨ ਲੱਗੇ,ਉਸ ਜੋੜੇ ਵੱਲ ਦੇਖ ਕੇ ਸੋਚ ਰਿਹਾ ਸੀ,ਕਿ ਇਹ ਜਹਾਜ਼ ਦੀਆਂ ਪੌੜੀਆਂ ਨੂੰ ਕਿਸ ਤਰ੍ਹਾਂ ਚੜ੍ਹਨਗੇ, ਕੀ ਇਹ ਜਹਾਜ਼ ਦੀਆਂ ਪੌੜੀਆਂ ਚੜਨ ਲਾਈਕ ਹਨ, ਜਾਣਾ ਇਨ੍ਹਾਂ ਲੋਕਾਂ ਨੇ ਬਾਹਰਲੇ ਦੇਸ਼ਾਂ ਵਿੱਚ ਹੈ ,ਲੜੀ ਇਹ ਰਿਕਸ਼ੇ ਵਾਲੇ ਨਾਲ ਜਾਂਦੇ ਹਨ ਉਸ ਦੀ ਮਿਹਨਤ ਮਜ਼ਦੂਰੀ ਦਾ ਵੀ ਪੂਰਾ ਮੁੱਲ ਨਹੀਂ ਦੇ ਰਹੇ ਜੋ ਇੱਕ ਡੰਗਰਾਂ ਵਾਂਗ ਉਨ੍ਹਾਂ ਨੂੰ ਢੋਹ ਕੇ ਇੱਥੋਂ ਤੱਕ ਲੈ ਕੇ ਆਇਆ ਹੈ,ਸੋਚ ਰਿਹਾ ਸੀ ਕਿ ਜਿੰਨਾ ਇਹ ਰਿਕਸ਼ੇ ਵਾਲੇ ਨਾਲ ਲੜੇ ਸਨ ,ਜੇਕਰ ਇਹ ਆਪਣੇ ਹੀ ਹੱਕਾਂ ਲਈ ਅਸੀਂ ਸਰਕਾਰਾਂ ਨਾਲ ਲੜੀਏ ਤਾਂ ਸ਼ਾਇਦ ਸਾਨੂੰ ਬਾਹਰ ਜਾਣ ਦੀ ਲੋੜ ਹੀ ਕਿਉਂ ਪਵੇ,ਦੂਜੇ ਪਾਸੇ ਝਾਤੀ ਮਾਰੀ ਜਾਵੇ ਤਾਂ ਜੇਕਰ ਇਨ੍ਹਾਂ ਲੋਕਾਂ ਨੇ ਬਾਹਰ ਜਾਣ ਤੇ ਲੱਖਾਂ ਰੁਪਏ ਲਾਉਣੇ ਹਨ, ਤਾਂ ਇਕ ਰਿਕਸ਼ਾ ਚਾਲਕ ਦਾ ਕਿਰਾਇਆ ਵੀ ਨਹੀਂ ਭਰ ਸਕਦੇ ਤੇ ਉਸ ਰਿਕਸ਼ੇ ਵਾਲੇ ਚਾਲਕ ਦਾ ਜਿਗਰਾ ਦੇਖੋ ਸੱਤਰ ਰੁਪਏ ਦੀ ਬਜਾਏ ਪੰਜਾਹ ਰੁਪਏ ਲੈ ਕੇ ਵੀ ਖੁਸ਼ ਸੀ,ਸੋਚੋ ਬਾਹਰ ਜਾਣ ਦੇ ਲਾਈਕ ਕੌਣ ਹੈ ਅਤੇ ਰਿਕਸ਼ਾ ਚਲਾਉਣ ਦੇ ਲਾਈਕ ਕੌਣ ਹੈ,

ਅਸਲ ਵਿੱਚ ਜੇਕਰ ਅਸੀਂ ਬਾਹਰ ਲੱਖਾਂ ਰੁਪਏ ਲਾ ਕੇ ਜਾਣਾ ਹੈ ਤਾਂ ਸਾਨੂੰ ਇਹੋ ਜਿਹੇ ਲੋਕਾਂ ਦੀ ਮਜ਼ਦੂਰੀ ਦਾ ਪੂਰਾ ਮੁੱਲ ਦੇਣਾ ਚਾਹੀਦਾ ਹੈ,ਉਨ੍ਹਾਂ ਨਾਲ ਲੜਨਾ ਝਗੜਨਾ ਨਹੀਂ ਚਾਹੀਦਾ ਹੈ। ਸੱਚਮੁੱਚ ਜੇਕਰ ਸਾਡੇ ਸੁਪਨੇ ਵੱਡੇ ਹਨ ਤਾਂ ਸਾਡਾ ਦਿਲ ਵੀ ਵੱਡਾ ਹੋਣਾ ਚਾਹੀਦਾ ਹੈ ।

ਗੁਰਪ੍ਰੀਤ ਸਿੰਘ ਸੰਧੂ
ਪਿੰਡ ਗਹਿਲੇ ਵਾਲਾ
ਜ਼ਿਲਾ ਫਾਜ਼ਿਲਕਾ
9988766013


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224





KAMAL SANDHU
Sales Representative
647.891.0143



RE/MAX GOLD
realtorkamalsandhu@gmail.com
www.arearealtor.com

Looking For a Nest..? Call the Best




EXCLUSIVE FOR SALE IN WOODSTOCK

CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'



CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'

FOR SALE
EXCLUSIVE
JAMES C

KAMAL SANDHU RE/MAX GOLD REALTY INC BROKERAGE

# ਗੱਲ ਪੰਜਾਂ ਰਾਜਾਂ ਦੀਆਂ ਚੋਣਾਂ ਦੀ ਨਹੀਂ, ਉਸ ਵਹਿਣ ਦੀ ਹੈ, ਜਿੱਧਰ ਨੂੰ ਭਾਰਤ ਚੱਲ ਪਿਆ ਜਾਪਦੈ



ਜਤਿੰਦਰ ਪੰਨੂ

ਭਾਰਤ ਦੇ ਲੋਕਾਂ ਦਾ ਜਿਹੜਾ ਧਿਆਨ ਪਹਿਲਾਂ ਕੇਂਦਰ ਸਰਕਾਰ ਦੇ ਪਾਸ ਕੀਤੇ ਤਿੰਨ ਖੇਤੀ ਬਿੱਲਾਂ ਦੇ ਖਿਲਾਫ ਹੋਣ ਵਾਲੇ ਕਿਸਾਨ ਸੰਘਰਸ਼ ਵੱਲ ਲੱਗਾ ਹੋਇਆ ਸੀ, ਉਹ ਇਸ ਵਕਤ ਭਾਰਤ ਦੇ ਪੰਜਾਂ ਰਾਜਾਂ ਵਿੱਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਵੱਲ ਲੱਗ ਗਿਆ ਹੈ। ਕਿਸਾਨ ਆਗੂ ਵੀ ਦਿੱਲੀ ਦੇ ਬਾਰਡਰਾਂ ਵਾਲਾ ਮੋਰਚਾ ਅਗਲੀ ਪੀੜ੍ਹੀ ਵਾਲਿਆਂ ਦੇ ਹੱਥ ਸੌਂਪ ਕੇ ਉਨ੍ਹਾਂ ਪੰਜਾਂ ਰਾਜਾਂ ਵਿੱਚ ਭਾਜਪਾ ਦੇ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਨਿਕਲ ਤੁਰੇ ਹਨ। ਲੜਾਈ ਓਨੀ ਦਿੱਲੀ ਵਿੱਚ ਨਹੀਂ ਰਹੀ, ਜਿੰਨੀ ਉਨ੍ਹਾਂ ਪੰਜਾਂ ਰਾਜਾਂ ਵਿੱਚ ਹੁੰਦੀ ਜਾਪਦੀ ਹੈ। ਭਾਰਤੀ ਜਨਤਾ ਪਾਰਟੀ ਆਪਣੀ ਚੜ੍ਹਤ ਦੇ ਨਗਾਰੇ ਵਜਾਉਣ ਦਾ ਪ੍ਰਭਾਵ ਬਣਾ ਕੇ ਇਨ੍ਹਾਂ ਪੰਜਾਂ ਰਾਜਾਂ ਵਿੱਚ ਮੁਕਾਬਲੇ ਦੀਆਂ ਦੋ ਮੁੱਖ ਧਿਰਾਂ ਵਿੱਚੋਂ ਇੱਕ ਬਣੀ ਦਿੱਸਦੀ ਹੈ। ਧਰਮ ਨਿਰਪੱਖ ਤਾਕਤਾਂ ਇਸ ਤੋਂ ਖਤਰਾ ਮਹਿਸੂਸ ਕਰਦੀਆਂ ਹਨ, ਪਰ ਇਹ ਗੱਲ ਅੱਖੋਂ ਪਰੋਖੇ ਕਰੀ ਜਾਂਦੀਆਂ ਹਨ ਕਿ ਜਦੋਂ ਭਾਜਪਾ ਦੀ ਚੜ੍ਹਤ ਦੇ ਖਿਲਾਫ ਇਕੱਠੇ ਹੋਣ ਦਾ ਸਮਾਂ ਸੀ, ਓਦੋਂ ਰਾਜ-ਗੱਦੀਆਂ ਦੀ ਝਾਕ ਉਨ੍ਹਾਂ ਉੱਤੇ ਭਾਰੂ ਹੁੰਦੀ ਸੀ। ਇਹ ਅੰਗਰੇਜ਼ੀ ਦੀ ਕਹਾਵਤ ਇਨ੍ਹਾਂ ਧਰਮ ਨਿਰਪੱਖ ਲੀਡਰਾਂ ਨੇ ਵੀ ਸੁਣੀ ਹੋਵੇਗੀ: 'ਏ ਸਟਿੱਚ ਇਨ ਟਾਈਮ, ਸੇਵਜ਼ ਦ ਨਾਈਨ', ਭਾਵ ਇਹ ਕਿ ਉੱਧੜਦੇ ਕੱਪੜੇ ਨੂੰ ਵੇਲੇ ਸਿਰ ਇੱਕ ਤੋਪਾ ਲਾ ਲਿਆ ਜਾਵੇ ਤਾਂ ਨੌਂ ਲਾਉਣ ਤੋਂ ਬਚ ਜਾਈਦਾ ਹੈ। ਇਸ ਵਕਤ ਹਾਲਤ ਨੌਂ ਤੋਪਿਆਂ ਤੋਂ ਬਚਣ ਤੋਂ ਵੀ ਅੱਗੇ ਲੰਘ ਕੇ ਲੰਗਾਰ ਹੁੰਦੀਆਂ ਲੀਰਾਂ ਵਾਲੀ ਬਣੀ ਹੋਈ ਹੈ।

ਕਾਂਗਰਸ ਪਾਰਟੀ ਇਸ ਵਕਤ ਆਸਾਮ ਵਿੱਚ ਆਪਣੀ ਜਿੱਤ ਦਾ ਠੋਕਵਾਂ ਦਾਅਵਾ ਕਰ ਸਕਣ ਜੋਗੀ ਨਹੀਂ। ਪਹਿਲਾਂ ਏਸੇ ਆਸਾਮ ਵਿੱਚ ਕਾਂਗਰਸ ਦੀ ਤਿੰਨ ਵਾਰੀ ਸਰਕਾਰ ਲਗਾਤਾਰ ਬਣੀ ਸੀ, ਪਰ ਚੌਥੀ ਵਾਰ ਬੇੜਾ ਓਦੋਂ ਗਰਕਿਆ, ਜਦੋਂ ਦਿੱਲੀ ਵਿੱਚ ਬੈਠੀ ਕਾਂਗਰਸ ਪ੍ਰਧਾਨ ਦੇ ਦੁਆਲੇ ਜੁੜੀ ਜੁੰਡੀ ਆਸਾਮ ਦੇ ਮੁੱਖ ਮੰਤਰੀ ਤਰੁਣ ਗੋਗੋਈ ਵਿਰੁੱਧ ਇਸ ਲਈ ਸਾਜ਼ਿਸ਼ਾਂ ਘੜਨ ਲੱਗ ਪਈ ਕਿ ਚੌਥੀ ਵਾਰ ਜਿੱਤ ਗਿਆ ਤਾਂ ਉਸ ਦਾ ਕੱਦ ਰਾਹੁਲ ਗਾਂਧੀ ਤੋਂ ਵੱਡਾ ਹੋ ਜਾਵੇਗਾ। ਉਹ ਹਾਰ ਜਾਣ ਪਿੱਛੋਂ ਪ੍ਰਾਣ ਵੀ ਤਿਆਗ ਗਿਆ ਤਾਂ ਰਾਹੁਲ ਦੀ ਜੁੰਡੀ ਆਪਣੇ ਇਸ ਨੇਤਾ ਨੂੰ ਲੈ ਕੇ ਕੁਝ ਕਰਨ ਦੀ ਥਾਂ ਉਲਟਾ ਉਸ ਦੇ ਖਿਲਾਫ ਅਤੇ ਉਸ ਦੀ ਮਾਂ ਦੇ ਖਿਲਾਫ ਜੰਮੂ ਤੱਕ ਜਾ ਕੇ ਮੀਟਿੰਗਾਂ ਕਰਨ ਲੱਗ ਪਈ ਹੈ। ਅੱਜ ਉਹ ਇਸ਼ਾਰੇ ਕਰਦੇ ਹਨ ਕਿ ਰਾਹੁਲ ਗਾਂਧੀ ਲੀਡਰੀ ਕਰਨ ਦੇ ਯੋਗ ਨਹੀਂ, ਪਰ ਜਦੋਂ ਦੋ ਵਾਰੀ ਏਦਾਂ ਦਾ ਮੌਕਾ ਮਿਲਿਆ ਸੀ ਕਿ ਉਸ ਨੂੰ ਲਾਂਭੇ ਹੋਣ ਲਈ ਕਹਿ ਦਿੱਤਾ ਜਾਵੇ, ਇਨ੍ਹਾਂ ਵਿੱਚੋਂ ਕਿਸੇ ਇੱਕ ਨੇ ਵੀ ਨਹੀਂ ਸੀ ਕਿਹਾ। ਜਦੋਂ ਮਨਮੋਹਨ ਸਿੰਘ ਸਰਕਾਰ ਵੱਲੋਂ ਪਾਸ ਕੀਤਾ ਇੱਕ ਬਿੱਲ ਰਾਹੁਲ ਗਾਂਧੀ ਨੇ ਪ੍ਰੈੱਸ ਕਾਨਫਰੰਸ ਵਿੱਚ ਪਾੜਿਆ ਸੀ ਤੇ ਵਿਦੇਸ਼ ਵਿੱਚ ਗਏ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਵਿਦੇਸ਼ੀ ਪ੍ਰੈੱਸ ਸਾਹਮਣੇ ਸ਼ਰਮਿੰਦਾ ਹੋਣਾ ਪਿਆ ਸੀ, ਓਦੋਂ ਰਾਹੁਲ ਨੂੰ ਘੂਰਨਾ ਚਾਹੀਦਾ ਸੀ। ਦੂਸਰਾ ਮੌਕਾ ਦਿੱਲੀ ਵਿੱਚ ਇੱਕ ਸਟੇਡੀਅਮ ਵਿੱਚ ਉਸ ਦੇ ਇਹ ਕਹਿਣ ਦਾ ਸੀ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਕੀ ਹੈ, ਇਹ ਮੈਂ ਅੱਜ ਸ਼ਾਮ ਤੱਕ ਬਣ ਸਕਦਾ ਹਾਂ। ਇਸ ਦਾ ਅਰਥ ਸੀ ਕਿ ਆਹ ਜਿਹੜਾ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬੈਠਾ ਹੈ, ਇਸ ਦਾ ਕੀ ਹੈ, ਇਸ ਨੂੰ ਅਸੀਂ ਮਾਂ-ਪੁੱਤ ਅੱਜ ਸ਼ਾਮ ਤੱਕ ਉਠਾ ਕੇ ਪਰੇ ਕਰ ਸਕਦੇ ਹਾਂ। ਇੱਕ ਵੀ ਕਾਗਰਸੀ ਆਗੂ ਨੂੰ ਓਦੋਂ ਰਾਹੁਲ ਦਾ ਭਾਸ਼ਣ ਨਹੀਂ ਸੀ ਚੁਭਿਆ ਅਤੇ ਅੱਜ ਉਹੀ ਸਾਰੇ ਉਸ ਦੇ ਖਿਲਾਫ ਮੀਟਿੰਗਾਂ ਕਰਦੇ ਫਿਰਦੇ ਹਨ।

ਦੂਸਰੀ ਧਿਰ ਖੱਬੇ-ਪੱਖੀਆਂ ਦੀ ਹੈ। ਇੱਕ ਵਕਤ ਸਾਰੇ ਕਾਂਗਰਸ-ਵਿਰੋਧੀ ਤੇ ਭਾਜਪਾ-ਵਿਰੋਧੀ ਧੜੇ ਇਹ ਮੰਨਣ ਨੂੰ ਤਿਆਰ ਹੋ ਗਏ ਸਨ ਕਿ ਸੀ ਪੀ ਆਈ (ਐੱਮ) ਦੇ ਲੀਡਰ ਜੋਤੀ ਬਾਸੂ ਨੂੰ ਪ੍ਰਧਾਨ ਮੰਤਰੀ ਬਣਾ ਕੇ ਸਾਂਝੀ ਸਰਕਾਰ ਦਾ ਗਠਨ ਕਰ ਲਈਏ। ਜਦੋਂ ਉਸ ਦੀ ਆਪਣੀ ਪਾਰਟੀ ਸੀ ਪੀ ਆਈ (ਐੱਮ) ਵਿੱਚ ਇਸ ਬਾਰੇ ਮਤਾ ਪੇਸ਼ ਹੋਇਆ ਤਾਂ ਉਸ ਦੇ ਖਿਲਾਫ ਬਹੁ-ਸੰਮਤੀ ਇਸ ਲਈ ਜੁੜ ਗਈ ਕਿ ਕਾਂਗਰਸ ਨਾਲ ਸਾਂਝ ਪਾ ਕੇ ਚੱਲਣ ਵਾਲੀ ਸਰਕਾਰ ਵਿੱਚ ਸ਼ਾਮਲ ਹੋਣ ਦਾ ਸਵਾਲ ਹੀ ਨਹੀਂ। ਅਗਲੀਆਂ ਦੋ ਚੋਣਾਂ ਵਿੱਚ ਜਿਹੜੇ ਕਾਮਰੇਡ ਇਹ ਕਹਿੰਦੇ ਸਨ ਕਿ ਮਮਤਾ ਬੈਨਰਜੀ ਸੱਜ ਪਿਛਾਖੜ ਅਤੇ ਭਾਰਤ ਦੇ ਪੂੰਜੀਵਾਦ ਦੀ ਆਗੂ ਹੈ, ਇਸ ਨੂੰ ਜਿੱਤਣ ਨਹੀਂ ਦੇਣਾ ਚਾਹੀਦਾ, ਉਨ੍ਹਾਂ ਵਿੱਚੋਂ ਇੱਕ ਜਣਾ ਇਸ ਹਫਤੇ ਦੇ ਇੱਕ ਦਿਨ ਸਾਨੂੰ ਮਿਲ ਗਿਆ। ਗੱਲ ਪੰਜਾਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੀ ਚੱਲ ਪਈ। ਅਸੀਂ ਇਹ ਪੁੱਛ ਲਿਆ ਕਿ ਪੱਛਮੀ ਬੰਗਾਲ ਦਾ ਕੀ ਬਣੇਗਾ ਤੇ ਉਸ ਨੇ ਕਿਹਾ: 'ਆਸ ਤਾਂ ਬੜੀ ਹੈ ਕਿ ਮਮਤਾ ਬੈਨਰਜੀ ਭਾਜਪਾ ਦੇ ਪੈਰ ਨਹੀਂ ਲੱਗਣ ਦੇਵੇਗੀ'। ਅਸੀਂ ਪੁੱਛਿਆ ਕਿ ਉਸ ਦੇ ਜਿੱਤਣ ਨਾਲ ਤੁਹਾਨੂੰ ਕੀ ਫਾਇਦਾ, ਉਹ ਤਾਂ ਸੱਜ ਪਿਛਾਖੜ ਦੀ ਪ੍ਰਤੀਨਿਧ ਹੈ, ਪਰ ਉਸ ਦਾ ਜਵਾਬ ਇਹ ਸੀ ਕਿ ਗੱਲ ਪਿਛਾਖੜ-ਅਗਾਖੜ ਦੀ ਨਹੀਂ, ਫਿਰਕਾ ਪ੍ਰਸਤੀ ਦਾ ਰਾਹ ਰੋਕਣ ਦੀ ਹੈ। ਅਸੀਂ ਕਿਹਾ ਕਿ ਜਦੋਂ ਭਾਜਪਾ ਵਿਰੋਧੀ ਧਿਰਾਂ ਨੇ ਜੋਤੀ ਬਾਸੂ ਨੂੰ ਪ੍ਰਧਾਨ ਮੰਤਰੀ ਬਣਾਉਣਾ ਮੰਨਿਆ ਸੀ, ਗੱਲ ਓਦੋਂ ਵੀ ਫਿਰਕਾ ਪ੍ਰਸਤੀ ਰੋਕਣ ਦੀ ਸੀ,



ਫਿਰ ਅੱਜ ਵਾਲੀ ਗੱਲ ਓਦੋਂ ਸੋਚ ਲੈਣੀ ਚਾਹੀਦੀ ਸੀ ਅਤੇ ਜਿਸ ਕਾਂਗਰਸ ਨਾਲ ਅੱਜ ਬੰਗਾਲ ਵਿੱਚ ਚੋਣਾਂ ਦੀ ਸਾਂਝ ਪਾਈ ਹੈ, ਉਸ ਨਾਲ ਉਸ ਵੇਲੇ ਸਾਂਝ ਪਾਈ ਹੁੰਦੀ ਤਾਂ ਕਿੰਨਾ ਕੁ ਫਰਕ ਪੈਣਾ ਸੀ! ਕਾਮਰੇਡਾਂ ਕੋਲ ਏਦਾਂ ਦੇ ਮੌਕੇ ਇੱਕੋ ਦਲੀਲ ਵੱਡੀ ਹੁੰਦੀ ਹੈ ਕਿ ਓਦੋਂ ਨਾਲੋਂ ਪ੍ਰਸਥਿਤੀਆਂ ਬਦਲ ਗਈਆਂ ਹਨ। ਉਸ ਨੇ ਵੀ ਇਹੋ ਕਿਹਾ ਸੀ।

ਪਿਛਲੇ ਸਾਲ ਅਕਾਲੀ ਦਲ ਦੇ ਇੱਕ ਉੱਘੇ ਆਗੂ ਨਾਲ ਕਿਸੇ ਵਿਆਹ ਵਿੱਚ ਇਕੱਠੇ ਹੋਣ ਦਾ ਸਬੱਬ ਬਣ ਗਿਆ ਤਾਂ ਅਸੀਂ ਉਨ੍ਹਾਂ ਦੀ ਭਾਜਪਾ ਨਾਲ ਸਾਂਝ ਉੱਤੇ ਕਿੰਤੂ ਕਰਦਾ ਸਵਾਲ ਕੀਤਾ ਸੀ। ਉਸ ਦਾ ਜਵਾਬ ਸੀ ਕਿ ਤੁਹਾਨੂੰ ਪਹਿਲਾਂ ਅਸੀਂ ਅਕਾਲੀ ਫਿਰਕੂ ਲੱਗਿਆ ਕਰਦੇ ਸਾਂ, ਅੱਜਕੱਲ੍ਹ ਭਾਜਪਾ ਤੋਂ ਡਰ ਲੱਗਦਾ ਹੈ, ਨਾ ਕਦੇ ਅਕਾਲੀ ਫਿਰਕੂ ਸਨ ਤੇ ਨਾ ਭਾਜਪਾ ਤੋਂ ਇਸ ਦੇਸ਼ ਦੀ ਕਿਸੇ ਵੀ ਘੱਟ-ਗਿਣਤੀ ਨੂੰ ਹੀ ਕੋਈ ਖਤਰਾ ਹੈ। ਉਸ ਤੋਂ ਕੁਝ ਹਫਤੇ ਬਾਅਦ ਉਨ੍ਹਾਂ ਨੇ ਕੇਂਦਰ ਸਰਕਾਰ ਛੱਡ ਦਿੱਤੀ ਅਤੇ ਉਹੀ ਆਗੂ ਅੱਜਕੱਲ੍ਹ ਭਾਜਪਾ ਦੇ ਫਿਰਕੂਪੁਣੇ ਵਿਰੁੱਧ ਸਭ ਤੋਂ ਵੱਧ ਬਿਆਨ ਜਾਰੀ ਕਰਨ ਲੱਗਾ ਰਹਿੰਦਾ ਹੈ। ਮੈਨੂੰ ਉਸ ਦੇ ਬਿਆਨਾਂ ਵਿੱਚ ਉਸ ਦੇ ਆਪਣੇ ਗੁਨਾਹ ਦਾ ਅਹਿਸਾਸ ਮਹਿਸੂਸ ਹੁੰਦਾ ਹੈ। ਸਿੱਖੀ ਨੂੰ ਬਚਾਉਣ ਲਈ ਉਹ ਅੱਜਕੱਲ੍ਹ ਕੁਝ ਖਾਸ ਚਿੰਤਤ ਹੈ। ਪਿਛਲੇ ਦਿਨੀਂ ਅਚਾਨਕ ਉਸ ਦਾ ਫੋਨ ਆਇਆ ਤਾਂ ਅਸੀਂ ਪਿਛਲੇ ਸਾਲ ਦੀ ਗੱਲ ਚੇਤੇ ਕਰਵਾ ਦਿੱਤੀ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਭਾਜਪਾ ਤੋਂ ਕੋਈ ਖਤਰਾ ਨਹੀਂ। ਉਸ ਨੇ ਜਵਾਬ ਦਿੱਤਾ ਕਿ ਭਾਜਪਾ ਨਾਲ ਸਾਡੀ ਸਾਂਝ ਹੁੰਦੇ ਤੋਂ ਸਚਮੁੱਚ ਕੋਈ ਖਤਰਾ ਨਹੀਂ ਸੀ, ਸਾਡੀ ਉਸ ਨਾਲ ਸਾਂਝ ਟੁੱਟ ਜਾਣ ਪਿੱਛੋਂ ਭਾਜਪਾ ਦੇ ਆਗੂਆਂ ਨੂੰ ਅੱਖ ਦੀ ਸ਼ਰਮ ਨਹੀਂ ਰਹੀ, ਇਸ ਕਰ ਕੇ ਬਾਕੀ ਘੱਟ-ਗਿਣਤੀਆਂ ਵਾਂਗ ਸਿੱਖਾਂ ਦੇ ਖਿਲਾਫ ਵੀ ਉਨ੍ਹਾਂ ਦਾ ਰੁਖ ਬਦਲ ਗਿਆ ਹੈ। ਹਵਾਈ ਕੁੱਕੜ ਦੇ ਆਪਣੇ ਹਿੱਤ ਕੋਈ ਨਹੀਂ ਹੁੰਦੇ, ਹਵਾ ਦਾ ਰੁਖ ਬਦਲਦੇ ਨਾਲ ਬਦਲ ਜਾਂਦਾ ਹੈ, ਪਰ ਏਦਾਂ ਦੇ ਲੀਡਰ ਉਸ ਹਵਾਈ ਕੁੱਕੜ ਤੋਂ ਵੀ ਭੈੜੇ ਹਨ, ਜਿਹੜੇ ਆਪਣੇ ਹਿੱਤਾਂ ਨੂੰ ਕੌਮ ਦੇ ਹਿੱਤ ਦੱਸਦੇ ਰਹਿੰਦੇ ਹਨ।

ਬੀਤੇ ਹਫਤੇ ਇੱਕ ਵਿਦੇਸ਼ੀ ਸੰਸਥਾ ਨੇ ਭਾਰਤ ਵਿੱਚ ਵਿਚਾਰਾਂ ਦੀ ਆਜ਼ਾਦੀ ਦੇ ਅੰਕੜੇ ਹੋਰ ਹੇਠਾਂ ਡੇਗ ਦਿੱਤੇ ਹਨ ਤੇ ਭਾਰਤ ਸਰਕਾਰ ਇਸ ਤੋਂ ਨਾਰਾਜ਼ ਹੈ। ਵਿਰੋਧੀ ਪਾਰਟੀਆਂ ਕਹਿੰਦੀਆਂ ਹਨ ਕਿ ਗੱਲ ਵਿਦੇਸ਼ੀ ਸੰਸਥਾ ਨੇ ਠੀਕ ਕਹੀ ਹੈ ਤੇ ਭਾਜਪਾ ਨੂੰ ਹਕੀਕਤ ਮੰਨਣੀ ਚਾਹੀਦੀ ਹੈ। ਜਦੋਂ ਉਹ ਵਿਦੇਸ਼ੀ ਸੰਸਥਾ ਦੀ ਰਿਪੋਰਟ ਨੂੰ ਹਕੀਕਤ ਮੰਨ ਕੇ ਭਾਜਪਾ ਦੀ ਲੀਡਰਸ਼ਿਪ ਨੂੰ ਏਦਾਂ ਦੀ ਸਲਾਹ ਦੇਂਦੇ ਹਨ, ਖੁਦ ਉਨ੍ਹਾਂ ਨੂੰ ਵੀ ਕਦੇ ਨਾ ਕਦੇ ਇਹ ਹਕੀਕਤ ਮੰਨਣ ਦੀ ਹਿੰਮਤ ਕਰ ਲੈਣੀ ਚਾਹੀਦੀ ਹੈ ਕਿ ਹਾਲਾਤ ਨੂੰ ਏਥੋਂ ਤੱਕ ਪੁਚਾਉਣ ਵਿੱਚ ਕੁਝ ਹੱਥ ਉਨ੍ਹਾਂ ਦੇ ਗਲਤ ਰਾਜਸੀ ਪੈਂਤੜਿਆਂ ਤੇ ਸੱਤਾ ਜਾਂ ਆਪੋ-ਆਪਣੀ ਚੌਧਰ ਦੀ ਭੁੱਖ ਦਾ ਵੀ ਸੀ। ਅੱਗੇ ਇਹ ਕਿਹਾ ਜਾਂਦਾ ਸੀ ਕਿ ਇਤਿਹਾਸ ਬੜਾ ਬੇਰਹਿਮ ਹੈ ਤੇ ਇਸ ਨੇ ਕਿਸੇ ਦਾ ਵੀ ਲਿਹਾਜ ਨਹੀਂ ਕਰਨਾ, ਸਾਰਾ ਚਿੱਠਾ ਲੋਕਾਂ ਅੱਗੇ ਪੇਸ਼ ਕਰ ਦੇਣਾ ਹੈ, ਪਰ ਇਸ ਵਕਤ ਤਾਂ ਦੇਸ਼ ਦਾ ਇਤਿਹਾਸ ਵੀ ਭਾਰੂ ਧਿਰ ਆਪਣੇ ਪੱਖ ਵਿੱਚ ਬਦਲਣ ਲੱਗੀ ਹੋਈ ਹੈ। ਉਸ ਦੇ ਅੱਗੇ ਯੂਨੀਵਰਸਿਟੀਆਂ ਦੇ ਵੱਡੇ ਸਕਾਲਰ ਅੜਨ ਤੋਂ ਗੁਰੇਜ਼ ਕਰਦੇ ਹਨ ਅਤੇ ਅਦਾਲਤਾਂ ਵਿੱਚ ਬੈਠੇ ਹੋਏ ਜੱਜਾਂ ਦੀ ਇੱਕ ਵੱਡੀ ਗਿਣਤੀ ਉਸ ਦੇ ਇਰਾਦਿਆਂ ਉੱਤੇ ਸਹਿਮਤੀ ਪ੍ਰਗਟ ਕਰਨ ਦੇ ਰਾਹ ਪੈ ਗਈ ਦਿੱਸਣ ਲੱਗ ਪਈ ਹੈ। ਪੰਜਾਂ ਰਾਜਾਂ ਦੀਆਂ ਚੋਣਾਂ ਹੋ ਜਾਣਗੀਆਂ, ਕੁਝ ਥਾਂਈਂ ਭਾਜਪਾ ਨਾਲ ਆਢਾ ਲੈਣ ਵਾਲੀਆਂ ਧਿਰਾਂ ਕਾਮਯਾਬ ਵੀ ਹੋ ਜਾਣ ਤਾਂ ਇਸ ਨੂੰ ਬਹੁਤ ਵੱਡੀ ਪ੍ਰਾਪਤੀ ਨਹੀਂ ਕਿਹਾ ਜਾ ਸਕਦਾ, ਦੇਸ਼ ਜਿਸ ਪਾਸੇ ਚੱਲ ਪਿਆ ਹੈ, ਉਸ ਨੂੰ ਓਧਰਲੇ ਵਹਿਣ ਤੋਂ ਬਚਾਉਣ ਲਈ ਜੋ ਕੁਝ ਕਰਨ ਦੀ ਲੋੜ ਹੈ, ਉਹ ਸੋਚਣਾ ਚਾਹੀਦਾ ਹੈ।

# ਸਾਫ ਸੁਥਰੀ ਤੇ ਸੱਭਿਆਚਾਰਕ ਗਾਇਕੀ ਦਾ ਸਿਰਨਾਵਾਂ ਹਰਜੀਤ ਹਰਮਨ



ਹਰਜੀਤ ਹਰਮਨ ਪੰਜਾਬੀ ਗਾਇਕੀ ਦੇ ਆਕਾਸ਼ ਮੰਡਲ ਦਾ ਉਹ ਟਿਮਟਮਾਉਂਦਾ ਤਾਰਾ ਹੈ ਜਿਸ ਦੀ ਚਮਕ ਨੂੰ ਵਕਤ ਦੀ ਕੋਈ ਵੀ ਹਨੇਰੀ ਮੱਧਮ ਨਹੀਂ ਕਰ ਸਕੀ ਤੇ ਇਹ ਤਾਰਾ ਸੰਗੀਤ ਦੀ ਸੂਝ ਰੱਖਣ ਵਾਲੇ ਹਰ ਵਿਹੜੇ ਅੰਦਰ ਬੜੀ ਸ਼ਿੱਦਤ ਨਾਲ ਰੌਸ਼ਨੀ ਬਿਖੇਰਦਾ ਆ ਰਿਹਾ ਹੈ। ਪਟਿਆਲਾ ਜ਼ਿਲ੍ਹੇ ਦੇ ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਦੋਦਾ ਦੇ ਜੰਮਪਲ ਅਤੇ ਪਿਤਾ ਸ. ਬਚਿੱਤਰ ਸਿੰਘ ਤੇ ਮਾਤਾ ਸਰਦਾਰਨੀ ਅਮਰਜੀਤ ਕੌਰ ਦੇ ਇਸ ਲਾਡਲੇ ਵਲੋਂ ਹੁਣ ਤਕ ਗਾਏ ਹਰ ਗੀਤ ਨੇ ਹੀ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਇਸ ਦੀ ਅਵਾਜ਼ ਵਿੱਚ ਗੰਭੀਰਤਾ, ਸਹਿਜਤਾ ਤੇ ਸਰਲਤਾ ਦਾ ਸੁਮੇਲ ਹੈ। ਹਰਮਨ ਦੀ ਗਾਇਕੀ ਦੀ ਵੱਡੀ ਖ਼ਾਸੀਅਤ ਇਹ ਵੀ ਹੈ ਕਿ ਉਸ ਨੇ ਅੱਜ ਤਕ ਸੱਭਿਆਚਾਰਕ ਤੇ ਸਾਫ ਸੁਥਰੇ ਗੀਤ ਹੀ ਸਰੋਤਿਆਂ ਦੀ ਝੋਲੀ ਪਾਏ ਹਨ ਅਤੇ ਇਹ ਸਿੱਧ ਕਰ ਦਿਖਾਇਆ ਹੈ ਕਿ ਲੱਚਰਤਾ ਦੀ ਹਨੇਰੀ 'ਚ ਸਭਿਅਤਾ ਦਾ ਦੀਵਾ ਬਾਲਣ ਵਾਲੇ ਵੀ ਆਪਣੇ ਸੁਪਨੇ ਸਾਕਾਰ ਕਰ ਸਕਦੇ ਹਨ। ਆਪਣੀ ਗਾਇਕੀ ਵਿਚ ਜਿੱਥੇ ਉਸ ਨੇ ਘਰੇਲੂ ਰਿਸ਼ਤਿਆਂ, ਸਮਾਜਿਕ ਵਿਸ਼ਿਆਂ ਤੇ ਧਾਰਮਿਕ ਸੂਖ਼ਮ-ਭਾਵਨਾਵਾਂ ਨੂੰ ਬਿਆਨ ਕਰਦੀ ਸ਼ਾਇਰੀ ਦੀ ਚੋਣ ਕੀਤੀ, ਉੱਥੇ ਉਸ ਨੇ ਰੁਮਾਂਟਿਕ ਗੀਤਾਂ ਵਿੱਚ ਵੀ ਸੁਹਜ-ਸੁਆਦ ਮੁਕੰਮਲ ਰੂਪ ਵਿੱਚ ਬਰਕਰਾਰ ਰੱਖਿਆ ਹੈ।

ਹਰਮਨ ਦੀ ਗਾਇਕੀ ਨੂੰ ਹਰ ਉਮਰ ਦੇ ਸਰੋਤਿਆਂ ਵਲੋਂ ਪਸੰਦ ਕੀਤਾ ਜਾਂਦਾ ਹੈ। ਇਸ ਦਾ ਕਾਰਨ ਉਸ ਦੀ ਆਵਾਜ਼, ਅੰਦਾਜ਼ ਅਤੇ ਪੰਜਾਬੀ ਦੀ ਧਨੀ ਕਲਮ ਗੀਤਕਾਰ ਸਵ. ਪ੍ਰਗਟ ਸਿੰਘ ਲਿਧੜਾਂ ਵਲੋਂ ਗਾਇਨ ਸਮੱਗਰੀ ਦੀ ਸੁਹਜਮਈ ਕੀਤੀ ਗਈ ਚੋਣ ਵੀ ਹੈ। ਉਸ ਦੀ ਗਾਇਕੀ ਅਤਿਅੰਤ ਗਹਿਰੀ ਹੈ ਜਿਸ ਨੂੰ ਸੁਣ ਕੇ ਅਜੀਬ ਜਿਹਾ ਸਕੂਨ ਪ੍ਰਾਪਤ ਹੁੰਦਾ ਹੈ। ਉਸ ਦਾ ਸੁਰੀਲਾ ਕੰਠ ਤੇ ਸੁੱਚੇ ਬੋਲ ਸਰੋਤਿਆਂ ਨੂੰ ਮੱਲੋਜ਼ੋਰੀ ਕੀਲਣ ਦੀ ਸਮਰੱਥਾ ਰੱਖਦੇ ਹਨ।

ਹਰਮਨ ਵਲੋਂ ਗਾਏ 'ਕੁੜੀ ਚਿਰਾਂ ਤੋਂ ਵਿਛੜੀ', 'ਝਾਂਜਰ', 'ਮਿੱਤਰਾਂ ਦਾ ਨਾਂ ਚਲਦਾ', '302 ਬਣ ਜੂ', 'ਇੰਤਜਾਰ ਕਰਾਂਗਾ', 'ਗੱਲ ਦਿਲ ਦੀ ਦੱਸ ਸੱਜਣਾ', 'ਵੰਡੇ ਹੋਏ ਪੰਜਾਬ ਦੀ ਤਰਾਂ', 'ਸ਼ਹਿਰ ਤੇਰੇ ਦੀਆਂ ਯਾਦਾਂ', 'ਕਾਂ ਬੋਲਦਾ', 'ਚਰਖਾ', 'ਸੁਰਮਾ', 'ਚੰਡੋਲ', 'ਉਸ ਰੁੱਤੇ ਸੱਜਣ ਮਿਲਾਦੇ ਰੱਬ', 'ਇੰਝ ਨਾ ਕਰੀਂ', 'ਮੁੰਦਰੀ', 'ਪਜੇਬਾਂ', 'ਇਸ ਨਿਰਮੋਹੀ ਨਗਰੀ ਦਾ', 'ਇੱਕ ਚੰਨ ਦੇ ਵਾਪਸ ਆਉਣ ਦਾ ਇੰਤਜ਼ਾਰ ਕਰਾਂਗਾ ਮੈਂ', 'ਨੀਂ ਤੂੰ ਸੱਚੀਂਮੁੱਚੀਂ ਲੱਗੇ ਪੰਜਾਂ ਪਾਣੀਆਂ ਦੀ ਹੂਰ', 'ਸਜਨਾਂ', 'ਅਸੀਂ ਉਹ ਨਹੀਂ', 'ਚਾਦਰ', 'ਸੰਸਾਰ', 'ਪ੍ਰਦੇਸੀ', 'ਹੱਸ ਕੇ', 'ਚੰਨ', 'ਸ਼ੌਕ' ਅਤੇ 'ਅਵਾਜਾਂ', 'ਜੱਟੀ', 'ਤਰੀਕਾਂ', 'ਮਾਏ ਨੀ ਮਾਏ', 'ਦਿਲਜਾਨੀ', 'ਜੱਟ 24 ਕੇਰਟ ਦਾ' , 'ਮਿਲਾਂਗੇ ਜਰੂਰ' ਅਤੇ 'ਦਿਲ ਦੀਆਂ ਫਰਦਾਂ' ਆਦਿ ਦਰਜਨਾਂ ਹੀ ਗੀਤ ਅਜਿਹੇ ਹਨ ਜੋ ਸਰੋਤਿਆਂ ਦੇ ਮਨਾਂ ਉੱਪਰ ਪੂਰੀ ਤਰਾਂ ਛਾਏ ਹੋਏ ਹਨ।

ਗੀਤਾਂ ਰਾਹੀਂ ਸਰੋਤਿਆਂ ਦੀ ਰੂਹ ਤਕ ਪਹੁੰਚਣ ਵਾਲਾ ਇਹ ਗਾਇਕ ਆਪਣੇ ਗੀਤਾਂ ਰਾਹੀਂ ਸੱਚ ਕਹਿਣ ਦੀ ਦਲੇਰੀ ਰੱਖਦਾ ਹੈ। ਉਸ ਨੇ ਆਪਣੀਆਂ ਟੇਪਾਂ ਵਿੱਚ ਉਸਾਰੂ ਸੋਚ ਦੇ ਗੀਤਾਂ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਸਮਾਜਿਕ ਬੁਰਾਈਆਂ ਤੇ ਵਿਅੰਗਮਈ ਚੋਟ ਕਰਨ ਵਾਲੇ ਗੀਤ ਵੀ ਉਹ ਆਪਣੀ ਐਲਬਮ ਵਿੱਚ ਅਕਸਰ ਸ਼ਾਮਲ ਕਰਦਾ ਹੈ। ਉਸ ਨੇ ਰੁਮਾਂਟਿਕ ਗੀਤ ਵੀ ਗਾਏ ਹਨ ਪਰ ਇਕ ਦਾਇਰੇ ਵਿੱਚ ਰਹਿ ਕੇ ਅਤੇ ਅਸ਼ਲੀਲ ਬੋਲਾਂ ਵਾਲੇ ਗੀਤਾਂ ਨੂੰ ਆਵਾਜ਼ ਦੇਣ ਲਈਉਸ ਦੀ ਜ਼ਮੀਰ ਨੇ ਕਦੇ ਵੀ ਉਸ ਨੂੰ ਇਜ਼ਾਜਤ ਨਹੀ ਦਿੱਤੀ। ਇਸ ਤੋਂ ਇਲਾਵਾ ਹਰਮਨ ਨੇ ਕਦੇ ਵੀ ਆਪਣੇ ਗੀਤਾਂ ਦੇ ਵੀਡਿਓ ਫਿਲਮਾਂਕਣ ਵਿਚ ਵੀ ਅਸ਼ਲੀਲਤਾ ਦਾ ਸਹਾਰਾ ਨਹੀਂ ਲਿਆ। ਦੂਜੇ ਪਾਸੇ ਧਾਰਮਿਕ ਖੇਤਰ ਵਿਚ ਵੀ ਹਰਮਨ ਆਪਣੀਆਂ ਧਾਰਮਿਕ ਐਲਬਮਾਂ 'ਸਿੰਘ ਸੂਰਮੇ' ਅਤੇ 'ਸ਼ਾਨ ਏ ਕੌਮ' ਸਦਕਾ ਚੰਗਾ ਨਮਾਣਾ ਖੱਟ ਚੁੱਕਾ ਹੈ।

ਜੇਕਰ ਹਰਮਨ ਨੂੰ ਮਿਲੇ ਇਨਾਮਾਂ-ਸਨਮਾਨਾਂ ਦੀ ਗੱਲ ਕਰੀਏ ਤਾਂ ਉਸ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਅਨੇਕਾਂ ਸਨਮਾਨ ਮਿਲੇ ਹਨ ਹਨ, ਪਰ ਸਰੋਤਿਆਂ ਦੇ ਦਿਲੀ ਪਿਆਰ ਨੂੰ ਉਹ ਸਭ ਤੋਂ ਵੱਡਾ ਸਨਮਾਨ ਸਮਝਦਾ ਹੈ। ਇੱਕ ਵਧੀਆ ਕਲਾਕਾਰ ਹੋਣ ਦੇ ਨਾਲ-ਨਾਲ ਉਹ ਚੰਗੀ ਸੋਚ ਰੱਖਣ ਵਾਲਾ ਨੌਜਵਾਨ ਵੀ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਗਾਇਕੀ ਨੇ ਉਸ ਅੰਦਰ ਨਿਮ-ਰਤਾ, ਸਤਿਕਾਰ ਅਤੇ ਮਿਠਾਸ ਦੇ ਭਾਵਾਂ ਨੂੰ ਭਰਪੂਰ ਕਰ ਦਿੱਤਾ ਹੈ। ਫਿਲਮੀ ਖੇਤਰ 'ਚ ਹਰਮਨ ਨੇ ਆਪਣੀ ਫਿਲਮ ਪਾਰੀ ਦੀ ਸ਼ੁਰੂਆਤ ਭਾਵੇਂ ਬੱਬੂ ਮਾਨ ਦੀ ਫ਼ਿਲਮ 'ਦੇਸੀ ਰੋਮੀਓ' ਤੋਂ ਕੀਤੀ ਸੀ ਪਰ ਬਤੌਰ ਹੀਰੋ ਵਜੋਂ ਉਹ ਆਪਣੀ ਲੰਘੇ ਸਾਲ ਆਈਆਂ ਫਿਲਮਾਂ 'ਕੁੜਮਾਈਆਂ' ਅਤੇ 'ਤੂੰ ਮੇਰਾ ਕੀ ਲੱਗਦਾ' ਨਾਲ ਬਤੌਰ ਨਾਇਕ ਉੱਭਰ ਕੇ ਸਾਹਮਣੇ ਆਇਆ ਹੈ ਅਤੇ ਦਰਸ਼ਕਾਂ ਵਲੋਂ ਹਰਜੀਤ ਹਰਮਨ ਦੀ ਅਦਾਕਾਰੀ ਨੂੰ ਬੇਹੱਦ ਪਸੰਦ ਕੀਤਾ ਗਿਆ। ।ਦੱਸ ਦਈਏ ਕਿ ਹਰਜੀਤ ਹਰਮਨ ਭਵਿੱਖ 'ਚ ਜਲਦ ਹੀ ਹੋਰ ਵੀ ਕਈ ਨਵੇਂ ਗੀਤ ਦਰਸ਼ਕਾਂ ਦੇ ਰੂਬਰੂ ਕਰਨ ਦੀ ਤਿਆਰੀ ਹਨ। ਸੋ ਅਜੋਕੇ ਸਮੇਂ ਵਿੱਚ ਪੰਜਾਬੀ ਗਾਇਕੀ ਦੇ ਸੁਨਿਹਰੀ ਭਵਿੱਖ ਲਈ ਅਜਿਹੇ ਕਲਾਕਾਰਾਂ ਦੀ ਬੇਹੱਦ ਲੋੜ ਹੈ। ਰੱਬ ਕਰੇ, ਉਸ ਦੀ ਉਮਰ 'ਲੋਕ ਗੀਤਾਂ' ਜਿੰਨੀ ਹੋਵੇ।



ਹਰਜਿੰਦਰ ਸਿੰਘ ਜਵੰਦਾ
9463828000

# ਮਿੰਨੀ ਕਹਾਣੀ

## ਉਮਰ ਬਨਾਮ ਨੀਅਤ

- ਪ੍ਰੀਆ ਸੁਮਨ

ਬਲਜੀਤ ਛੇ ਸਾਲ ਬਾਅਦ ਵਿਦੇਸ਼ ਤੋਂ ਆਪਣੇ ਪਿੰਡ ਪਰਤੀ ਸੀ। ਉਸ ਦੇ ਆਉਣ ਦੀ ਖਬਰ ਸੁਣ ਕੇ ਪਰਵਾਰ ਬਹੁਤ ਖੁਸ਼ ਸੀ, ਪਰ ਜਦੋਂ ਘਰ ਦੀ ਦਹਲਿਜ਼ ਉੱਤੇ ਪਹੁੰਚੀ ਸਭ ਦੀ ਖੁਸ਼ੀ ਖੰਭ ਲਾ ਕੇ ਉਡ ਗਈ। ਸਭ ਦੇ ਚਿਹਰੇ ਉੱਤੇ ਸਵਾਲੀਆ ਨਿਸ਼ਾਨ ਲੱਗ ਗਿਆ ਕਿ ਜਾਣ ਵੇਲੇ ਇਕੱਲੀ ਗਈ ਬਲਜੀਤ ਨਾਲ ਅੱਜ ਇਹ ਨੌਜਵਾਨ ਲੜਕਾ ਕੌਣ ਹੈ? ਮਾਂ ਨੇ ਬਰੂਹੀਂ ਤੇਲ ਚੋਅ ਕੇ ਅੰਦਰ ਵਾੜ ਸਭ ਤੋਂ ਪਹਿਲਾਂ ਇਹੀ ਸਵਾਲ ਪੁੱਛਿਆ, ''ਇਹ ਮੁੰਡਾ ਕੌਣ ਹੈ ਤੇਰੇ ਨਾਲ? ਤੈਨੂੰ ਕਿਹਾ ਸੀ, ਮੁੰਡਿਆਂ ਉੱਤੇ ਭਰੋਸਾ ਨਾ ਕਰੀਂ।''
ਬਲਜੀਤ ਝੱਟ ਬੋਲੀ, ''ਮਾਂ, ਇਹ ਮੇਰਾ ਵੀਰ ਹੈ। ਪਰਾਈ ਧਰਤੀ ਉੱਤੇ ਜਿੱਥੇ ਸਟੋਰ ਵਿੱਚ ਮੈਂ ਕੰਮ ਦਾ ਪਤਾ ਕੀਤਾ ਤਾਂ ਬਾਪ ਦੀ ਉਮਰ ਦੇ ਉਸ ਸਟੋਰ ਮਾਲਕ ਨੇ ਕੰਮ ਬਦਲੇ ਸ਼ਰਤ ਰੱਖੀ ਸੀ ਕਿ ਮੈਂ ਉਸ ਨਾਲ ਨਾਜਾਇਜ਼ ਰਿਸ਼ਤਾ ਰੱਖਾਂ। ਮੈਂ ਸ਼ਰਤ ਠੁਕਰਾ ਦਿੱਤੀ। ਇੰਨੇ ਵਿਕਸਤ ਮੁਲਕ ਵਿੱਚ ਵੀ ਲੋਕਾਂ ਦੀ ਘਟੀਆ ਸੋਚ ਤੋਂ ਪ੍ਰੇਸ਼ਾਨ ਹੋਈ ਮੈਂ ਮਨ ਦੀ ਸ਼ਾਂਤੀ ਲਈ ਗੁਰੂ ਘਰ ਚਲੀ ਗਈ। ਉਥੇ ਇਹ ਵੀਰ ਰੱਬ ਬਣ ਕੇ ਮੇਰੀ ਜ਼ਿੰਦਗੀ ਵਿੱਚ ਆਇਆ ਜਿਸ ਨੇ ਨਾ ਸਿਰਫ ਕੰਮ ਲੱਭਣ ਵਿੱਚ ਮੇਰੀ ਮਦਦ ਕੀਤੀ, ਸਗੋਂ ਬਿਗਾਨੇ ਮੁਲਕ ਵਿੱਚ ਵੀਰੇ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ।''
ਬਲਜੀਤ ਦੀ ਮਾਂ ਨੂੰ ਸਮਝ ਆ ਗਈ ਕਿ ਉਮਰ ਕਿਸੇ ਦੀ ਨੀਤ ਤੇ ਸੋਚ ਬਿਆਨ ਨਹੀਂ ਕਰਦੀ। ਉਸ ਨੇ ਭਰੀਆਂ ਅੱਖਾਂ ਨਾਲ ਉਸ ਲੜਕੇ ਦਾ ਧੰਨਵਾਦ ਕੀਤਾ ਤੇ ਸਾਰੇ ਪਰਵਾਰ ਨੇ ਇੱਕ ਵਾਰ ਫਿਰ ਤੋਂ ਉਸ ਦਾ ਓਸੇ ਤਰ੍ਹਾਂ ਹੀ ਸਵਾਗਤ ਕੀਤਾ, ਜਿਵੇਂ ਪ੍ਰਦੇਸ ਤੋਂ ਆਏ ਘਰ ਦੇ ਜੀਅ ਦਾ ਕਰਦੇ ਹਨ।

## ਬਚਾਅ

-ਤਰਸੇਮ ਲੰਡੇ

ਡਿਊਟੀ ਉੱਤੇ ਜਾਣ ਲੱਗੇ ਮਨਜੀਤ ਨੂੰ ਉਸ ਦੀ ਸੱਤ ਕੁ ਸਾਲ ਦੀ ਧੀ ਜਾਨਵੀ ਕਹਿਣ ਲੱਗੀ, ''ਪਾਪਾ ਜੀ, ਤੁਸੀਂ ਮਾਸਕ ਜੇਬ ਵਿੱਚ ਕਿਉਂ ਪਾਇਆ ਹੈ? ਇਸ ਨੂੰ ਮੂੰਹ ਉੱਤੇ ਲਾਓ ਨਾ...।''
ਨੰਨ੍ਹੀ ਜਿਹੀ ਜਾਨਵੀ ਦੇ ਭੋਲੇ ਜਿਹੇ ਬੋਲਾਂ ਦਾ ਉੱਤਰ ਦਿੰਦਿਆਂ ਮਨਜੀਤ ਨੇ ਕਿਹਾ, ''ਕੋਈ ਗੱਲ ਨਹੀਂ ਮੇਰੀ ਲਾਡੋ ਧੀ, ਮੈਂ ਅੱਗੇ ਜਾ ਕੇ ਨਾਕੇ ਤੋਂ ਪਹਿਲਾਂ ਲਾ ਲਵਾਂਗਾ।''
''ਪਾਪਾ ਜੀ, ਇਹ ਮਾਸਕ ਤੁਸੀਂ ਬਿਮਾਰੀ ਤੋਂ ਬਚਣ ਲਈ ਲਾਉਣਾ ਹੈ ਨਾ ਕਿ ਪੁਲਸ ਵਾਲੇ ਅੰਕਲਾਂ ਤੋਂ ਬਚਣ ਲਈ...''
ਧੀ ਦੇ ਬੋਲ ਸੁਣਦਿਆਂ ਹੀ ਮਨਜੀਤ ਨੇ ਮਾਸਕ ਮੂੰਹ ਉੱਤੇ ਬੰਨ੍ਹ ਲਿਆ ਸੀ।

# ਭਾਰਤ-ਕੈਨੇਡਾ ਨੇੜਤਾ ਸਮੇਂ ਦੀ ਲੋੜ

-ਦਰਬਾਰਾ ਸਿੰਘ ਕਾਹਲੋਂ-



ਭਾਰਤ ਵਿਸ਼ਵ ਅੰਦਰ ਤੇਜ਼ੀ ਨਾਲ ਉਭਰਦੀ ਆਰਥਿਕ ਸ਼ਕਤੀ ਹੈ। ਤਕਨੀਕੀ, ਸਾਇੰਸੀ, ਕੰਪਿਊਟਰੀ, ਡਿਜੀਟਲ, ਫਾਰਮੇਸੀ, ਪੁਲਾੜ, ਸੂਰਜੀ ਊਰਜਾ ਅਤੇ ਰਣਨੀਤਕ ਖੇਤਰਾਂ ਵਿੱਚ ਅੱਖਾਂ ਚੁੰਧਿਆ ਦੇਣ ਵਾਲੀਆਂ ਇਸ ਦੀਆਂ ਖੋਜਾਂ ਅਤੇ ਪ੍ਰਾਪਤੀਆਂ ਦਾ ਲੋਹਾ ਵਿਸ਼ਵ ਮੰਨਦਾ ਹੈ। ਵਿਸ਼ਵ ਦੀ ਸਭ ਤੋਂ ਵੱਡੀ ਵਪਾਰਕ ਮੰਡੀ ਹੋਣ ਕਰ ਕੇ ਹਰ ਵੱਡਾ ਤੇ ਤਾਕਤਵਰ ਦੇਸ਼ ਭਾਰਤ ਨਾਲ ਆਪਣੇ ਵਪਾਰਕ ਸੰਬੰਧ ਬਣਾਉਣੇ ਲੋਚਦਾ ਹੈ। ਵਿਸ਼ਵ ਦੀ ਚੌਥੀ ਵੱਡੀ ਫੌਜੀ ਸ਼ਕਤੀ ਵਜੋਂ ਉਭਰਨ ਕਰ ਕੇ ਏਸ਼ੀਅਨ, ਪੈਸੇਫਿਕ, ਯੂਰਪੀ ਖੇਤਰਾਂ ਵਿੱਚ ਲਗਾਤਾਰ ਇਸ ਦਾ ਪ੍ਰਭਾਵ ਵਧ ਰਿਹਾ ਹੈ।

ਵੀਹਵੀਂ ਸਦੀ ਵਿੱਚ ਜਿੱਥੇ ਸੰਨ 1962 ਵਿੱਚ ਚੀਨ, ਸੰਨ 1948, 1965, 1971 ਤੇ 1991 ਵਿੱਚ ਪਾਕਿ-ਸਤਾਨ ਨੇ ਭਾਰਤ ਨਾਲ ਜੰਗਾਂ ਦੀ ਹਿਮ-ਾਕਤ ਕੀਤੀ, ਉਥੇ 21ਵੀਂ ਸਦੀ ਦੀ ਤਾਕਤਵਰ ਭਾਰਤੀ ਫੌਜੀ ਸ਼ਕਤੀ ਨੇ ਪੂਰੇ ਵਿਸ਼ਵ ਨੂੰ ਦਰਸਾ ਦਿੱਤਾ ਹੈ ਕਿ ਕਿਸੇ ਵੀ ਦੇਸ਼ ਨਾਲ ਸਰਹੱਦੀ, ਖੇਤਰੀ ਜਾਂ ਰਣਨੀਤਕ ਝਗੜੇ ਕਾਰਨ ਉਸ ਦੇ ਖੇਤਰ ਅੰਦਰ ਵੜ ਕੇ ਘਾਤਕ ਹਮਲਾ ਅਤੇ ਨੁਕਸਾਨ ਕਰਨ ਦੀ ਸਮਰੱਥਾ ਉਹ ਰੱਖਦੀ ਹੈ। ਬਾਲਾ ਕੋਟ ਅਤੇ ਪੈਂਗੋਂਗ ਵਾਦੀ ਸੰਬੰਧੀ ਪਾਕਿਸਤਾਨ ਤੇ ਚੀਨ ਵਿਰੁੱਧ ਭਾਰਤੀ ਹਮਲਾਵਰ ਕਾਰਵਾਈਆਂ ਨੇ ਸਿੱਧ ਕਰ ਦਿੱਤਾ ਹੈ ਕਿ ਭਾਰਤ ਨੂੰ ਛੇੜਨਾ ਖਤਰੇ ਤੋਂ ਖਾਲੀ ਨਹੀਂ। ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਕਾਰਨ ਹਰ ਲੋਕਤੰਤਰੀ ਸ਼ਕਤੀ ਅਤੇ ਦੇਸ਼ ਭਾਰਤ ਨਾਲ ਨਿੱਘੇ ਸੰਬੰਧਾਂ ਦੀ ਕਾਮਨਾ ਕਰਦਾ ਹੈ। ਅਕਸਰ ਪੂਰਾ ਵਿਸ਼ਵ ਲੋਕਤੰਤਰੀ ਸੰਸਥਾਵਾਂ ਦੀ ਮਜ਼ਬੂਤੀ ਅਤੇ ਸਿਧਾਂਤਕ ਕਿਰਿਆਸ਼ੀਲਤਾ ਲਈ ਅਮਰੀਕਾ ਵੱਲ ਤੱਕਦਾ ਹੁੰਦਾ ਸੀ, ਪਰ ਜਿਸ ਤਰ੍ਹਾਂ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਵੰਬਰ 2020 ਵਿੱਚ ਹੋਈਆਂ ਚੋਣਾਂ ਵਿੱਚ ਆਪਣੀ ਹਾਰ ਨੂੰ ਜਿੱਤ ਵਿੱਚ ਬਦਲਣ ਲਈ ਨਸਲਵਾਦ, ਹਿੰਸਾ, ਤਾਕਤ ਅਤੇ ਅਹੁਦੇ ਦੀ ਦੁਰ-ਵਰਤੋਂ ਕੀਤੀ, ਅਮਰੀਕੀ ਪਾਰਲੀਮੈਂਟ 'ਤੇ ਹਮਲੇ ਲਈ ਗੋਰੇ ਹਿੰਸਕ ਤੇ ਨਸਲਵਾਦੀ ਲੋਕਾਂ ਨੂੰ ਭੜਕਾਇਆ, ਉਸ ਨੇ ਅਮਰੀਕੀ ਲੋਕਤੰਤਰ ਦੀਆਂ ਕਮਜ਼ੋਰੀਆਂ ਤੇ ਖੋਖਲੇਪਣ ਨੂੰ ਵਿਸ਼ਵ ਸਾਹਮਣੇ ਬੇਨਕਾਬ ਕਰ ਦਿੱਤਾ।

ਯਾਦ ਰਹੇ ਕਿ ਟਰੰਪ ਕਾਲ ਵੇਲੇ ਅਮਰੀਕਾ ਨੇ ਕੈਨੇਡਾ ਤੇ ਮੈਕਸੀਕੋ ਵਰਗੇ ਗੁਆਂਢੀਆਂ ਨਾਲ ਆਪਣੀ ਸ਼ਕਤੀਸ਼ਾਲੀ ਧੌਂਸ ਦੇ ਬਲਬੂਤੇ ਤ੍ਰੈ-ਪੱਖੀ ਨਾਫਟਾ ਵਪਾਰਕ ਸਮਝੌਤਾ ਤੋੜ ਕੇ ਨਵਾਂ ਵੱਖਰਾ ਵਪਾਰਕ ਸਮਝੌਤਾ ਉਨ੍ਹਾਂ 'ਤੇ ਲੱਦਿਆ ਸੀ। ਪਿਛਲੇ ਦਿਨੀਂ ਕੈਨੇਡਾ ਦੀ ਵਿਰੋਧੀ ਧਿਰ ਕੰਜ਼ਰਵੇਟਿਵ ਪਾਟਰੀ ਦੇ ਆਗੂ ਐਰਿਨ ਓਟੂਲ ਨੇ ਵੱਡੇ ਅਖਬਾਰ ਨੈਸ਼ਨਲ ਪੋਸਟ ਵਿੱਚ ਆਪਣੇ ਇੱਕ ਲੇਖ ਰਾਹੀਂ ਆਪਣੇ ਦੇਸ਼ ਅਤੇ ਲਿਬਰਲ ਪਾਰਟੀ ਦੀ ਜਸਟਿਨ ਟਰੂਡੋ ਸਰਕਾਰ ਨੂੰ ਜ਼ੋਰਦਾਰ ਢੰਗ ਨਾਲ ਭਾਰਤ ਨਾਲ ਨਿੱਘੇ ਤੇ ਨੇੜਲੇ ਸੰਬੰਧ ਬਣਾਉਣ 'ਤੇ ਜ਼ੋਰ ਦਿੱਤਾ ਸੀ। ਐਰਿਨ ਓਟੂਲ ਦਾ ਅਜਿਹਾ ਵਿਚਾਰ ਪੂਰੇ ਵਿਸ਼ਵ ਲਈ ਰਾਹ ਦਸੇਰਾ ਸੁਨੇਹਾ ਹੈ, ਜੋ ਭਾਰਤ ਦੀ ਅਜੋਕੇ ਵਿਸ਼ਵ ਅੰਦਰ ਲੋਕਤੰਤਰੀ, ਵਪਾਰਕ, ਰਣਨੀਤਕ, ਆਪਸੀ ਕੌਮਾਂਤਰੀ ਮਿਲਵਰਤਨ ਪੱਖੋਂ ਵਿਸ਼ਵ ਆਗੂ ਦੀ ਉਭਰ ਰਹੀ ਭੂਮਿਕਾ ਵੱਲ ਇਸ਼ਾਰਾ ਕਰਦਾ ਹੈ।

ਭਾਰਤੀ ਮੂਲ ਦੇ ਲੋਕ ਵੱਡੇ ਪੱਧਰ 'ਤੇ ਕੈਨੇਡਾ ਵਿੱਚ ਵੱਸੇ ਹੋਏ ਹਨ। ਉਹ ਇਸ ਦੇਸ਼ ਦੇ ਲੋਕਤੰਤਰ, ਤਰੱਕੀ ਅਤੇ ਆਰਥਿਕ ਮਜ਼ਬੂਤੀ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਉਹ ਵੱਖ-ਵੱਖ ਰਾਜਾਂ ਵਿੱਚ ਪ੍ਰੀਮੀਅਰ, ਮੰਤਰੀ, ਵਿਧਾਇਕਾਂ ਤੇ ਕੌਂਸਲਰਾਂ, ਕੇਂਦਰੀ ਸਰਕਾਰਾਂ ਵਿੱਚ ਮੰਤਰੀਆਂ, ਪਾਰਲੀਮੈਂਟ ਮੈਂਬਰਾਂ, ਵੱਖ-ਵੱਖ ਵਿਭਾਗਾਂ ਵਿੱਚ ਅਹਿਮ ਅਧਿਕਾਰੀਆਂ ਵਜੋਂ ਜ਼ਿੰਮੇਵਾਰੀਆਂ ਨਿਭਾ ਰਹੇ ਹਨ। ਪਿੱਛੇ ਜਿਹੇ ਪਲਵਿੰਦਰ ਕੌਰ ਸ਼ੇਰਗਿੱਲ ਕੈਨੇਡੀਅਨ ਸੁਪਰੀਮ ਕੋਰਟ ਦੀ ਜੱਜ ਬਣੀ ਹੈ। ਵੀਹਵੀਂ ਸਦੀ ਦੇ ਕਾਮਾਗਾਟਾਮਾਰੂ ਅਤੇ ਏਅਰ ਇੰਡੀਆ ਦੁਖਾਂਤਾਂ ਦੇ ਬਾਵਜੂਦ ਕੈਨੇਡਾ-ਭਾਰਤ ਦੇ ਡਿਪਲੋਮੈਟਿਕ, ਵਪਾਰਕ, ਰਣਨੀਤਕ ਸੰਬੰਧਾਂ 'ਤੇ ਕੋਈ ਵੱਡਾ ਫਰਕ ਨਹੀਂ ਪਿਆ। ਇਹ ਵੀ ਸੱਚ ਹੈ ਕਿ ਜਿਵੇਂ ਕੈਨੇਡਾ-ਭਾਰਤ ਵਿਚਾਲੇ ਆਪਸੀ ਸੰਬੰਧ ਸਾਬਕਾ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਸਮੇਂ ਤੇਜ਼ੀ ਨਾਲ ਅੱਗੇ ਵਧੇ ਸਨ, ਮੌਜੂਦਾ ਲਿਬਰਲ ਪਾਰਟੀ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੇਲੇ ਉਹ ਗਤੀ ਨਹੀਂ ਰਹੀ, ਪਰ ਦੋਵਾਂ ਰਾਸ਼ਟਰਾਂ ਦੀ ਲੋਕਤੰਤਰੀ ਵਿਵਸਥਾ, ਭਾਈਚਾਰਕ ਸਾਂਝ, ਕਾਮਨਵੈਲਥ ਸੰਸਥਾ ਦੀ ਮੈਂਬਰੀ ਤੇ ਮੇਲ-ਜੋਲ, ਖੁੱਲ੍ਹੇ ਬਾਜ਼ਾਰ ਵਾਲੀਆਂ ਲੋਕਸ਼ਾਹੀਆਂ ਹੋਣ ਕਰ ਕੇ 12000 ਕਿਲੋਮੀਟਰ ਦੂਰੀ ਕੋਈ ਮਹੱਤਵ ਨਹੀਂ ਰੱਖਦੀ। ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਅਪ੍ਰੈਲ 2015 ਵਿੱਚ ਕੈਨੇਡਾ ਆਏ ਸਨ ਤਾਂ ਉਨ੍ਹਾਂ ਦੀ ਸਟੀਫਨ ਹਾਰਪਰ ਸਰਕਾਰ ਨੇ ਨਿੱਘਾ ਸਵਾਗਤ ਕੀਤਾ ਸੀ।

ਦੋਵੇਂ ਪ੍ਰਧਾਨ ਮੰਤਰੀ ਪ੍ਰੋਟੋਕੋਲ ਤੋੜ ਕੇ ਇੱਕੋ ਹਵਾਈ ਜਹਾਜ਼ 'ਤੇ ਓਟਾਵਾ ਤੋਂ ਟੋਰਾਂਟੋ ਆਏ ਸਨ। ਸ੍ਰੀਮਤੀ ਹਾਰਪਰ ਨੇ ਭਾਰਤੀ ਸਾੜ੍ਹੀ ਪਹਿਨ ਕੇ ਭਾਰਤ ਅਤੇ ਭਾਰਤੀ ਭਾਈਚਾਰੇ ਨਾਲ ਸਭਿਆਚਾਰਕ ਸਾਂਝ ਦਾ ਮੁਜ਼ਾਹਰਾ ਕੀਤਾ ਸੀ। ਸੰਨ 2005-15 ਦੌਰਾਨ ਕੈਨੇਡੀਅਨ ਐਕਸਪੋਰਟ ਭਾਰਤ ਨਾਲ 300 ਫੀਸਦੀ ਵਧੀ। ਭਾਰਤੀ ਇੰਪੋਰਟ ਕੈਨੇਡਾ ਅੰਦਰ 120 ਫੀਸਦੀ ਵਧੂ, ਪਰ ਸੰਨ 2015-19 ਵਿੱਚ ਇਸ ਵਪਾਰਕ ਗਤੀ ਵਿੱਚ ਖੜੋਤ ਵੇਖਣ ਨੂੰ ਮਿਲੀ। ਵਪਾਰਕ ਅਦਾਨ-ਪ੍ਰਦਾਨ ਤੀਹ ਫੀਸਦੀ ਘਟਿਆ। ਮੌਜੂਦਾ ਘੱਟ ਗਿਣਤੀ ਜਸਟਿਨ ਟਰੂਡੋ ਲਿਬਰਲ ਸਰਕਾਰ 'ਤੇ ਵਿਰੋਧੀ ਧਿਰ ਦੇ ਆਗੂ ਓਟੂਲ ਨੇ ਹਮਲਾ ਕਰਦਿਆਂ ਕਿਹਾ ਕਿ ਭਾਰਤ-ਕੈਨੇਡਾ ਵਿਚਾਲੇ ਵਪਾਰ ਵਧਾਉਣ ਤੇ ਸੁਰੱਖਿਆ ਸਮੇਤ ਕਈ ਖੇਤਰਾਂ ਵਿਚ ਸਹਿਯੋਗ ਦੀਆਂ ਵੱਡੀਆਂ ਸੰਭਾਵਨਾਵਾਂ ਸਨ, ਜਿਨ੍ਹਾਂ ਦਾ ਲਾਭ ਨਹੀਂ ਲਿਆ ਗਿਆ। ਭਾਰਤ ਨੇ ਦਵਾਈਆਂ ਦੇ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਭਾਰਤ ਫਾਰਮੇਸੀ ਅਤੇ ਦਵਾਈ ਖੇਤਰ ਵਿੱਚ ਵਿਸ਼ਵ ਗੁਰੂ ਬਣਿਆ ਪਿਆ ਹੈ। ਕੋਵਿਡ-19 ਦੀ ਰੋਕਥਾਮ ਲਈ ਇਹ ਪੂਰੇ ਵਿਸ਼ਵ ਨੂੰ ਟੀਕਾ ਸਪਲਾਈ ਕਰਨ ਦੀ ਸਮਰੱਥਾ ਰੱਖਦਾ ਹੈ। ਕੈਨੇਡਾ ਦਾ ਭਾਰਤ ਨਾਲ ਮੈਡੀਕਲ ਖੇਤਰ ਵਿੱਚ ਨਿੱਘਾ ਮੇਲ-ਜੋਲ ਹੁੰਦਾ ਤਾਂ ਕੈਨੇਡਾ ਕੋਵਿਡ-19 ਦਾ ਟੀਕਾ ਬਣਾ ਸਕਦਾ ਸੀ। ਭਾਰਤ ਵੱਖ-ਵੱਖ ਗੁਆਂਢੀ ਦੇਸ਼ਾਂ ਬੰਗਲਾ ਦੇਸ਼, ਪਾਕਿ-ਸਤਾਨ, ਭੂਟਾਨ, ਨੇਪਾਲ ਅਤੇ ਪੱਛੜੇ ਅਫਰੀਕੀ ਦੇਸ਼ਾਂ ਨੂੰ ਮੁਫਤ ਇਹ ਟੀਕੇ ਦੇ ਰਿਹਾ ਹੈ।

ਜਸਟਿਨ ਟਰੂਡੋ ਦੇ ਫਰਵਰੀ 2018 ਵਿੱਚ ਹੋਏ ਭਾਰਤ ਦੇ ਦੌਰੇ ਸਮੇਂ ਧਾਰਮਿਕ ਅਤੇ ਵੱਖਵਾਦ ਦੇ ਮੁੱਦੇ ਕਾਰਨ ਉਨ੍ਹਾਂ ਨੂੰ ਮੋਦੀ ਸਰਕਾਰ ਤੋਂ 'ਅਤਿਥੀ ਦੇਵੋ ਭਵ' ਵਾਲਾ ਮਾਣ-ਸਤਿਕਾਰ ਨਹੀਂ ਮਿਲ ਸਕਿਆ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਉਨ੍ਹਾਂ ਦੀ ਪੰਜਾਬ ਫੇਰੀ ਸਮੇਂ ਅਗਵਾਨੀ ਤੋਂ ਪਾਸਾ ਵੱਟ ਲਿਆ ਸੀ, ਕਿਉਂਕਿ ਉਨ੍ਹਾਂ ਨੂੰ ਕੈਨੇਡਾ ਦੀ ਧਰਤੀ 'ਤੇ ਰਾਜਨੀਤਕ ਪ੍ਰਚਾਰ ਨਹੀਂ ਕਰਨ ਦਿੱਤਾ ਗਿਆ ਸੀ। ਭਾਵੇਂ ਜਸਟਿਨ ਟਰੂਡੋ ਨੇ ਸਾਫ ਕਰ ਦਿੱਤਾ ਸੀ ਕਿ ਕੈਨੇਡਾ ਕਿਸੇ ਵੀ ਤਰ੍ਹਾਂ ਦੀ ਭਾਰਤ ਅੰਦਰ ਚੱਲਦੀ ਵੱਖਵਾਦੀ ਲਹਿਰ ਦੀ ਹਮਾਇਤ ਨਹੀਂ ਕਰਦਾ, ਫਿਰ ਵੀ ਭਾਰਤ-ਕੈਨੇਡਾ ਸੰਬੰਧ ਖੜੋਤ ਦਾ ਸ਼ਿਕਾਰ ਬਣੇ ਰਹੇ। ਇਹ ਖੜੋਤ ਤੋੜਨ ਲਈ ਪ੍ਰਧਾਨ ਮੰਤਰੀ ਟਰੂਡੋ ਨੇ ਫਰਵਰੀ 2021 ਵਿੱਚ ਮੋਦੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਉਨ੍ਹਾਂ ਭਾਰਤ ਤੋਂ ਕੋਵਿਡ-19 ਸੰਬੰਧੀ ਸੀਰਮ ਸੰਸਥਾ ਦੇ ਬਣਾਏ ਟੀਕਿਆਂ ਦੀ ਮੰਗ ਕੀਤੀ, ਜਿਸ ਦੀ ਪੂਰਤੀ ਮੋਦੀ ਨੇ ਤੁਰੰਤ ਕਰ ਦਿੱਤੀ। ਦੂਸਰੇ ਡਿਪਲੋਮੈਟਿਕ, ਵਪਾਰਕ, ਰਣਨੀਤਕ ਮੁੱਦਿਆਂ ਸੰਬੰਧੀ ਮਿਲਵਰਤਨ ਦੀਆਂ ਗੱਲਾਂ ਵੀ ਹੋਈਆਂ। ਭਾਰਤ-ਕੈਨੇਡਾ ਦੋਵਾਂ ਨੇ ਬ੍ਰਿਟਿਸ਼ਸ਼ਾਹੀ ਦੌਰਾਨ ਵਿਸ਼ਵ ਦੀ ਪਹਿਲੀ ਤੇ ਦੂਜੀ ਜੰਗ ਲੜੀ। ਦੋਵਾਂ ਦੇਸ਼ਾਂ ਦੇ ਸ਼ਹੀਦ ਸਿਪਾਹੀ ਸਾਂਝੀਆਂ ਕਬਰਾਂ ਵਿੱਚ ਦਫਨ ਹਨ। ਕੈਨੇਡਾ ਨੂੰ ਕੁਆਡਰੇਟਲ ਸੁਰੱਖਿਆ ਗੱਲਬਾਤ ਵਿੱਚ ਸ਼ਾਮਲ ਭਾਰਤ, ਅਮਰੀਕਾ, ਜਾਪਾਨ, ਆਸਟਰੇਲੀਆ ਗਠਜੋੜ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਭਾਰਤ ਦਾ ਐਟਮੀ ਪ੍ਰੋਗਰਾਮ ਬਹੁਤ ਮਜ਼ਬੂਤ ਹੈ। ਕੈਨੇਡਾ ਨੂੰ ਇਸ ਦਾ ਲਾਭ ਲੈਣਾ ਚਾਹੀਦਾ ਹੈ।

ਕੈਨੇਡਾ ਨੇ ਖੇਤੀ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ। ਪਿਛਲੇ 100 ਸਾਲਾਂ ਵਿੱਚ ਵੱਡੇ ਖੇਤੀ ਸੁਧਾਰ ਕੀਤੇ ਹਨ। ਕੈਨੇਡਾ ਇਸ ਖੇਤਰ ਵਿੱਚ ਵਿਸ਼ਵ ਦਾ ਪੰਜਵਾਂ ਵੱਡਾ ਐਕਸਪੋਰਟਰ ਦੇਸ਼ ਹੈ। ਉਹ 56 ਬਿਲੀਅਨ ਡਾਲਰ ਦਾ ਅਨਾਜ ਨਿਰਯਾਤ ਕਰਦਾ ਹੈ। ਉਸ ਦੇ ਨੱਬੇ ਫੀਸਦੀ ਕਿਸਾਨ ਐਕਸਪੋਰਟ 'ਤੇ ਨਿਰਭਰ ਹਨ। ਉਸ ਕੋਲ ਵਧੀਆ ਟਰਾਂਸਪੋਰਟ ਸਿਸਟਮ ਹੈ। ਕੈਮੀਕਲ ਖਾਦਾਂ ਦੀ ਪੈਦਾਵਾਰ ਦਾ ਕੇਂਦਰ ਹੈ। ਖੇਤੀ ਪ੍ਰਧਾਨ ਭਾਰਤ ਇਨ੍ਹਾਂ ਖੇਤਰਾਂ ਵਿੱਚ ਕੈਨੇਡਾ ਦੇ ਸਹਿਯੋਗ ਰਾਹੀਂ ਵੱਡੀਆਂ ਮੱਲਾਂ ਮਾਰ ਸਕਦਾ ਹੈ। ਭਾਰਤ ਦੀ ਫੂਡ ਸੁਰੱਖਿਆ ਮਜ਼ਬੂਤ ਬਣ ਸਕਦੀ ਹੈ। ਚੀਨ ਦਾ ਪਸਾਰਵਾਦ ਰੋਕਣ ਲਈ ਕੈਨੇਡਾ ਲਈ ਇਹ ਜ਼ਰੂਰੀ ਹੈ ਕਿ ਉਸ 'ਤੇ ਨਿਰਭਰਤਾ ਘਟਾ ਕੇ ਭਾਰਤੀ ਵਿਸ਼ਾਲ ਲੋਕਤੰਤਰ ਨਾਲ ਸੰਬੰਧ ਨਿੱਘੇ ਬਣਾਏ। ਇਸ ਪਸਾਰਵਾਦ ਨੂੰ ਨੱਪਣ ਲਈ ਤੁਰੰਤ ਇੰਡੋ-ਪੈਸੇਫਿਕ ਗਠਜੋੜ ਵਿੱਚ ਸ਼ਾਮਲ ਹੋਵੇ। ਅੱਜ ਭਾਰਤ, ਕੈਨੇਡਾ ਦਾ 10ਵਾਂ ਵਪਾਰਕ ਭਾਈਵਾਲ ਹੈ, ਪਰ ਜੇ ਕੈਨੇਡਾ ਰਾਜਨੀਤਕ ਇੱਛਾ ਸ਼ਕਤੀ ਅਤੇ ਨੀਤੀਗਤ ਮਜ਼ਬੂਤੀ ਨਾਲ ਭਾਰਤ ਦੀ ਵਿਸ਼ਾਲ ਮਾਰਕੀਟ ਤੇ ਵੱਡੀਆਂ ਆਰਥਿਕ ਤਬਦੀਲੀਆਂ ਵੱਲ ਪੂਰਾ ਧਿਆਨ ਕੇਂਦਰਿਤ ਕਰੇ ਤਾਂ ਉਹ ਅਮਰੀਕਾ ਤੋਂ ਬਾਅਦ ਦੂਸਰਾ ਵੱਡਾ ਵਪਾਰਕ ਭਾਈਵਾਲ ਹੋ ਸਕਦਾ ਹੈ। ਦੋਵਾਂ ਦੇਸ਼ਾਂ ਨੂੰ ਇਸ ਪਾਸੇ ਸੁਹਿਰਦਤਾ ਨਾਲ ਅੱਗੇ ਵਧਣਾ ਚਾਹੀਦਾ ਹੈ।

## ਕੁੰਡੀ ਪਾ ਕੇ ਬਿਜਲੀ ਚੋਰੀ ਕਰਨ 'ਤੇਹੋਟਲ ਨੂੰ 38 ਲੱਖ ਜੁਰਮਾਨਾ

ਅੰਮ੍ਰਿਤਸਰ, 18 ਮਾਰਚ (ਪੋਸਟ ਬਿਊਰੋ)- ਪਾਵਰਕਾਮ ਦੇ ਇਨਫੋਰਸਮੈਂਟ ਵਿਭਾਗ ਨੇ ਬਿਜਲੀ ਚੋਰੀ ਦੇ ਖਿਲਾਫ ਮੁਹਿੰਮ ਵਿੱਢੀ ਹੋਈ ਹੈ ਅਤੇ ਬਿਜਲੀ ਚੋਰਾਂ ਨੂੰ ਲੱਖਾਂ ਰੁਪਏ ਜੁਰਮਾਨਾ ਵੀ ਕੀਤਾ ਜਾ ਰਿਹਾ ਹੈ।

ਕੱਲ੍ਹ ਅੰਮ੍ਰਿਤਸਰ ਇਨਫੋਰਸਮੈਂਟ ਟੀਮ ਨੇ ਦਰਬਾਰ ਸਾਹਿਬ ਗਲਿਆਰੇ ਦੇ ਆਸਪਾਸ ਦੇ ਕਈ ਹੋਟਲਾਂ ਅਤੇ ਮੋਟਰ ਸਾਈਕਲ ਏਜੰਸੀਆਂ ਵਿੱਚ ਬਿਜਲੀ ਚੋਰੀ ਫੜਨ ਲਈ ਛਾਪੇ ਮਾਰ ਕੇ ਲੱਖਾਂ ਰੁਪਏ ਦੀ ਚੋਰੀ ਫੜੀ। ਐਸ ਈ ਰਘੁਬੀਰ ਸਿੰਘ ਨੇ ਦੱਸਿਆ ਕਿ ਘਿਓ ਮੰਡੀ ਸਬ ਡਵੀਜ਼ਨ ਦੇ 100 ਮੀਟਰ ਦੂਰ ਰੇਵਤੀ ਹੋਟਲ ਵਿੱਚ ਮੀਟਰ ਨੂੰ ਬਾਈਪਾਸ ਕਰ ਕੇ ਸਿੱਧੀ ਕੁੰਡੀ ਪਾ ਕੇ ਬਿਜਲੀ ਚੋਰੀ ਕੀਤੀ ਜਾ ਰਹੀ ਸੀ। ਇਸ ਦਾ ਮੌਕੇ ਉੱਤੇ ਬਿਜਲੀ ਕੁਨੈਕਸ਼ਨ ਕੱਟ ਕੇ ਬਿਜਲੀ ਚੋਰੀ ਦੇ ਬਦਲੇ ਵਿੱਚ 38 ਲੱਖ ਰੁਪਏ ਜੁਰਮਾਨਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਟੀਮਾਂ ਵੱਲੋਂ ਰੇਵਤੀ ਹੋਟਲ ਦੀ ਚੈਕਿੰਗ ਕੀਤੀ ਵੇਲੇ ਪਤਾ ਲੱਗਾ ਕਿ ਉਹ ਸਿੱਧੀ ਕੇਬਲ ਪਾ ਕੇ ਬਿਜਲੀ ਦੀ ਵਰਤਰਿਹਾ ਸੀ। ਇਸ ਹੋਟਲ ਦੇ ਕੁੱਲ 28 ਕਮਰੇ ਸਨ ਅਤੇ ਸੈਕਸ਼ਨ ਲੋਡ ਤਿੰਨ ਕਿਲੋਵਾਟ ਸੀ, ਪਰ ਜਦ ਜਾਂਚ ਕੀਤੀ ਤਾਂ ਸੱਤਰ ਕਿਲੋਵਾਟ ਲੋਡ ਨਿਕਲਿਆ। ਇਸ ਵਿੱਚ ਹੋਟਲ ਦੇ ਮਾਲਕ ਉੱਤੇ 38 ਲੱਖ ਜੁਰਮਾਨਾ ਕਰ ਕੇ ਬਿਜਲੀ ਵੀ ਕੱਟ ਦਿੱਤੀ ਗਈ ਹੈ।

## ਗੋਰਖਪੁਰ ਵਿੱਚ ਸੋਨਾ ਲੁੱਟਣ ਦੇ ਕੇਸ ਵਿੱਚ ਬੁਲਾਰੀਆ ਖਿਲਾਫ ਗੰਭੀਰ ਦੋਸ਼ ਲੱਗ

ਅੰਮ੍ਰਿਤਸਰ, 18 ਮਾਰਚ (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਸੁਨਿਆਰੇ ਸ਼ੈਲਿੰਦਰ ਸਿੰਘ ਤੋਂ ਗੋਰਖਪੁਰ (ਯੂ ਪੀ) ਵਿੱਚ ਸੋਨਾ ਲੁੱਟਣ ਵਾਲਾ ਕਾਂਗਰਸੀ ਆਗੂ ਸੰਤੋਖ ਸਿੰਘ ਹੀਰਾ ਹਲਕਾ ਦੱਖਣੀ ਤੋਂ ਕਾਂਗਰਸ ਦੇ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਦਾ ਨੇੜਲਾ ਸਾਥੀ ਹੈ, ਜੋ ਵਿਧਾਇਕ ਦੀ ਸ਼ਹਿ ਉੱਤੇ ਲੁੱਟਾਂ ਦੀਆਂ ਵਾਰਦਾਤਾਂ ਕਰਦਾ ਸੀ। ਇਹ ਦੋਸ਼ ਵਿਧਾਨ ਸਭਾ ਹਲਕਾ ਦੱਖਣੀ ਦੇ ਅਕਾਲੀ ਦਲ ਵੱਲੋਂ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਲਗਾਏ। ਗਿੱਲ ਨੇ ਕਿਹਾ ਕਿ ਇਸ ਮਾਮਲੇ ਵਿੱਚ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ, ਉਸ ਦੇ ਪੀ ਏ ਪਰਮਜੀਤ ਸਿੰਘ ਤੇ ਅਰਵਿੰਦਰ ਸਿੰਘ ਭਾਟੀਆ ਵੀ ਸ਼ਾਮਲ ਹਨ, ਜਿਨ੍ਹਾਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।



ਇੰਦਰਬੀਰ ਸਿੰਘ ਬੁਲਾਰੀਆ

ਗੱਲਬਾਤ ਦੌਰਾਨ ਤਲਬੀਰ ਸਿੰਘ ਗਿੱਲ ਨੇ ਹੀਰਾ ਦੇ ਨਾਲ ਵਿਧਾਇਕ ਬੁਲਾਰੀਆ ਅਤੇ ਉਸ ਦੇ ਪੀ ਏ ਅਰਵਿੰਦਰ ਭਾਟੀਆ ਅਤੇ ਪੀ ਏ ਪਰਮਜੀਤ ਸਿੰਘ ਦੀਆਂ ਫੋਟੋ ਦਿਖਾਉਂਦਿਆਂ ਕਿਹਾ ਕਿ ਜੇ ਪੁਲਸ ਇਸ ਬਾਰੇ ਗੰਭੀਰਤਾ ਨਾਲ ਹੀਰਾ ਤੋਂ ਪੁੱਛਗਿੱਛ ਕਰੇ ਤਾਂ ਵਿਧਾਇਕ ਬੁਲਾਰੀਆ ਅਤੇ ਉਸ ਦੇ ਦੋਵੇਂ ਪੀ ਏ ਜੇਲ੍ਹ ਦੀਆਂ ਸੀਖਾਂ ਪਿੱਛੇ ਦਿਖਾਈ ਦੇਣਗੇ।ਗਿੱਲ ਨੇ ਕਿਹਾ ਕਿ ਅੰਮ੍ਰਿਤਸਰ ਪੁਲਸ ਵੱਲੋਂ ਥੋੜ੍ਹੇ ਦਿਨ ਪਹਿਲਾਂ ਨਾਜਾਇਜ਼ ਹਥਿਆਰਾਂ ਸਮੇਤ ਫੜਿਆ ਗਿਆ ਸਾਬਕਾ ਕੌਂਸਲਰ ਵਿੱਕੀ ਕੰਡਾ ਵੀ ਇਸ ਵਿਧਾਇਕ ਦਾ ਨਜ਼ਦੀਕੀ ਹੈ, ਜਿਸ ਨੂੰ ਵਿਧਾਇਕ ਨੇ ਵਾਰਡ 37 ਦੀ ਜ਼ਿਮਨੀ ਚੋਣ ਵਿੱਚਇੱਕ ਬੂਥ ਇੰਚਾਰਜ ਦੀ ਜ਼ਿੰਮੇਵਾਰੀ ਸੌਂਪੀ ਸੀ।

ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਨੇ ਕਿਹਾ ਕਿ ਸੰਤੋਖ ਸਿੰਘ ਹੀਰਾ ਨੇ ਆਮ ਨਾਗਰਿਕ ਵਾਂਗ ਉਸ ਨਾਲ ਫੋਟੋ ਖਿਚਵਾਈ ਹੈ। ਉਨ੍ਹਾਂ ਅਨੁਸਾਰ ਸੰਤੋਖ ਸਿੰਘ ਹੀਰਾ ਨੂੰ ਉਹ ਜਾਣਦੇ ਹਨ, ਇਸ ਤੋਂ ਉਹ ਮੁਕਰਦੇ ਨਹੀਂ। ਬੁਲਾਰੀਆ ਨੇ ਕਿਹਾ ਕਿ ਸ਼ਹਿਰ ਵਿੱਚ ਵਪਾਰੀ ਹੋਣ ਦੇ ਨਾਤੇ ਬਹੁਤ ਥਾਂ ਉੱਤੇ ਸੰਤੋਖ ਸਿੰਘ ਹੀਰਾ ਦੀਆਂ ਅਕਾਲੀ ਦੇ ਸ਼ਹਿਰੀ ਪ੍ਰਧਾਨ ਗੁਰਪ੍ਰਤਾਪ ਸਿੰਘ ਟਿੱਕਾ ਨਾਲ ਵੀ ਤਸਵੀਰਾਂ ਹਨ, ਜਿਨ੍ਹਾਂ ਨੂੰ ਮੈਂ ਪੇਸ਼ ਕੀਤਾ ਹੈ।

## ਬੈਂਕ ਦੇ ਕੈਸ਼ ਕਾਊਂਟਰ ਮੂਹਰੇ ਖੜ੍ਹੇ ਗਾਹਕ ਤੋਂ ਸਾਢੇ 5 ਲੱਖ ਰੁਪਏ ਖੋਹ ਕੇ ਭੱਜਿਆ ਲੁਟੇਰਾ ਕਾਬੂ

ਜਲੰਧਰ, 18 ਮਾਰਚ (ਪੋਸਟ ਬਿਊਰੋ)- ਇਸ ਸ਼ਹਿਰ ਦੇ ਰਾਮਾ ਮੰਡੀ ਫਲਾਈਓਵਰ ਨੇੜੇ ਪੰਜਾਬ ਨੈਸ਼ਨਲ ਬੈਂਕ ਦੀ ਬ੍ਰਾਂਚ ਵਿੱਚ ਕੈਸ਼ ਕਾਊਂਟਰ ਉੱਤੇ ਪੈਸੇ ਜਮ੍ਹਾ ਕਰਵਾਉਣ ਆਏ ਇੱਕ ਵਿਅਕਤੀ ਦਾ ਬੈਗ ਲੁੱਟ ਕੇ ਭੱਜੇ ਲੁਟੇਰੇ ਨੂੰ ਲੋਕਾਂ ਨੇ ਕਾਬੂ ਕਰ ਲਿਆ। ਜਦੋਂ ਲੁਟੇਰੇ ਨੇ ਵਿਅਕਤੀ ਦਾ ਬੈਗ ਲੁੱਟਿਆ ਤਾਂ ਉਸ ਵੱਲੋਂ ਰੌਲਾ ਪਾਉਣ ਉੱਤੇ ਲੋਕ ਇਕੱਠੇ ਹੋ ਗਏ, ਜਿਨ੍ਹਾਂ ਨੇ ਲੁਟੇਰੇ ਨੂੰ ਬੈਗ ਸਮੇਤ ਫੜ ਕੇ ਉਸ ਦੀ ਚੰਗੀਤਰ੍ਹਾਂ ਛਿੱਤਰ-ਪਰੇਡ ਕੀਤੀ। ਦੱਸਿਆ ਗਿਆ ਹੈ ਕਿ ਬੈਗ ਵਿੱਚ ਲੱਗਭਗ ਸਾਢੇ ਪੰਜ ਲੱਖ ਰੁਪਏ ਸਨ। ਪੁਲਸ ਪਹੁੰਚੀ ਤਾਂ ਲੋਕਾਂ ਨੇ ਉਹ ਪੁਲਸ ਦੇ ਹਵਾਲੇ ਕਰ ਦਿੱਤਾ। ਐਸ ਐਚ ਓ ਸੁਲੱਖਣ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਮੁਲਜ਼ਮ ਉੱਤੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੀੜਤ ਸੁਰਿੰਦਰਪਾਲ ਨੇ ਦੱਸਿਆ ਕਿ ਉਹ ਰਾਮਾ ਮੰਡੀ ਦਾ ਵਸਨੀਕ ਹੈ ਅਤੇ ਸਾਬਕਾ ਕੌਂਸਲਰ ਗੁਰਨਾਮ ਸਿੰਘ ਮੁਲਤਾਨੀ ਕੋਲ ਨੌਕਰੀ ਕਰਦਾ ਹੈ ਅਤੇ ਅਕਸਰ ਹੀ ਦੁਕਾਨ ਤੋਂ ਕੈਸ਼ ਲੈ ਕੇ ਬੈਂਕ ਵਿੱਚ ਜਮ੍ਹਾ ਕਰਾਉਣ ਆਉਂਦਾ ਹੈ। ਕੱਲ੍ਹ ਜਦੋਂ ਉਹ ਕੈਸ਼ ਜਮ੍ਹਾ ਕਰਾਉਣ ਆਇਆ ਤੇ ਕੈਸ਼ ਕਾਊਂਟਰ ਉੱਤੇ ਲਾਈਨ ਵਿੱਚ ਲੱਗ ਗਿਆ ਤਾਂ ਜਦੋਂ ਉਸ ਦਾ ਕਾਊਂਟਰ ਉੱਤੇ ਨੰਬਰ ਆਇਆ ਤਾਂ ਪਿੱਛੇ ਖੜ੍ਹਾ ਵਿਅਕਤੀ ਉਸਦਾ ਬੈਗ, ਜਿਸ ਵਿੱਚ ਸਾਢੇ ਪੰਜ ਲੱਖ ਰੁਪਏ ਸਨ, ਖੋਹ ਕੇ ਭੱਜਣ ਲੱਗਾ। ਜਦੋਂ ਉਸ ਨੇ ਰੌਲਾ ਪਾਇਆ ਤਾਂ ਬੈਂਕ ਅੰਦਰ ਖੜ੍ਹੇ ਲੋਕਾਂ ਨੇ ਲੁਟੇਰੇ ਨੂੰ ਫੜ ਲਿਆ ਤੇ ਬੈਂਕ ਦੀ ਸਕਿਓਰਿਟੀ ਟੀਮ ਨੇ ਹਿਰਾਸਤ ਵਿੱਚ ਲੈ ਕੇ ਉਸ ਦੀ ਕਾਫ਼ੀ ਛਿੱਤਰ-ਪਰੇਡ ਕੀਤੀ। ਫਿਰ ਥਾਣਾ ਰਾਮਾ ਮੰਡੀ ਦੀ ਪੁਲਸ ਨੂੰ ਦੱਸਿਆ। ਪੁਲਸ ਮੌਕੇ ਉੱਤੇ ਪਹੁੰਚ ਕੇ ਲੁਟੇਰੇ ਨੂੰ ਥਾਣੇ ਲੈ ਗਈ।ਐਸ ਐਚ ਓ ਸੁਲੱਖਣ ਸਿੰਘ ਬਾਜਵਾ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਹਰਿੰਦਰ ਕੁਮਾਰ ਪੁੱਤਰ ਨੰਦਰ ਕੁਮਾਰ ਵਾਸੀ ਝਾਰਖੰਡ ਵਜੋਂ ਹੋਈ, ਜੋ ਮਜ਼ਦੂਰਾਂ ਦੀ ਠੇਕੇਦਾਰੀ ਕਰਦਾ ਹੈ ਅਤੇ ਫਿਲਹਾਲ ਜਲੰਧਰ ਕੁੰਜ ਵਿੱਚ ਇੱਕ ਝੁੱਗੀ ਵਿੱਚ ਰਹਿੰਦਾ ਹੈ। ਉਸਦਾ ਪਰਵਾਰ ਝਾਰਖੰਡ ਵਿੱਚ ਹੈ। ਉਸ ਨੇ ਮੰਨਿਆ ਕਿ ਉਹ ਕਾਫੀ ਦੇਰ ਤੋਂ ਕਰਜ਼ੇ ਵਿੱਚ ਡੁੱਬਿਆ ਹੋਇਆ ਹੈ, ਜਿਸ ਲਈ ਉਸ ਨੂੰ ਪੈਸਿਆਂ ਦੀ ਲੋੜ ਸੀ। ਉਸ ਨੇ ਸੋਚਿਆ ਕਿ ਉਹ ਇੱਕ ਵਾਰ ਪੈਸੇ ਲੈ ਕੇ ਫਰਾਰ ਹੋ ਜਾਵੇਗਾ ਤਾਂ ਕਰਜ਼ਾ ਉਤਰ ਜਾਵੇਗਾ।



ਪੁਲਸ ਦੀ ਪਕੜ ਵਿਚ ਮੁਲਜ਼ਮ।

## ਪੰਜਾਬੀਆਂ ਨੇ ਪੜ੍ਹਾਈ ਲਈ 1800 ਕਰੋੜ ਦਾ ਕਰਜ਼ਾ ਚੁੱਕਿਆ

ਚੰਡੀਗੜ੍ਹ, 18 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਇਕੱਲੇ ਕਿਸਾਨ ਨਹੀਂ, ਵਿਦਿਆਰਥੀ ਵੀ ਕਰਜ਼ਾਈ ਹਨ। ਬੈਂਕਾਂ ਤੋਂ 'ਐਜੁਕੇਸ਼ਨ ਕਰਜ਼ਾ' ਲੈਣ ਵਾਲੇ ਪੰਜਾਬ ਦੇ ਤੀਹ ਹਜ਼ਾਰ ਵਿਦਿਆਰਥੀਆਂ ਦੇ ਸਿਰ 1748.48 ਕਰੋੜ ਰੁਪਏ ਕਰਜ਼ਾ ਹੈ। ਗਰੀਬ ਘਰਾਂ ਦੇ ਵਿਦਿਆਰਥੀ 'ਸਿੱਖਿਆ ਕਰਜ਼ਾ ਲੈ ਕੇ ਪੜ੍ਹਾਈ ਲਈ ਮਜਬੂਰ ਹੁੰਦੇ ਹਨ, ਜਿਨ੍ਹਾਂ ਨੂੰ ਮਗਰੋਂ ਕਰਜ਼ਾ ਮੋੜਨਾ ਮੁਸ਼ਕਲ ਹੋ ਜਾਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਬੈਂਕਾਂ ਨੇ ਵੀ 'ਸਿੱਖਿਆ ਕਰਜ਼ਾ' ਦੇਣ ਤੋਂ ਹੱਥ ਪਿਛਾਂਹ ਖਿੱਚਣਾ ਸ਼ੁਰੂ ਕਰ ਦਿੱਤਾ ਹੈ, ਪਰ ਪਹਿਲਾਂ ਦਿੱਤਾ ਕਰਜ਼ਾ ਹੀ ਬਹੁਤ ਜ਼ਿਆਦਾ ਹੈ।

ਕੇਂਦਰੀ ਵਿੱਤ ਮੰਤਰਾਲੇ ਅਨੁਸਾਰ ਕੇਂਦਰ ਸਰਕਾਰ ਦੀ 'ਸਿੱਖਿਆ ਕਰਜ਼ਾ ਸਕੀਮ ਤਹਿਤ ਕੁਝ ਨਿਸ਼ਚਿਤ ਮਾਤਰਾ ਲਈ ਬਿਨਾਂ ਸਕਿਓਰਿਟੀ ਤੋਂ ਕਰਜ਼ਾ ਦਿੱਤਾ ਜਾਂਦਾ ਹੈ। ਜਿਨ੍ਹਾਂ ਦੀ ਪਹੁੰਚ ਨਹੀਂ ਹੁੰਦੀ, ਉਹ ਮਾਪੇ ਬੱਚਿਆਂ ਦੀ ਸਿੱਖਿਆ ਲਈ ਕਰਜ਼ਾ ਚੁੱਕਦੇ ਹਨ। ਪੰਜਾਬ ਵਿੱਚ 1849 ਵਿਦਿਆਰਥੀ ਕਰਜ਼ਾ ਮੋੜ ਨਹੀਂ ਸਕੇ, ਜਿਸ ਕਰ ਕੇ ਉਨ੍ਹਾਂ ਦਾ 52.63 ਕਰੋੜ ਦਾ ਕਰਜ਼ਾ ਬੈਂਕਾਂ ਨੂੰ ਵੱਟੇ ਖਾਤੇ ਪਾਉਣਾ ਪਿਆ, ਜੋ ਕੁੱਲ ਐਨ ਪੀ ਏ ਦਾ 3.01 ਫੀਸਦੀ ਬਣਦਾ ਹੈ। ਕਿਸਾਨ ਆਗੂ ਜਸਵੀਰ ਸਿੰਘ ਬੁਰਜ ਸੇਮਾ ਅਨੁਸਾਰ ਕਿੰਨੇ ਹੀ ਕਿਸਾਨਾਂ ਸਿਰ ਖੇਤੀ ਕਰਜ਼ਾ ਹੈ ਅਤੇ ਪੁੱਤ 'ਸਿੱਖਿਆ ਕਰਜ਼ਾ' ਲੈਣ ਦੇ ਬਾਅਦ ਡਿਫਾਲਟਰ ਹੋ ਗਏ ਹਨ। ਮਿਲੇ ਵੇਰਵਿਆਂ ਅਨੁਸਾਰ ਪੰਜਾਬ ਦੇ 29.934 ਵਿਦਿਆਰਥੀਆਂ ਨੇ ਪੜ੍ਹਾਈ ਵਾਸਤੇ ਕਰਜ਼ਾ ਲਿਆ ਹੈ, ਜਿਨ੍ਹਾਂ ਨੇ ਹਾਲੇ ਰਕਮ ਮੋੜਨੀ ਹੈ। ਹਰਿਆਣਾ ਦੇ 33,517 ਵਿਦਿਆਰਥੀਆਂ ਸਿਰ 1644 ਕਰੋੜ ਦਾ ਕਰਜ਼ਾ ਹੈ। ਓਥੇ ਬੈਂਕਾਂ ਨੇ ਕਰੀਬ 100 ਕਰੋੜ ਦੇ ਸਿੱਖਿਆ ਕਰਜ਼ੇ ਦੀ ਰਾਸ਼ੀ ਵੱਟੇ ਖਾਤੇ ਪਾਈ ਹੈ।

ਭਾਰਤ ਵਿੱਚ ਇਸ ਵੇਲੇ 24.84 ਲੱਖ ਵਿਦਿਆਰਥੀਆਂ ਨੇ ਕਰੀਬ 89,883 ਕਰੋੜ ਦਾ ਸਿੱਖਿਆ ਕਰਜ਼ਾ ਲਿਆ ਹੋਇਆ ਹੈ। ਸਾਲ 2015 ਵਿੱਚ ਸਿੱਖਿਆ ਕਰਜ਼ਾ ਲੈਣ ਵਾਲਿਆਂ ਦਾ ਅੰਕੜਾ 34 ਲੱਖ ਸੀ, ਜੋ 2019 ਵਿੱਚ ਘਟ ਕੇ 27 ਲੱਖ ਰਹਿ ਗਿਆ ਸੀ। ਅੱਜਕੱਲ੍ਹ ਇਹ ਅੰਕੜਾ 24.84 ਲੱਖ ਰਹਿ ਗਿਆ ਹੈ। ਸਟੇਟ ਬੈਂਕ ਆਫ ਇੰਡੀਆ ਦੀ ਸੇਵਾਮੁਕਤ ਅਧਿਕਾਰੀ ਪੁਸ਼ਪਾ ਰਾਮਪੁਰਾ ਨੇ ਕਿਹਾ ਕਿ ਪੜ੍ਹਾਈ ਮਗਰੋਂ ਜਦੋਂ ਕੋਈ ਰੁਜ਼ਗਾਰ ਨਹੀਂ ਮਿਲਦਾ ਤਾਂ ਕਰਜ਼ਾ ਵਾਪਸ ਕਰਨ ਦੀ ਮੁਸ਼ਕਲ ਬਣਦੀ ਹੈ। ਸੂਤਰਾਂ ਅਨੁਸਾਰ ਕਈ ਵਿਦਿਆਰਥੀ ਵਿਦੇਸ਼ ਦੀ ਪੜ੍ਹਾਈ ਲਈ ਵੀ ਕਰਜ਼ਾ ਚੁੱਕਦੇ ਹਨ।

## ਪੰਜਾਬ ਦੇ ਮੁੱਖ ਮੰਤਰੀ ਅਤੇ ਲੜਕੀ ਦਾ ਅਕਸ ਖ਼ਰਾਬ ਦੇ ਦੋਸ਼ ਹੇਠ ਅਣਪਛਾਤੇ ਲੋਕਾਂ ਉੱਤੇ ਕੇਸ ਦਰਜ

ਐਸ ਏ ਐਸ ਨਗਰ (ਮੋਹਾਲੀ), 18 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਅਤੇ ਇੱਕ ਲੜਕੀ ਦਾ ਅਕਸ ਖਰਾਬ ਕਰਨ ਦੇ ਦੋਸ਼ ਹੇਠਪੰਜਾਬ ਪੁਲਸ ਨੇ ਕੱਲ੍ਹ ਕੁਝ ਅਣਪਛਾਤੇ ਲੋਕਾਂ ਦੇ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਸਟੇਟ ਸਾਈਬਰ ਸੈਲ, ਫੇਜ਼ 4 ਮੁਹਾਲੀ ਵਿਖੇ ਕੇਸ ਦਰਜ ਕੀਤਾ ਹੈ। ਦੋਸ਼ੀਆਂ ਵੱਲੋਂ ਬਿਨਾਂ ਇਜਾਜ਼ਤ ਲਏ ਇੱਕ ਲੜਕੀ ਦੀ ਫੋਟੋ ਉਸਦੇ ਸੋਸ਼ਲ ਮੀਡੀਆ ਅਕਾਊਟ ਤੋਂ ਚੁੱਕ ਕੇ ਅਤੇ ਉਸ ਦੀ ਵਰਤੋਂ ਵਟਸਐਪ ਅਤੇ ਹੋਰ ਸੋਸ਼ਲ ਮੀਡੀਆ ਉੱਤੇ ਝੂਠੇ ਅਤੇ ਅਸ਼ਲੀਲ ਸੰਦੇਸ਼ ਫੈਲਾਉਣ ਲਈ ਕੀਤੀ ਜਾ ਰਹੀ ਸੀ। ਇਸ ਸੰਬੰਧ ਵਿੱਚ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ ਦਿਨਕਰ) ਗੁਪਤਾ ਮੁਤਾਬਕ ਪੰਜਾਬ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਕੈਪਟਨ ਸੰਦੀਪ ਸੰਧੂ ਵੱਲੋਂ ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਨੂੰ ਸ਼ਿਕਾਇਤ ਆਈ ਸੀ। ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਨਿਊਜ਼ ਵੈਬਸਾਈਟਾਂ ਅਤੇ ਟੀ ਵੀ ਚੈਨਲਾਂ ਸਮੇਤ ਸੋਸ਼ਲ ਮੀਡੀਆ ਉੱਤੇ ਅਜਿਹੇ ਗਲਤ ਅਤੇ ਅਸ਼ਲੀਲ ਸੰਦੇਸ਼ ਫੈਲਾਉਣਾ ਕਾਨੂੰਨੀ ਅਪਰਾਧ ਹੈ ਤੇ ਉਨ੍ਹਾਂ ਨੇ ਲੋਕਾਂ ਨੂੰ ਅਜਿਹੇ ਝੂਠ ਫੈਲਾਉਣ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਹੈ। ਕੈਪਟਨ ਸੰਧੂ ਨੇ ਆਪਣੀ ਸ਼ਿਕਾਇਤ ਵਿੱਚ ਮੁੱਖ ਮੰਤਰੀ ਪੰਜਾਬ ਦੇ ਅਕਸ ਨੂੰ ਖਰਾਬ ਕਰਨ ਲਈ ਕੁਝ ਸਮਾਜ ਵਿਰੋਧੀ ਅਨਸਰਾਂ ਵੱਲੋਂ ਕੀਤੀ ਅਪਰਾਧਿਕ ਅਤੇ ਰਾਜਨੀਤਿਕ ਸਾਜਿਸ਼ ਦੀ ਜਾਂਚ ਦੀ ਮੰਗ ਕੀਤੀ ਹੈ, ਜਿਸ ਵਿੱਚ ਲੜਕੀ ਦੀ ਫੋਟੋ ਉਸ ਦੀ ਇਜਾਜ਼ਤ ਬਿਨਾਂ ਉਸ ਦੇ ਸੋਸ਼ਲ ਮੀਡੀਆ ਅਕਾਊਟ ਤੋਂ ਲੈ ਕੇ ਸੋਸ਼ਲ ਮੀਡੀਆ ਉੱਤੇ ਅਪਮਾਨਜਨਕ ਸੰਦੇਸ਼ ਭੇਜੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਫੋਟੋ ਦੀ ਵਰਤੋਂ ਕਰਨਾ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਦੇ ਵਿਰੁੱਧ ਹੈ। ਇਨ੍ਹਾਂ ਝੂਠੇ ਸੰਦੇਸ਼ਾਂ ਦੇ ਸਰੋਤਾਂ ਅਤੇ ਇਸ ਸਾਜਿਸ਼ਕਰਤਾ ਦਾ ਪਤਾ ਲਾਉਣ ਦੀ ਮੰਗ ਕਰਦਿਆਂ ਕੈਪਟਨ ਸੰਧੂ ਨੇ ਕਿਹਾ ਕਿ 2022 ਦੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਅਜਿਹੇ ਅਪਮਾਨਜਨਕ ਸੰਦੇਸ਼ ਫੈਲਾਉਣ ਵਿੱਚ ਮੁੱਖ ਮੰਤਰੀ ਦੇ ਕੁਝ ਰਾਜਨੀਤਿਕ ਵਿਰੋਧੀਆਂ ਦੀ ਭੂਮਿਕਾ ਨਕਾਰੀ ਨਹੀਂ ਜਾ ਸਕਦੀ, ਇਸ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਕੈਪਟਨ ਸੰਧੂ ਮੁਤਾ-ਬਕ ਇਸ ਕੇਸ ਦੇ ਦੋਸ਼ੀਆਂ ਨੇ ਜਾਣਬੁੱਝ ਕੇ ਨੌਜਵਾਨ ਲੜਕੀ ਦਾਵਿਗਾੜਨ ਕੋਸ਼ਿਸ਼ ਕੀਤੀ ਹੈ, ਜੋ ਅਜੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰ ਰਹੀ ਹੈ।



## ਝੂਠਾ ਕੇਸ ਦਰਜ ਕਰਨ ਬਦਲੇ ਸਰਕਾਰ ਨੂੰ 14 ਲੱਖ 85 ਹਜ਼ਾਰ ਰੁਪਏ ਮੁਆਵਜ਼ਾ ਦੇਣਾ ਪਵੇਗਾ

ਅੰਮ੍ਰਿਤਸਰ, 18 ਮਾਰਚ (ਪੋਸਟ ਬਿਊਰੋ)- ਸਾਲ 1992 ਅਤੇ 1998 ਵਿੱਚ ਪੁਲਸ ਵੱਲੋਂ ਸਰਬਜੀਤ ਸਿੰਘ ਵੇਰਕਾ ਅਤੇ ਹੋਰਨਾਂ ਦੇ ਖ਼ਿਲਾਫ਼ ਖਾੜਕੂਵਾਦ ਨਾਲ ਸਬੰਧਤ ਕੇਸ ਵਿੱਚੋਂ ਅਦਾਲਤ ਤੋਂ ਬਰੀ ਹੋਣ ਉਤੇ ਇਸ ਨੌਜਵਾਨ ਵੱਲੋਂਕੋਰਟ ਵਿੱਚ ਪਾਏ ਮਾਣਹਾਨੀ ਕੇਸ ਓਤੇ ਅਦਾਲਤ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ 14 ਲੱਖ 85 ਹਜ਼ਾਰ ਰੁਪਏ ਪੀੜਤ ਦੇ ਖਾਤੇ ਵਿੱਚ ਜਮ੍ਹਾਂ ਕਰਵਾਉਣ ਦਾ ਹੁਕਮ ਸੁਣਾਇਆ ਹੈ।



ਐਡਵੋਕੇਟ ਸਰਬਜੀਤ ਸਿੰਘ ਵੇਰਕਾ ਅਨੁਸਾਰ ਪੁਲਸ ਨੇ ਉਨ੍ਹਾਂ ਖ਼ਿਲਾਫ 1992 ਵਿੱਚ ਖਾੜਕੂਵਾਦ ਨਾਲ ਸਬੰਧਤ ਕੇਸ ਦਰਜ ਕੀਤੇ ਸਨ। 25 ਜੁਲਾਈ 1998 ਵਿੱਚ ਸੀ ਬੀ ਆਈ ਦੇ ਕੇਸ ਵਿੱਚ ਅਹਿਮ ਗਵਾਹੀ ਤੋਂ ਪਹਿਲਾਂ 15 ਜੁਲਾਈ 1998 ਨੂੰ ਉਨ੍ਹਾਂ ਤੋਂ ਇਲਾਵਾ ਖਾਲੜਾ ਕੇਸ ਦੇ ਗਵਾਹ ਰਾਜੀਵ ਰੰਧਾਵਾ ਅਤੇ ਹੋਰਨਾਂ ਅਕਲਜੀਤ ਸਿੰਘ, ਭੁਪਿੰਦਰ ਸਿੰਘ, ਪਦਾਰਥ ਸਿੰਘ, ਉਪਕਾਰ ਸਿੰਘ ਤੇ ਰਸ਼ਪਾਲ ਸਿੰਘ ਪੱਤਰਕਾਰ ਦੇ ਖ਼ਿਲਾਫ਼ ਟਾਈਗਰਜ਼ ਆਫ਼ ਸਿੱਖਲੈਂਡ ਨਾਮਕ ਜਥੇਬੰਦੀ ਬਣਾਉਣ ਤੇ ਖਾੜਕੂਵਾਦ ਨਾਲ ਸੰਬੰਧਿਤ ਕੇਸ ਦਰਜ ਕੀਤਾ ਗਿਆ ਸੀ। ਸਾਲ 2009 ਵਿੱਚ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਨੇ ਆਪਣੇ ਉੱਤੇ ਦਰਜ ਕੇਸਾਂ ਵਿੱਚੋਂ ਬਾਇੱਜ਼ਤ ਬਰੀ ਹੋਣ ਪਿੱਛੋਂ ਆਪਣੀ ਛਵੀ ਨੂੰ ਖ਼ਰਾਬ ਕਰਨ ਉੱਤੇ ਅਦਾਲਤ ਵਿੱਚ 50 ਲੱਖ ਰੁਪਏ ਦੇ ਮੁਆਵਜ਼ੇ ਲਈ ਪੰਜਾਬ ਸਰਕਾਰ ਅਤੇ ਪੁਲਸ ਦੇ ਖ਼ਿਲਾਫ਼ ਕੇਸ ਕੀਤਾ ਸੀ। ਉਨ੍ਹਾਂ ਅਨੁਸਾਰ 15 ਜਨਵਰੀ 2013 ਨੂੰ ਪੀ ਐਸ ਰਾਏ ਦੀ ਅਦਾਲਤ ਨੇ ਸਰਕਾਰ ਨੂੰ ਹੁਕਮ ਕੀਤਾ ਕਿ ਸਰਬਜੀਤ ਸਿੰਘ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ। ਇਹ ਰਾਸ਼ੀ ਇਸ ਕੇਸ ਨਾਲ ਸਬੰਧਤ ਪੁਲਸ ਅਧਿਕਾਰੀਆਂ ਦੀਆਂ ਤਨਖ਼ਾਹਾਂ ਵਿੱਚੋਂ ਕੱਟਣ ਦੇ ਹੁਕਮ ਦਿੱਤੇ ਸਨ, ਪਰ ਸਰਕਾਰ ਨੇ ਇਹ ਰਕਮ ਨਾ ਦਿੱਤੀ। ਸਰਬਜੀਤ ਸਿੰਘ ਦੀ ਅਰਜ਼ੀ ਉੱਤੇ ਅਦਾਲਤ ਨੇ ਡੀ ਜੀ ਪੀ ਪੰਜਾਬ, ਪੁਲਸ ਕਮਿਸ਼ਨਰ ਅੰਮ੍ਰਿਤਸਰ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀਆਂ ਕਾਰਾਂ ਅਤੇ ਕਾਰਪੋਰੇਸ਼ਨ ਹਾਊਸ ਅਤੇ ਪੁਲਸ ਹਾਊਸ ਦੀ ਕੋਠੀ ਨੂੰ ਇਸ ਕੇਸ ਨਾਲ ਨੱਥੀ ਕਰਨ ਦੇ ਹੁਕਮ ਕਰ ਕੇ ਅਦਾਲਤ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਖਾਤਾ ਨੰਬਰ, ਜਿਸ ਵਿੱਚ ਪੰਜਾਬ ਸਰਕਾਰ ਦੀਆਂ ਤਨਖ਼ਾਹਾਂ ਆਉਂਦੀਆਂ ਹਨ, ਵਿੱਚੋਂ 14 ਲੱਖ 85 ਹਜ਼ਾਰ ਕੱਟਣ ਦੇ ਹੁਕਮ ਕੀਤੇ ਤਾਂ ਇਹ ਰਾਸ਼ੀ ਅਦਾਲਤ ਵਿੱਚ ਆ ਜਾਣ ਪਿੱਛੋਂ ਪੁਲਸ ਦੀ ਅਰਜ਼ੀ ਉੱਤੇ ਪੁਲਸ ਅਫ਼ਸਰਾਂ ਦੀਆਂ ਕਾਰਾਂ ਅਤੇ ਸਰਕਾਰੀ ਇਮਾਰਤਾਂ ਨੂੰ ਛੱਡ ਦਿੱਤਾ ਗਿਆ ਅਤੇ 14 ਲੱਖ 85 ਹਜ਼ਾਰ ਦੀ ਮੁਆਵਜ਼ਾ ਰਕਮ ਸਰਬਜੀਤ ਸਿੰਘ ਵੇਰਕਾ ਦੇ ਬੈਂਕ ਖਾਤੇ ਵਿੱਚ ਪਾਉਣ ਦੇ ਹੁਕਮ ਜਾਰੀ ਕੀਤੇ ਹਨ, ਪਰ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਇਹ ਰਕਮ ਅਦਾਲਤ ਲਈ ਕੱਟਣ ਦੇ ਬਾਵਜੂਦ ਪੀੜਤ ਸਰਬਜੀਤ ਸਿੰਘ ਦੇ ਖਾਤੇ ਵਿੱਚ ਪਾਉਣ ਤੋਂ ਆਨਾਕਾਨੀ ਕਰ ਰਿਹਾ ਸੀ। ਇਸ ਉੱਤੇ ਅਦਾਲਤ ਨੇ ਬੀਤੇ ਦਿਨੀਂ ਮੁਆਵਜ਼ੇ ਦੀ ਰਕਮ ਡਿਗਰੀ ਹੋਲਡਰ ਦੇ ਖਾਤੇ ਵਿੱਚ ਪਾਉਣ ਅਤੇ ਏਦਾਂ ਨਾ ਕਰਨ ਦੀ ਸੂਰਤ ਵਿੱਚ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਨੂੰ ਨਿੱਜੀ ਤੌਰ ਉੱਤੇ 31 ਮਾਰਚ ਨੂੰ ਪੇਸ਼ ਹੋਣ ਦੇ ਹੁਕਮ ਕੀਤੇ ਹਨ।।

## ਬੈਂਕਾਂ ਦੇ ਨਿੱਜੀਕਰਨ ਦੇ ਖਿਲਾਫ ਪਾਰਲੀਮੈਂਟ ਮੈਂਬਰ ਪਰਨੀਤ ਕੌਰ ਨੇ ਕੇਂਦਰ ਦੀ ਖਿਚਾਈ ਕੀਤੀ

ਪਟਿਆਲਾ, 18 ਮਾਰਚ (ਪੋਸਟ ਬਿਊਰੋ)- ਪਟਿਆਲਾ ਤੋਂ ਲੋਕ ਸਭਾ ਮੈਂਬਰ ਪਰਨੀਤ ਕੌਰ ਨੇ ਯੂਨਾਈਟਿਡ ਫੋਰਮ ਆਫ ਬੈਂਕ ਯੂਨੀਅਨ ਵੱਲੋਂ ਬੈਂਕਾਂ ਦੀ ਰਾਸ਼ਟਰੀ ਹੜਤਾਲ ਨੂੰ ਆਪਣਾ ਸਮਰਥਨ ਦਿੰਦੇ ਹੋਏ ਕੇਂਦਰ ਸਰਕਾਰ ਦੁਆਰਾ ਜਨਤਕ ਖੇਤਰ ਦੇ ਬੈਂਕਾਂ ਦੇ ਨਿੱਜੀਕਰਨ ਦੇ ਐਲਾਨ ਦੀ ਸਖਤ ਆਲੋਚਨਾ ਕੀਤੀ ਹੈ।



ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਲਿਖੇ ਪੱਤਰ ਵਿੱਚ ਪਰਨੀਤ ਕੌਰ ਨੇ ਕਿਹਾ ਕਿ ਬੈਂਕਾਂ ਦੇ ਨਿੱਜੀਕਰਨ ਦਾ ਫੈਸਲਾ ਦੇਸ਼ ਦੇ ਲੋਕਾਂ ਲਈ ਸੁਰੱਖਿਅਤ ਬੈਂਕਿੰਗ ਦੇ ਦਰਵਾਜ਼ੇ ਬੰਦ ਕਰਨ ਵਾਲਾ ਸਾਬਤ ਹੋਵੇਗਾ। ਉਨ੍ਹਾਂ ਨੇ ਖਜ਼ਾਨਾ ਮੰਤਰੀ ਨੂੰ ਬੈਂਕ ਯੂਨੀਅਨਾਂ ਦੀਆਂ ਮੰਗਾਂ ਪ੍ਰਤੀ ਹਮਦਰਦੀ ਵਾਲਾ ਰੁਖ ਅਪਣਾਉਣ ਦਾ ਜ਼ੋਰ ਦਿੰਦੇ ਹੋਏ ਕਿਹਾ ਕਿ ਉਹ ਉਨ੍ਹਾਂ 10 ਲੱਖ ਬੈਂਕ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਹੜਤਾਲ ਨੂੰ ਆਪਣਾ ਸਮਰਥਨ ਦਿੰਦੇ ਹਨ, ਜੋ ਕੇਂਦਰ ਸਰਕਾਰ ਦੇ ਜਨਤਕ ਖੇਤਰ ਦੇ ਬੈਂਕਾਂ ਦੇ ਨਿੱਜੀਕਰਨ ਦੇ ਐਲਾਨ ਵਿਰੁੱਧ ਹੜਤਾਲ ਉੱਤੇ ਸਨ।ਪਰਨੀਤ ਕੌਰ ਨੇ ਕਿਹਾ ਕਿ ਜਨਤਕ ਖੇਤਰ ਦੇ ਬੈਂਕ ਅਰਥਵਿਵਸਥਾ ਦੀ ਗੱਡੀ ਦੇ ਉਹ ਅਹਿਮ ਪਹੀਏ ਹਨ, ਜੋ ਕਿਸੇ ਸਮਾਜ ਦੇ ਹਰ ਵਿਅਕਤੀ ਦੀ ਤਰੱਕੀ ਅਤੇ ਵਿਕਾਸ ਲਈ ਜ਼ਰੂਰੀ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਬੈਂਕਾਂ ਦਾ ਨਿੱਜੀਕਰਨ ਨਾ ਕੇਵਲ ਇਨ੍ਹਾਂ ਲੋਕਾਂ ਦੇ ਵਿਰੁੱਧ ਬਲਕਿ ਸਾਡੇ ਦੇਸ਼ ਅਤੇ ਲੋਕਾਂ ਦੇ ਵੀ ਹਿੱਤਾਂ ਦੇ ਵਿਰੁੱਧ ਹੈ।

## ਦਿੱਲੀ ਅੰਦੋਲਨ ਤੋਂ ਮੁੜ ਕੇ ਘਰ ਪੁੱਜਣ ਤੋਂ ਪਹਿਲਾਂ ਕਿਸਾਨ ਨੇ ਜ਼ਹਿਰ ਪੀ ਲਿਆ



ਹਰਸ਼ਾ ਛੀਨਾ, 18 ਮਾਰਚ (ਪੋਸਟ ਬਿਊਰੋ)- ਥਾਣਾ ਭਿੰਡੀ ਸੈਦਾਂ ਦੇ ਪਿੰਡ ਕੜਿਆਲ ਵਿਖੇ ਕੱਲ੍ਹ ਰਾਤ ਕਿਸਾਨ ਅੰਦੋਲਨ ਤੋਂ ਪਰਤੇ ਨੌਜਵਾਨ ਕਿਸਾਨ ਵੱਲੋਂ ਜ਼ਹਿਰੀਲਾ ਪਦਾਰਥ ਨਿਗਲ ਕੇ ਖ਼ੁਦਕੁਸ਼ੀ ਕਰਨ ਦੀ ਖਬਰ ਮਿਲੀ ਹੈ।

ਪਿੰਡ ਕੜਿਆਲ ਦੁ ਜਗੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਕੁਲਦੀਪ ਸਿੰਘ ਪਿੰਡ ਦੇ ਕਿਸਾਨ ਜਥੇ ਨਾਲ 19 ਫਰਵਰੀ ਨੂੰ ਦਿੱਲੀ ਅੰਦੋਲਨ ਵਿੱਚ ਗਿਆ ਸੀ। ਜਥੇ ਦੇ ਬਾਕੀ ਕਿਸਾਨ ਮੁੜ ਆਏ, ਪਰ ਉਹ ਦਿੱਲੀ ਰੁਕ ਗਿਆ ਸੀ। ਕੱਲ੍ਹ ਸ਼ਾਮ ਪਿੰਡ ਦੇ ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਬੇਟਾ ਬਰਸੀਮ ਦੇ ਖੇਤ ਵਿੱਚ ਬੇਹੋਸ਼ੀ ਦੀ ਹਾਲਤ ਵਿੱਚ ਪਿਆ ਹੈ, ਜਿਸ ਨੂੰ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚਲਿਜਾਇਆ ਗਿਆ ਤਾਂ ਓਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਕੁਲਦੀਪ ਸਿੰਘ ਨੇ ਆਪਣੇ ਘਰ ਪਰਤਣ ਤੋਂ ਪਹਿਲਾਂ ਰਸਤੇ ਵਿੱਚ ਜ਼ਹਿਰੀਲਾ ਪਦਾਰਥ ਨਿਗਲ ਕੇ ਖ਼ੁਦਕੁਸ਼ੀ ਕਰ ਲਈ।

## ਪ੍ਰਸ਼ਾਂਤ ਕਿਸ਼ੋਰ ਦੀ ਪ੍ਰਿੰਸੀਪਲ ਐਡਵਾਈਜ਼ਰ ਵਜੋਂ ਨਿਯੁਕਤੀ ਖ਼ਿਲਾਫ ਅਰਜ਼ੀ ਹਾਈ ਕੋਰਟ ਵੱਲੋਂ ਰੱਦ

ਚੰਡੀਗੜ੍ਹ, 18 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣਾ ਪ੍ਰਿੰਸੀਪਲ ਸਲਾਹਕਾਰ ਵੱਜੋਂ ਰਾਜਨੀਤਕ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੀ ਨਿਯੁਕਤੀ ਅਤੇ ਇਸ ਨੂੰ ਕੈਬਨਿਟ ਦਾ ਦਰਜਾ ਦੇਣ ਨੂੰਨੂੰ ਗੈਰ ਸੰਵਿਧਾਨਿਕ ਦੱਸ ਕੇ ਬਾਕਸਿੰਗ ਕੋਚ ਲਾਭ ਸਿੰਘ ਤੇ ਸਤਿੰਦਰ ਸਿੰਘ ਨਾਂ ਦੇ ਵਕੀਲ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਜਿਸ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਹਾਈ ਕੋਰਟ ਦੇ ਜਸਟਿਸ ਜਸਵੰਤ ਸਿੰਘ ਤੇ ਜਸਟਿਸ ਸੰਤ ਪ੍ਰਕਾਸ਼ ਦੇ ਬੈਂਚ ਅੱਗੇ ਪੇਸ਼ ਹੋਏ ਪਟੀਸ਼ਨਰ ਦੇ ਵਕੀਲ ਦਾ ਕਹਿਣਾ ਸੀ ਕਿ ਪ੍ਰਿੰਸੀਪਲ ਐਡਵਾਈਜ਼ਰ ਦੀ ਨਿਯੁਕਤੀ ਇੰਟਰਵਿਊ ਦਾ ਇਸ਼ਤਿਹਾਰ ਦਿੱਤੇ ਬਿਨਾਂ ਕੀਤੀ ਹੈ, ਜਿਨ੍ਹਾਂ ਨੂੰ ਸਾਰੀਆਂ ਸੁਖ-ਸਹੂਲਤਾਂ ਦਿੱਤੀਆਂ ਜਾਣਗੀਆਂ, ਜੋ ਸਰਕਾਰ ਉੱਤੇ ਵਾਧੂ ਬੋਝ ਹੋਵੇਗਾ। ਪਟੀਸ਼ਨਰ ਨੇ ਕਿਹਾ ਕਿ ਕਿਸੇ ਵੀ ਵੱਡੇ ਅਹੁਦੇ ਉੱਤੇ ਨਿਯੁਕਤੀ ਜ਼ਰੂਰੀ ਰਸਮਾਂ ਪੂਰੀਆਂ ਕੀਤੇ ਬਿਨਾਂ ਨਹੀਂ ਹੋ ਸਕਦੀ, ਇਸ ਲਈ ਇਹ ਨਿਯੁਕਤੀ ਰੱਦਹੋਣੀ ਚਾਹੀਦੀ ਹੈ।ਸਰਕਾਰ ਵੱਲੋਂ ਪੇਸ਼ ਹੋਏ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਕਿਹਾ ਕਿ ਪ੍ਰਿੰਸੀਪਲ ਐਡਵਾਈਜ਼ਰ ਦੀ ਨਿਯੁਕਤੀ ਸਿਵਲ ਨੇਚਰ ਦੀ ਨਹੀਂ ਅਤੇ ਨਾ ਕਿਸਨੇ ਰਾਜਨੇਤਾ ਨੂੰ ਖ਼ੁਸ਼ ਕਰਨ ਲਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਜਨਤਾ ਦਾ ਚੁਣਿਆ ਪ੍ਰਤਿਨਿਧਹੈ ਤੇ ਉਸ ਨੂੰ ਆਪਣਾ ਸਲਾਹਕਾਰ ਨਿਯੁਕਤ ਕਰਨ ਦਾ ਅਧਿਕਾਰ ਹੈ। ਉਨ੍ਹਾਂ ਸਾਲ 2013 ਦੇ ਇੱਕ ਕੇਸ ਦੀ ਮਿਸਾਲ ਦਿੱਤੀ, ਜਿਸ ਵਿੱਚ ਮੁੱਖ ਮੰਤਰੀ ਦੇ ਸਲਾਹਕਾਰ ਅਤੇ ਓ ਐਸ ਡੀ ਦੇ ਕੇਸ ਵਿੱਚ ਹਾਈ ਕੋਰਟ ਨੇ ਸਰਕਾਰ ਦੇ ਪੱਖ ਵਿੱਚ ਫੈਸਲਾ ਦਿੱਤਾ ਸੀ।ਗੋਆ ਅਤੇ ਹੋਰ ਕਈ ਰਾਜਾਂ ਵਿੱਚ ਏਦਾਂ ਦੀਆਂ ਨਿਯੁਕਤੀਆਂ ਦਾ ਹਵਾਲਾ ਵੀ ਦਿੱਤਾ, ਜਿਸ ਮਗਰੋਂ ਕੋਰਟ ਨੇ ਕਿਹਾ ਕਿ ਮੁੱਖ ਮੰਤਰੀ ਦੇ ਪ੍ਰਿੰਸੀਪਲ ਐਡਵਾਈਜ਼ਰ ਵਜੋਂਪ੍ਰਸ਼ਾਂਤ ਕਿਸ਼ੋਰ ਦੀ ਨਿਯੁਕਤੀ ਵਿੱਚ ਕਿਸੇ ਪ੍ਰਕਾਰ ਦੇ ਕਾਨੂੰਨ ਦੀ ਉਲੰਘਣਾ ਨਹੀਂ ਹੋਈ, ਨਾ ਪਟੀਸ਼ਨਰ ਧਿਰ ਕਿਸੇ ਬੇਨਿਯਮੀ ਨੂੰ ਸਾਬਤ ਕਰ ਸਕੀ ਹੈ, ਇਸ ਲਈ ਪਟੀਸ਼ਨ ਰੱਦ ਕੀਤੀ ਜਾਂਦੀ ਹੈ।




## ਹਵੇਲੀ ਰੈਸਟੋਰੈਂਟ ਦੇ ਸੀ ਈ ਓ ਨਾਲ ਪੁਲਸ ਵੱਲੋਂ ਨਾਕੇ ਉੱਤੇ ਕੁੱਟ-ਮਾਰ

* ਪੁਲਸ ਕਮਿਸ਼ਨਰ ਵੱਲੋਂ ਦੋਵੇਂ ਮੁਲਾਜ਼ਮ ਸਸਪੈਂਡ

ਜਲੰਧਰ, 18 ਮਾਰਚ (ਪੋਸਟ ਬਿਊਰੋ)- ਸਥਾਨਕ ਅਰਬਨ ਅਸਟੇਟ ਫੇਜ਼-2 ਨੇੜੇ ਪੁਲਸ ਨਾਕੇ ਉੱਤੇ ਤਾਇਨਾਤ ਪੁਲਸ ਵਾਲਿਆਂ ਨੇ ਜਲੰਧਰ-ਫਗਵਾੜਾ ਹਾਈਵੇ ਵਾਲੇ ਹਵੇਲੀ ਰੈਸਟੋਰੈਂਟ ਦੇ ਸੀ ਈ ਓ, ਡੀ ਕੇ ਉਮੇਸ਼ (60) ਅਤੇ ਉਨ੍ਹਾਂ ਦੀ ਗੱਡੀ ਦੇ ਡਰਾਈਵਰ ਦੀ ਸੜਕ ਦੇ ਵਿਚਾਲੇ ਕੁੱਟਮਾਰ ਕਰ ਦਿੱਤੀ। ਇਸ ਦੇ ਬਾਅਦ ਪੁਲਸ ਮੁਲਾਜ਼ਮ ਡੀ ਕੇ ਉਮੇਸ਼ ਅਤੇ ਉਨ੍ਹਾਂ ਦੇ ਡਰਾਈਵਰ ਨੂੰ ਉਨ੍ਹਾਂ ਦੀ ਗੱਡੀ ਵਿੱਚ ਹੀ ਜਬਰੀ ਥਾਣਾ ਨੰਬਰ ਸੱਤ ਲੈ ਗਏ।




ਸੀ ਈ ਓ, ਡੀ ਕੇ ਉਮੇਸ਼ ਨੇ ਦੱਸਿਆ ਕਿ ਕੋਵਿਡ-19 ਦੇ ਕਾਰਨ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਯਤਨ ਕਰ ਰਹੇ ਹਨ ਅਤੇ ਰੋਜ਼ ਸ਼ਹਿਰ ਵਾਸੀਆਂ ਨੂੰ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕਰ ਰਹੇ ਹਨ। ਇਸਦੇ ਨਾਲ ਉਹ ਪੁਲਸ ਮੁਲਾਜ਼ਮਾਂ ਨੂੰ ਵੀ ਨਾਕਿਆਂ ਅਤੇ ਹੋਰ ਥਾਵਾਂ ਉੱਤੇ ਲੋਕਾਂ ਨੂੰ ਕੋਵਿਡ-19 ਦੇ ਪ੍ਰੋਟੋਕਾਲਜ਼ ਦੀ ਪਾਲਣਾ ਕਰਨ ਲਈ ਜਾਗਰੂਕ ਕਰਨ ਲਈ ਕਹਿ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਕੱਲ੍ਹ ਆਪਣੇ ਡਰਾਈਵਰ ਨਾਲ ਅਰਬਨ ਅਸਟੇਟ ਫੇਜ਼-2 ਦੇ ਗੀਤਾ ਮੰਦਰ ਵੱਲੋਂ ਲੰਘ ਰਹੇ ਸਨ ਤਾਂ ਉਥੇ ਕਈ ਲੋਕ ਤੇ ਪੁਲਸ ਮੁਲਾਜ਼ਮ ਬਿਨਾਂ ਮਾਸਕ ਅਤੇ ਬਿਨਾਂ ਹੈਲਮੇਟ ਲੰਘ ਰਹੇ ਸਨ। ਉਥੋਂ ਕੁਝ ਦੂਰ ਥਾਣਾ ਨੰਬਰ ਸੱਤ ਦੀ ਪੁਲਸ ਦਾ ਨਾਕਾ ਲੱਗਾ ਹੋਇਆ ਸੀ।ਉਮੇਸ਼ ਨੇ ਦੱਸਿਆ ਕਿ ਨਾਕੇ ਉੱਤੇ ਤਾਇਨਾਤ ਏ ਐਸ ਆਈ ਵਿਨੇ ਕੁਮਾਰ ਅਤੇ ਮੁਲਾਜ਼ਮ ਸੰਦੀਪ ਕੁਮਾਰ ਅਤੇ ਸਾਹਿਲ ਨੂੰ ਉਨ੍ਹਾਂ ਗੱਡੀ ਰੋਕ ਕੇ ਕੋਵਿਡ-19 ਕਾਰਨ ਬਿਨਾਂ ਮਾਸਕ ਘੁੰਮਦੇ ਲੋਕਾਂ ਤੇ ਪੁਲਸ ਮੁਲਾਜ਼ਮਾਂ ਦੇ ਚਲਾਨ ਕੱਟਣ ਦੀ ਗੱਲ ਕਹੀ। ਉਨ੍ਹਾਂ ਦੋਸ਼ ਲਾਇਆ ਕਿ ਇਸੇ ਗੱਲ ਤੋਂ ਨਾਕੇ ਉੱਤੇ ਖੜ੍ਹੇ ਕਾਂਸਟੇਬਲ ਭੜਕ ਗਏ ਅਤੇ ਉਨ੍ਹਾਂ ਨਾਲ ਬਿਨਾਂ ਵਜ੍ਹਾ ਬਹਿਸ ਕਰਦਿਆਂ ਹੱਥੋਂਪਾਈ ਅਤੇ ਕੁੱਟਮਾਰ ਉੱਤੇ ਉਤਰ ਆਏ। ਮੁਲਾਜ਼ਮਾਂ ਨੇ ਉਲਟਾ ਉਨ੍ਹਾਂ ਉੱਤੇਕੇਸ ਦਰਜ ਕਰਨ ਦੀ ਧਮਕੀ ਦਿੱਤੀ। ਇਹ ਸਭ ਹੋਣ ਤੋਂ ਬਾਅਦ ਉਹ ਮੁਲਾਜ਼ਮ ਉਨ੍ਹਾਂ ਦੀ ਗੱਡੀ ਵਿੱਚ ਉਨ੍ਹਾਂ ਨੂੰ ਜਬਰੀ ਥਾਣਾ ਨੰਬਰ ਸੱਤ ਲੈ ਗਏ, ਜਿਸ ਤੋਂ ਬਾਅਦ ਉਨ੍ਹਾਂ ਘਟਨਾਂ ਬਾਰੇ ਥਾਣਾ ਨੰਬਰ ਸੱਤ ਦੇ ਇੰਚਾਰਜ ਰਮਨਦੀਪ ਨੂੰ ਦੱਸਿਆ ਤੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਪੁਲਸ ਮੁਲਾਜ਼ਮਾਂ ਦੇ ਖ਼ਿਲਾਫ਼ ਸ਼ਿਕਾਇਤ ਦਿੱਤੀ। ਇਸ ਪਿੱਛੋਂ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੋਵਾਂ ਪੁਲਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਹੈ।



## ਤਿੰਨ ਕਰੋੜ ਰਾਸ਼ਨ ਕਾਰਡ ਰੱਦ ਕਰਨ ਨੂੰ ਸੁਪਰੀਮ ਕੋਰਟ ਨੇ ਗੰਭੀਰ ਮਾਮਲਾ ਦੱਸਿਆ

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਆਧਾਰ ਕਾਰਡ ਨਾਲ ਲਿੰਕ ਨਾ ਹੋਣ ਕਾਰਨ ਕੇਂਦਰ ਵੱਲੋਂ ਲੱਗਭਗ ਤਿੰਨ ਕਰੋੜ ਰਾਸ਼ਨ ਕਾਰਡਾਂ ਨੂੰ ਰੱਦ ਕਰਨ ਨੂੰ ‘ਬੇਹਦ ਗੰਭੀਰ’ ਕਰਾਰ ਦਿੱਤਾ ਹੈ। ਕੋਰਟ ਨੇ ਇਸ ਕੇਸ ਵਿੱਚ ਕੇਂਦਰ ਸਰਕਾਰ ਅਤੇ ਸਾਰੇ ਰਾਜਾਂ ਤੋਂ ਜਵਾਬ ਮੰਗਿਆ ਹੈ।

ਚੀਫ ਜਸਟਿਸ ਐਸ ਏ ਬੋਬੜੇ, ਜਸਟਿਸ ਏ ਐਨ ਐਨ ਬੋਪੰਨਾ ਅਤੇ ਜਸਟਿਸ ਵੀ ਰਾਮਾਸੁਬਰਾਮੀਅਮ ਦੀ ਬੈਂਚ ਨੇ ਕਿਹਾ ਕਿ ਇਸ ਨੂੰ ਉਲਟ ਨਹੀਂ ਮੰਨਿਆ ਜਾਣਾ ਚਾਹੀਦਾ, ਕਿਉਂਕਿ ਇਹ ਕਾਫ਼ੀ ਗੰਭੀਰ ਕੇਸ ਹੈ। ਪਟੀਸ਼ਨਰ ਕੋਇਲੀ ਦੇਵੀ ਵੱਲੋਂ ਪੇਸ਼ ਸੀਨੀਅਰ ਵਕੀਲ ਕੌਲਿਨ ਗੋਂਸਾਲਵੇਜ਼ ਨੇ ਕਿਹਾ ਕਿ ਪਟੀਸ਼ਨ ਵੱਡੇ ਮੁੱਦੇ ਨਾਲ ਸਬੰਧਤ ਹੈ। ਗੋਂਸਾਲਵੇਜ਼ ਨੇ ਕਿਹਾ ਕਿ ਇਹ ਮਹੱਤਵਪੂਰਨ ਮੁੱਦਾ ਹੈ ਕਿਉਂਕਿ ਕੇਂਦਰ ਸਰਕਾਰ ਨੇ ਲੱਗਭਗ ਤਿੰਨ ਕਰੋੜ ਰਾਸ਼ਨ ਕਾਰਡ ਰੱਦ ਕਰ ਦਿੱਤੇ ਹਨ। ਇਸ ਉੱਤੇ ਬੈਂਚ ਨੇ ਕਿਹਾ ਕਿ ਕਿਸੇ ਹੋਰ ਦਿਨ ਇਸ ਕੇਸ ਦੀ ਸੁਣਵਾਈ ਕਰਾਂਗੇ, ਕਿਉਂਕਿ ਇਹ ਤੁਹਾਡਾ ਮੰਨਣਾ ਹੈ ਕਿ ਕੇਂਦਰ ਸਰਕਾਰ ਨੇ ਰਾਸ਼ਨ ਕਾਰਡ ਰੱਦ ਕਰ ਦਿੱਤੇ ਹਨ। ਐਡੀਸ਼ਨਲ ਸਾਲਿਸਟਰ ਜਨਰਲ ਅਮਨ ਲੇਖੀ ਨੇ ਕਿਹਾ ਕਿ ਗੋਂਸਾਲਵੇਜ਼ ਨੇ ਗ਼ਲਤ ਬਿਆਨ ਦਿੱਤਾ ਹੈ ਕਿ ਕੇਂਦਰ ਨੇ ਰਾਸ਼ਨ ਕਾਰਡ ਰੱਦ ਕਰ ਦਿੱਤੇ ਹਨ। ਇਸ ਉੱਤੇ ਬੈਂਚ ਨੇ ਕਿਹਾ ਕਿ ਅਸੀਂ ਤੁਹਾਡੇ (ਕੇਂਦਰ) ਆਧਾਰ ਮੁੱਦੇ ਕਾਰਨ ਜਵਾਬ ਦੇਣ ਨੂੰ ਕਹਿ ਰਹੇ ਹਾਂ। ਇਹ ਇੱਕ ਵੱਖਰੀ ਪਟੀਸ਼ਨ ਨਹੀਂ ਹੈ।

# ਈ ਡੀ ਵੱਲੋਂ ਸੁਖਪਾਲ ਖਹਿਰਾ ਉਤੇ ਕੋਵਿਡ ਦੇ ਨਿਯਮਾਂ ਦੀ ਉਲੰਘਣਾ ਦਾ ਦੋਸ਼

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਿਰੁੱਧ ਕੇਂਦਰੀ ਜਾਂਚ ਏਜੰਸੀ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਨੇ ਪੰਜਾਬ ਦੇ ਕਪੂਰਥਲਾ ਜ਼ਿਲੇ ਦੇ ਐਸ ਐਸ ਪੀ ਨੂੰ ਉਨ੍ਹਾਂ ਦੀ ਸ਼ਿਕਾਇਤ ਦਾ ਪੱਤਰ ਲਿਖਿਆ ਅਤੇ ਖਹਿਰਾ ਅਤੇ ਉਨ੍ਹਾਂ ਦੇ ਸਮਰਥਕਾਂ ਖਿਲਾਫ ਕੋਵਿਡ-19 ਦੇ ਨਿਯਮਾਂ ਦੀ ਉਲੰਘਣਾ ਦਾ ਦੋਸ਼ ਲਾਇਆ ਹੈ। ਕੇਸ ਵਿੱਚ ਖਹਿਰਾ ਦੇ ਪੀ ਐਸ ਓ ਓਂਕਾਰ ਸਿੰਘ ਦੇ ਖਿਲਾਫ ਵੀ ਸ਼ਿਕਾਇਤ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਸੁਖਪਾਲ ਸਿੰਘ ਖਹਿਰਾ ਪੰਜਾਬ ਏਕਤਾ ਪਾਰਟੀ ਦੇ ਵਿਧਾਇਕ ਹਨ। ਈ ਡੀ ਵੱਲੋਂ ਆਈ ਇਸ ਸ਼ਿਕਾਇਤ ਮੁਤਾਬਕ ਸੁਖਪਾਲ ਸਿੰਘ ਖਹਿਰਾ ਦੇ ਗੰਨਮੈਨ (ਪੀ ਐਸ ਓ) ਓਂਕਾਰ ਸਿੰਘ ਦੀ ਪਤਨੀ ਛੇ ਮਾਰਚ ਨੂੰ ਕੋਵਿਡ ਪਾਜ਼ੀਟਿਵ ਸਾਬਤ ਹੋਈ ਸੀ। ਇਸ ਦੇ



ਬਾਵਜੂਦ ਓਂਕਾਰ ਸਿੰਘ ਖੁਦ ਸੁਖਪਾਲ ਸਿੰਘ ਖਹਿਰਾ ਨਾਲ ਘੁੰਮ ਰਹੇ ਸਨ। ਬਾਅਦ ਵਿੱਚ 12 ਮਾਰਚ ਨੂੰ ਟੈਸਟ ਕਰਵਾਉਣ ਉੱਤੇ ਓਂਕਾਰ ਸਿੰਘ ਦੀ ਮੈਡੀਕਲ ਰਿਪੋਰਟ ਵੀ ਪਾਜ਼ੀਟਿਵ ਆਈ ਸੀ। ਨੌਂ ਮਾਰਚ ਨੂੰ ਈ ਡੀ ਵੱਲੋਂ ਛਾਪੇ ਦੌਰਾਨ ਵੀ ਸੁਖਪਾਲ ਖਹਿਰਾ ਦੀ ਰਿਹਾਇਸ਼ ਵਿੱਚਓਂਕਾਰ ਸਿੰਘ ਮੌਜੂਦ ਸੀ। ਸ਼ਿਕਾਇਤ ਵਿੱਚ ਈ ਡੀ ਦੇ ਜਾਂਚਕਾਰਾਂ ਨਾਲ ਜਾਣ ਬੁੱਝ ਕੇਉਸ ਦੇ ਨਾਲ ਬਿਮਾਰੀ ਫੈਲਾਉਣ ਦੀ ਕੋਸ਼ਿਸ਼ ਦਾ ਦੋਸ਼ ਲਾਇਆ ਗਿਆ ਹੈ। ਈ ਡੀ ਨੇ ਸ਼ਿਕਾਇਤ ਵਿੱਚ ਲਿਖਿਆ ਕਿ ਕਿਸੇ ਵੀ ਜਾਂਚ ਜਾਂ ਸਰਚ ਆਪਰੇਸ਼ਨ ਵਿੱਚ ਉਨ੍ਹਾਂ ਵੱਲੋਂ ਕੋਵਿਡ 19 ਨਾਲ ਜੁੜੇ ਨਿਰਦੇਸ਼ਾਂ ਦਾ ਸਖਤੀ ਨਾਲ ਪਾਲਣ ਕੀਤਾ ਜਾਂਦਾ ਹੈ।

ਤਿੰਨ ਦਿਨ ਪਹਿਲਾਂ ਓਂਕਾਰ ਸਿੰਘ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਸ ਕੇਸ ਵਿੱਚ ਸ਼ਿਕਾਇਤ ਦਿੱਤੀ ਸੀ ਕਿ ਈ ਡੀ ਦੇ ਸਰਚ ਆਪਰੇਸ਼ਨ ਦੌਰਾਨ ਉਨ੍ਹਾਂ ਦੇ ਅਧਿਕਾਰੀ ਕੋਲੋਂ ਪੀ ਐਸ ਓ ਇਨਫੈਕਟਿਡ ਹੋਇਆ ਹੈ, ਜਦ ਕਿ ਮੈਡੀਕਲ ਰਿਪੋਰਟ ਮੁਤਾਬਕ ਓਂਕਾਰ ਦੀ ਪਤਨੀ ਪਹਿਲਾਂ ਤੋਂ ਕੋਰੋਨਾ ਇਨਫੈਕਟਿਡ ਸੀ। ਓਂਕਾਰ ਦੀ ਪਤਨੀ ਰਾਜ ਰਾਣੀ ਸੀ ਆਈ ਡੀ ਦੇ ਏ ਆਈ ਜੀ ਦਫਤਰ ਵਿੱਚ ਅਕਾਊਂਟ ਬ੍ਰਾਂਚ ਵਿੱਚ ਕੰਮ ਕਰਦੀ ਹੈ।

## 13 ਮਹੀਨੇ ਦੀ ਬੱਚੀ ਦੀ ਸੰਭਾਲ ਕਰਨ ਵਾਲੀ ਨੇ ਕੁੱਟ-ਕੁੱਟ ਕੇ ਪਸਲੀ ਤੋੜ ਛੱਡੀ

ਗੁਰੂਗ੍ਰਾਮ, 18 ਮਾਰਚ (ਪੋਸਟ ਬਿਊਰੋ)- 13 ਮਹੀਨੇ ਦੀ ਬੱਚੀ ਦੀ ਦੇਖਭਾਲ ਲਈ ਰੱਖੀ ਲੜਕੀ ਨੇ ਬੱਚੀ ਦੇ ਰੋਣ ਉੱਤੇ ਉਸ ਨੂੰ ਲੱਤਾਂ-ਮੁੱਕਿਆਂ ਨਾਲ ਇੰਨਾ ਕੁੱਟਿਆ ਕਿ ਉਸ ਦੀ ਪੱਸਲੀ ਟੁੱਟ ਗਈ ਅਤੇ ਅੰਤੜੀ, ਲੀਵਰ ਅਤੇ ਕਿਡਨੀ ਵਿੱਚ ਸੋਜ ਆ ਗਈ ਹੈ। ਬੱਚੀ ਨੂੰ ਗੰਭੀਰ ਹਾਲਤ ਵਿੱਚ ਇੱਕ ਪ੍ਰਾਈਵਟ ਹਸਪਤਾਲ ਵਿੱਚ ਆਈ ਸੀ ਯੂ ਵਿੱਚ ਵੈਂਟੀਲੇਟਰ ਦੇ ਸਹਾਰੇ ਰੱਖਿਆ ਗਿਆ ਹੈ ਅਤੇ ਉਸਦੇ ਪਿਤਾ ਦੀ ਸ਼ਿਕਾਇਤ ਉੱਤੇ ਸੈਕਟਰ 56 ਥਾਣਾ ਪੁਲਸ ਨੇ ਕੱਲ੍ਹ ਨਾਬਾਲਗ ਲੜਕੀ ਦੇ ਖਿਲਾਫ ਕੇਸ ਦਰਜ ਕਰ ਕੇ ਉਸ ਨੂੰ ਨਿਗਰਾਨੀ ਵਿੱਚ ਲੈ ਲਿਆ ਹੈ। ਪੁਲਸ ਨੇ ਪੀੜਤ ਬੱਚੀ ਦੇ ਮਾਪਿਆਂ ਦੇ ਖਿਲਾਫ ਵੀ ਨਾਬਾਲਗ ਨੂੰ ਕੰਮ ਉੱਤੇ ਰੱਖਣ ਦਾ ਕੇਸ ਦਰਜ ਕੀਤਾ ਹੈ।

ਬੱਚੀ ਦੇ ਪਿਤਾ ਮੂਲ ਰੂਪ ’ਚ ਪੰਜਾਬ ਦੇ ਸ਼ਹਿਰ ਪਟਿਆਲਾ ਦੇ ਵਸਨੀਕ ਨਿਖਿਲ ਭਾਟੀਆ ਨੇ ਪੁਲਸ ਨੂੰ ਦੱਸਿਆ ਕਿ ਉਹ ਗੁਰੂਗ੍ਰਾਮ ਦੇ ਸੈਕਟਰ 56 ਦੇ ਅਲਕਨੰਦਾ ਅਪਾਰਟਮੈਂਟ ਵਿੱਚ ਪਰਵਾਰ ਸਮੇਤ ਰਹਿੰਦੇ ਹਨ। ਉਹ ਅਤੇ ਉਨ੍ਹਾਂ ਦੀ ਪਤਨੀ ਜਸਮੀਤ ਭਾਟੀਆ ਇਥੇ ਬਹੁ-ਕੌਮੀ ਕੰਪਨੀ ਵਿੱਚ ਨੌਕਰੀ ਕਰਦੇ ਹਨ। ਉਨ੍ਹਾਂ ਨੇ ਮਾਲਦਾ (ਬੰਗਾਲ) ਦੀ ਸਬੀਨਾ ਨੂੰ ਘਰੇਲੂ ਸਹਾਇਕਾ ਵਜੋਂ ਰੱਖਿਆ ਹੈ, ਜੋ ਸਵੇਰੇ-ਸ਼ਾਮ ਕੰਮ ਕਰਨ ਆਉਂਦੀ ਹੈ। ਸਬੀਨਾ ਦੇ ਦੱਸਣ ਉੱਤੇ ਆਪਣੀ ਬੇਟੀ ਦੀ ਦੇਖਭਾਲ ਲਈ ਉਨ੍ਹਾਂ ਨੇ ਤਿੰਨ ਮਹੀਨੇ ਪਹਿਲਾਂ ਪੰਦਰਾਂ ਸਾਲਾ ਲੜਕੀ ਨੂੰ ਨੌਂ ਹਜ਼ਾਰ ਰੁਪਏ ਵਿੱਚ ਰੱਖਿਆ ਸੀ।

ਅਮਰਾਵਤੀ ਜ਼ਮੀਨੀ ਘਪਲਾ :

## ਆਂਧਰਾ ਦੇ ਸਾਬਕਾ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੂੰ ਸੀ ਆਈ ਡੀ ਜਾਂਚ ਦਾ ਨੋਟਿਸ

ਅਮਰਾਵਤੀ, 18 ਮਾਰਚ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਸੀ ਆਈ ਡੀ ਪੁਲਸ ਨੇ ਕੱਲ੍ਹ ਅਮਰਾਵਤੀ ਜ਼ਮੀਨੀ ਘਪਲੇ ਵਿੱਚ ਸਾਬਕਾ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੂੰ ਨੋਟਿਸ ਜਾਰੀ ਕੀਤਾ ਹੈ।

ਚੰਦਰ ਬਾਬੂ ਨਾਇਡੂ ਦੀ ਤੇਲੁਗੂ ਦੇਸਮ ਪਾਰਟੀ ਨੇ ਸੱਤਾਧਾਰੀ ਵਾਈ ਐਸ ਆਰ ਸੀ ਵਿਧਾਇਕ ਵੱਲੋਂ ਦਰਜ ਕਰਵਾਏ ਕੇਸ ਨੂੰ ਘਟੀਆ ਦਰਜੇ ਦੀ ਕਾਰਵਾਈ ਦੱਸਿਆ ਹੈ। ਇਹ ਕੇਸ ਐਸ-ਐਸ ਟੀ ਐਕਟ ਤੇ ਭਾਰਤੀ ਦੰਡ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਹੇਠ ਦਰਜ ਕੀਤਾ ਗਿਆ ਹੈ।ਸੀ ਆਈ ਡੀ ਦੇ ਜਾਂਚ ਅਧਿਕਾਰੀ



ਇਸ ਕੇਸ ਵਿੱਚ ਚੰਦਰ ਬਾਬੂ ਨਾਇਡੂ ਦੇ ਸਾਥੀ ਦੋਸ਼ੀ ਲਕਸ਼ਮੀ ਨਾਰਾਇਣ ਰਾਓ ਅਤੇ ਚੰਦਰ ਬਾਬੂ ਨੂੰ ਨੂੰ ਪੁੱਛਗਿੱਛ ਲਈ 23 ਮਾਰਚ ਨੂੰ ਵਿਜੇਵਾੜਾ ਵਾਲੇ ਖੇਤਰੀ ਦਫ਼ਤਰ ਵਿੱਚ ਹਾਜ਼ਰ ਹੋਣ ਨੂੰ ਕਿਹਾ ਹੈ। ਸੀ ਆਈ ਡੀ ਅਧਿਕਾਰੀਆਂ ਦੀ ਇੱਕ ਟੀਮ ਹੈਦਰਾਬਾਦ ਵਿਚਲੇ ਸਾਬਕਾ ਮੁੱਖ ਮੰਤਰੀ ਦੇ ਜ਼ੁਬਲੀ ਹਿਲਜ਼ ਵਾਲੇ ਘਰ ਗਈ ਤੇ ਨੋਟਿਸ ਦਿੱਤਾ। 24 ਫਰਵਰੀ ਨੂੰ ਵਾਈ ਐਸ ਆਰ ਕਾਂਗਰਸਦੇ ਵਿਧਾਇਕ ਏ ਰਾਮਾਕ੍ਰਿਸ਼ਨ ਰੈਡੀ ਦੀ ਸ਼ਿਕਾਇਤ ਉੱਤੇਇਹ ਕੇਸ 12 ਮਾਰਚ ਨੂੰ ਦਰਜ ਕੀਤਾ ਗਿਆ ਹੈ। ਇਹ ਕੇਸ ਸਾਲ 2015 ਦਾ ਹੈ। ਛੇ ਸਾਲ ਬਾਅਦ ਦਰਜ ਹੋਈ ਸ਼ਿਕਾਇਤ ਤੋਂ ਸਿਆਸਤ ਤੇਜ਼ ਹੋ ਗਈ ਹੈ। ਤੇਲੁਗੂ ਦੇਸਮ ਪਾਰਟੀ ਦੇ ਸਾਬਕਾ ਪ੍ਰਧਾਨ ਕੇ. ਅਤਿਵਨ ਨਾਇਡੂ ਨੇ ਇਸ ਨੂੰ ਸਿਆਸੀ ਕਿੜ ਦੀ ਕਾਰਵਾਈ ਦੱਸਿਆ ਹੈ।

# ਕੋਰੋਨਾ ਤੇ ਸੁਰੱਖਿਆ ਕਾਰਨਾਂ ਕਰ ਕੇ ਸਿੱਖ ਜਥੇ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਹੀਂ ਦਿੱਤੀ: ਗ੍ਰਹਿ ਰਾਜ ਮੰਤਰੀ

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਰਾਜ ਮੰਤਰੀ ਜੈ ਕਿਸ਼ਨ ਰੈਡੀ ਨੇ ਕੱਲ੍ਹ ਲੋਕ ਸਭਾ ਵਿੱਚ ਕਿਹਾ ਕਿ ਪਿਛਲੇ ਮਹੀਨੇ ਸਿੱਖ ਜਥੇ ਨੂੰ ਪਾਕਿਸਤਾਨ ਫੇਰੀ ਲਈ ਇਜਾਜ਼ਤ ਨਾ ਦੇਣ ਦਾ ਮੁੱਖ ਕਾਰਨ ਉਸ ਦੇਸ਼ ਵਿੱਚ ਕੋਵਿਡ-19 ਕੇਸਾਂ ਦੀ ਵਧਦੀ ਗਿਣਤੀ ਤੇ ਜਥੇ ਵਿੱਚ ਸ਼ਾਮਲ ਭਾਰਤੀਆਂ ਦੀ ਸੁਰੱਖਿਆ ਲਈ ਖਤਰਾ ਸੀ।

ਰੈਡੀ ਨੇ ਕਿਹਾ ਕਿ 1974 ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ‘ਧਾਰਮਿਕ ਅਸਥਾਨਾਂ ਦੀ ਫੇਰੀ ਲਈ ਹੋਏ ਦੁਵੱਲੇ ਸਮਝੌਤੇ ਹੇਠ ਸਿੱਖ ਜਥੇ ਸਾਲ ਵਿੱਚ ਚਾਰ ਸਮਾਗਮਾਂ: ਵਿਸਾਖੀ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ, ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਲਈ ਓਧਰ ਜਾ ਸਕਦੇ ਹਨ। ਮੰਤਰੀ ਨੇ ਕਿਹਾ ਕਿ ਪਿਛਲੇ ਮਹੀਨੇ 18 ਫਰਵਰੀ ਨੂੰ ਪਾਕਿਸਤਾਨ ਦੇ ਨਨਕਾਣਾ ਸਾਹਿਬ



ਜਾਣ ਵਾਲਾ ਤਜਵੀਜ਼ ਸ਼ੁਦਾ ਜਥਾ 1974 ਦੇ ਉਸ ਸਮਝੌਤੇ ਦੇ ਘੇਰੇ ਵਿੱਚ ਨਹੀਂ ਆਉਂਦਾ। ਸਰਕਾਰ ਕੋਲ ਮੌਜੂਦ ਜਾਣਕਾਰੀ ਮੁਤਾਬਕ ਬੀਤੇ ਸਮੇਂ ਵਿੱਚ ਵੀ ਅਜਿਹਾ ਕੋਈ ਜਥਾ ਪਾਕਿਸਤਾਨ ਨਹੀਂ ਗਿਆ। ਰੈਡੀ ਨੇ ਲਿਖਤੀ ਸਵਾਲ ਦਾ ਜਵਾਬ ਦਿੰਦਿਆਂ ਕਿਹਾ, ‘‘ਉਸ ਦੇਸ਼ ਵਿੱਚ ਕੋਵਿਡ-19 ਕੇਸਾਂ ਦੀ ਵਧਦੀ ਗਿਣਤੀ, ਫੇਰੀ ਦੌਰਾਨ ਵੱਡੀ ਗਿਣਤੀ ਭਾਰਤੀ ਨਾਗਰਿਕਾਂ ਦੀ ਰੱਖਿਆ ਤੇ ਸੁਰੱਖਿਆ ਨੂੰ ਖਤਰੇ ਅਤੇ ਕੋਵਿਡ-19 ਮਹਾਮਾਰੀ ਕਰ ਕੇ ਸਰਹੱਦ ਪਾਰੋਂ ਆਵਾਜਾਈ ਉੱਤੇ ਰੋਕ ਦੇ ਕਾਰਨ ਜਥੇ ਨੂੰ ਇਜਾਜ਼ਤ ਨਹੀਂ ਦਿੱਤੀ ਗਈ। ਰੈਡੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਮੌਕੇ 1974 ਦੇ ਉਪਰੋਕਤ ਸਮਝੌਤੇ ਹੇਠ ਸਿੱਖ ਸ਼ਰਧਾਲੂਆਂ ਦਾ ਜਥਾ ਪਿਛਲੇ ਸਾਲ 28 ਨਵੰਬਰ ਤੋਂ ਇੱਕ ਦਸੰਬਰ ਲਈ ਨਨਕਾਣਾ ਸਾਹਿਬ ਗਿਆ ਸੀ। ਉਸ ਮੌਕੇ ਕੋਵਿਡ-19 ਮਹਾਮਾਰੀ ਨੂੰ ਲੈ ਕੇ ਆਇਦ ਪਾਬੰਦੀਆਂ ਕਰ ਕੇ ਸ਼ਰਧਾਲੂਆਂ ਦੀ ਗਿਣਤੀ ਸੀਮਿਤ ਸੀ।

## ਕਾਂਗਰਸ ਲੀਡਰ ਸੁਸ਼ੀਲ ਸ਼ਿੰਦੇ ਦੇ ਧੀ-ਜਵਾਈ ਦੀ ਜਾਇਦਾਦ ਈ ਡੀ ਵੱਲੋਂ ਜ਼ਬਤ

ਮੁੰਬਈ, 18 ਮਾਰਚ (ਪੋਸਟ ਬਿਊਰੋ)- ਮੈਕ ਸਟਾਰ ਕੇਸ ਦੀ ਜਾਂਚ ਦੌਰਾਨ ਇਨਫੋਰਸਮੈਂਟ ਡਾਇਰੈਕਟੋਰੇਟ(ਈ ਡੀ) ਨੇ ਸੀਨੀਅਰ ਕਾਂਗਰਸ ਆਗੂ, ਸਾਬਕਾ ਕੇਂਦਰੀ ਮੰਤਰੀ ਤੇ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਦੀ ਧੀ ਪ੍ਰੀਤੀ ਅਤੇ ਜਵਾਈ ਰਾਜ ਸ਼ਰਾਫ ਦੀਆਂ 35.48 ਕਰੋੜ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਹਨ।

ਈ ਡੀ ਅਧਿਕਾਰੀਆਂ ਨੇ ਦੱਸਿਆ ਕਿ ਪ੍ਰੀਤੀ ਅਤੇ ਰਾਜ ਸ਼ਰਾਫ ਜਿੰਦਲ ਕੰਬਾਈਨਜ਼ ਪ੍ਰਾਈਵੇਟ ਅਤੇ ਓਰਲੈਂਡੋ ਟਰੇਡਿੰਗ ਪ੍ਰਾਈਵੇਟ ਲਿਮਟਿਡ ਦੇ ਮਾਲਕ ਹਨ ਤੇ ਉਨ੍ਹਾਂ ਦੀਆਂ ਜਾਇਦਾਦਾਂ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐਮ ਐਲ ਏ) ਹੇਠਇੱਕ ਬੈਂਕ ਫਰਾਡਕੇਸ ਵਿੱਚ ਜ਼ਬਤ ਕੀਤੀਆਂ ਗਈਆਂ ਹਨ, ਜਿਸ ਵਿੱਚ ਹਾਊਸਿੰਗ ਡਿਵੈਲਪਮੈਂਟ ਇਨਫਰਾਸਟ੍ਰਕਚਰ ਲਿਮਟਿਡ (ਐਚ ਡੀ ਆਈ ਐਲ) ਅਤੇ ਹੋਰਨਾਂ ਦੇ ਪ੍ਰਮੋਟਰ ਰਾਕੇਸ਼ ਵਧਾਵਨ ਅਤੇ ਸਾਰੰਗ ਵਧਾਵਨ ਸ਼ਾਮਲਹਨ। ਅਧਿਕਾਰੀਆਂ ਨੇ ਦੱਸਿਆ ਕਿ ਜ਼ਬਤ ਹੋਈਆਂ 10,500 ਵਰਗ ਫੁੱਟ ਦੀਆਂ ਦੋ ਵਪਾਰਕ ਜਾਇਦਾਦਾਂ ਹਨ, ਜੋ ਮੁੰਬਈ ਦੇ ਅੰਧੇਰੀ-ਪੂਰਬ ਵਿੱਚ ਕਾਲੇਦੋਨੀਆ ਬਿਲਡਿੰਗ ਵਿੱਚ ਹਨ। ਈ ਡੀ ਦੀ ਜਾਂਚ ਤੋਂ ਪਤਾ ਲੱਗਾ ਕਿ ਵਧਾਵਨ ਨੇ 2014 ਵਿੱਚ ਮੈਕ



ਸਟਾਰ ਦੀ ਇੱਕ ਵਪਾਰਕ ਜਾਇਦਾਦ ਨੂੰ ਗੈਰ ਕਾਨੂੰਨੀ ਢੰਗ ਨਾਲ ਅਤੇ ਧੋਖਾਧੜੀ ਕਰ ਕੇ ਜਿੰਦਲ ਕੰਬਾਈਨਜ਼ ਪ੍ਰਾਈਵੇਟ ਲਿਮਟਿਡ ਨੂੰ 9.39 ਕਰੋੜ ਰੁਪਏ (ਅਜੋਕਾ ਅਨੁਮਾਨਤ ਮੁੱਲ 15.63 ਕਰੋੜ ਰੁਪਏ) ਵਿੱਚ ਅਤੇ ਦੂਜੀ ਜਾਇਦਾਦ 2016 ਵਿੱਚ ਓਰਲੈਂਡੋ ਟ੍ਰੇਡਿੰਗ ਪ੍ਰਾਈਵੇਟ ਲਿਮਟਿਡ ਨੂੰ 18 ਕਰੋੜ ਰੁਪਏ (ਅਜੋਕਾ ਅਨੁਮਾਨਤ ਮੁੱਲ 1984 ਕਰੋੜ ਰੁਪਏ) ਵਿੱਚ ਟਰਾਂਸਫਰ ਕੀਤਾ ਸੀ। ਦੂਜੀ ਜਾਇਦਾਦ ਲਈ ਅਜੇ ਸਿਰਫ 10 ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ। ਦੋਵੇਂ ਕੰਪਨੀਆਂ ਇਨ੍ਹਾਂ ਜਾਇਦਾਦਾਂ ਤੋਂ ਸਾਲਾਨਾ ਕ੍ਰਮਵਾਰ 1.76 ਕਰੋੜ ਤੇ 1.39 ਕਰੋੜ ਰੁਪਏ ਕਿਰਾਇਆ ਪ੍ਰਾਪਤ ਕਰ ਰਹੀਆਂ ਹਨ। ਈ ਡੀ ਨੇ ਇਹ ਜਾਂਚ ਮੁੰਬਈ ਵਿੱਚ ਸੀ ਬੀ ਆਈ (ਏ ਸੀਬੀ) ਵੱਲੋਂ ਰਾਕੇਸ਼ ਵਧਾਵਨ, ਸਾਰੰਗ ਵਧਾਵਨ ਤੇ ਹੋਰਨਾਂ ਵਿਰੁੱਧ ਦਰਜ ਕੀਤੇ ਕੇਸ ਦੇ ਆਧਾਰ ਉੱਤੇ ਸ਼ੁਰੂ ਕੀਤੀ ਸੀ। ਉਨ੍ਹਾਂ ਉੱਤੇ ਯੈਸ ਬੈਂਕ ਵੱਲੋਂ ਮੈਕ ਸਟਾਰ ਮਾਰਕੀਟਿੰਗ ਪ੍ਰਾਈਵੇਟ ਲਿਮਟਿਡ ਨੂੰ ਮਨਜ਼ੂਰ ਕੀਤੇ 200 ਕਰੋੜ ਰੁਪਏ ਦੇ ਕਰਜ਼ੇ ਦਾ ਭੁਗਤਾਨ ਦਾ ਦੋਸ਼ ਹੈ।

## ਹਿਮਾਚਲ ਦੇ ਹਿੰਦੂ ਵਿਅਕਤੀ ਦੀ ਲਾਸ਼ ਸਾਊਦੀ ਅਰਬ ਵਿੱਚ ਮੁਸਲਿਮ ਸਮਝ ਕੇ ਦਫਨਾ ਦਿੱਤੀ ਗਈ

ਸ਼ਿਮਲਾ, 18 ਮਾਰਚ (ਪੋਸਟ ਬਿਊਰੋ)- ਭਾਰਤ ਦੇ ਹਿਮਾਚਲ ਪ੍ਰਦੇਸ਼ ਵਿੱਚ ਊਨਾ ਦੇ ਵਸਨੀਕ ਹਿੰਦੂ ਵਿਅਕਤੀ ਦੀ ਲਾਸ਼ ਸਾਊਦੀ ਅਰਬ ਵਿੱਚ ਗਲਤੀ ਨਾਲ ਮੁਸਲਿਮ ਰੀਤੀ-ਰਿਵਾਜ ਨਾਲ ਦਫਨਾ ਦਿੱਤੀ ਗਈ।

ਮ੍ਰਿਤਕ ਦੀ ਪਤਨੀ ਨੇ ਦਿੱਲੀ ਹਾਈਕੋਰਟ ਦਾ ਦਰਵਾਜ਼ਾ ਖੜਕਾ ਕੇ ਬੇਨਤੀ ਕੀਤੀ ਹੈ ਕਿ ਉਹ ਵਿਦੇਸ਼ ਮੰਤਰਾਲੇ ਨੂੰ ਲਾਸ਼ ਦੀਆਂ ਅਸਥੀਆਂ ਭਾਰਤ ਲਿਆਉਣ ਦਾ ਹੁਕਮ ਦੇਣ। ਭਾਰਤੀ ਨਾਗਰਿਕ ਸੰਜੀਵ ਕੁਮਾਰ ਤਿੰਨ ਸਾਲ ਤੋਂ ਸਾਊਦੀ ਅਰਬ ਵਿੱਚ ਸੀ,ਜਿਸ ਦੀ ਦਿਲ ਦੀ ਧੜਕਣ ਰੁਕ ਜਾਣ ਨਾਲ 24 ਜਨਵਰੀ ਨੂੰ ਸਾਊਦੀ ਅਰਬ ਵਿੱਚ ਮੌਤ ਹੋ ਗਈ ਸੀ। ਮ੍ਰਿਤਕ ਦੀ ਪਤਨੀ ਅੰਜੂ ਸ਼ਰਮਾ ਨੇ ਅਰਜ਼ੀ ਵਿੱਚ ਕਿਹਾ ਕਿ ਉਨ੍ਹਾਂ ਦੇ ਪਤੀ ਦੀ ਮੌਤ ਪਿੱਛੋਂਪ੍ਰਸ਼ਾਸਨ ਨੂੰ ਲਾਸ਼ ਨੂੰ ਭਾਰਤ ਲਿਆਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ, ‘‘ਹੈਰਾਨੀ ਵਾਲੀ ਗੱਲ ਇਹ ਸੀ ਕਿ 18 ਫਰਵਰੀ ਨੂੰ ਉਨ੍ਹਾਂ ਨੂੰ ਦੱਸਿਆ ਗਿਆ ਕਿ ਸਾਊਦੀ ਅਰਬ ਵਿੱਚ ਉਨ੍ਹਾਂ ਦੇ ਪਤੀ ਦੀ ਲਾਸ਼ ਦਫਨਾ ਦਿੱਤੀ ਗਈ ਹੈ, ਜਦਕਿ ਪਰਵਾਰ ਦੇ ਮੈਂਬਰ ਭਾਰਤ ਵਿੱਚ ਲਾਸ਼ ਲਿਆਉਣ ਦੀ ਉਡੀਕ ਕਰ ਰਹੇ ਸੀ। ਭਾਰਤੀ ਦੂਤਘਰ ਦੇ ਅਧਿਕਾਰੀਆਂ ਦੱਸਿਆ ਕਿ ਇਹ ਵਪਾਰ ਕੌਂਸਲੇਟ ਦੇਇਕ ਅਧਿਕਾਰੀ ਦੀ ਗਲਤੀ ਸੀ, ਜਿਸ ਨੇ ਮ੍ਰਿਤਕ ਦੇ ਸਰਟੀਫਿਕੇਟ ਵਿੱਚ ਸੰਜੀਵ ਦਾ ਧਰਮ ਗਲਤੀ ਨਾਲ ਮੁਸਲਿਮ ਲਿਖ ਦਿੱਤਾ ਸੀ। ਇਹ ਮੁੱਦਾ ਹਿਮਾਚਲ ਪ੍ਰਦੇਸ਼ ਦੇ ਕਾਂਗਰਸ ਵਿਧਾਇਕ ਸਤਪਾਲ ਸਿੰਘ ਰਾਏਜਾਦਾ ਨੇ ਵਿਧਾਨਸਭਾ ਵਿੱਚ ਉਠਾਇਆ ਤਾਂ ਮੁੱਖਮੰਤਰੀ ਜੈਰਾਮ ਠਾਕੁਰ ਨੇ ਕਿਹਾ ਕਿ ਉਹ ਇਸ ਬਾਰੇ ਵਿਦੇਸ਼ ਮੰਤਰਾਲੇ ਨਾਲ ਗੱਲ ਕਰਨਗੇ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਰਾਜ ਸਰਕਾਰ ਸੰਜੀਵ ਦਾ ਮ੍ਰਿਤਕ ਸਰੀਰ ਭਾਰਤ ਲਿਆਉਣ ਲਈ ਚਾਰਾਜੋਈ ਕਰੇਗੀ।

## ਹਾਈ ਕੋਰਟ ਵੱਲੋਂ ਸ਼ਿਵ ਕੁਮਾਰ ਉਤੇ ਤਸ਼ੱਦਦ ਦੀ ਜਾਂਚ ਦੇ ਹੁਕਮ

ਚੰਡੀਗੜ੍ਹ, 18 ਮਾਰਚ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਮਜ਼ਦੂਰ ਆਗੂ ਸ਼ਿਵ ਕੁਮਾਰ ਨੂੰ ਸੋਨੀਪਤ ਪੁਲਸ ਵੱਲੋਂ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖਣ ਅਤੇ ਹਿਰਾਸਤ ਦੌਰਾਨ ਤਸ਼ੱਦਦ ਢਾਹੁਣ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਕੱਲ੍ਹ ਫਰੀਦਾਬਾਦ ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੂੰ ਨਿਰਦੇਸ਼ ਦਿੱਤੇ ਹਨ।

ਸ਼ਿਵ ਕੁਮਾਰ ਦੇ ਪਿਤਾ ਵੱਲੋਂ ਪਾਈ ਪਟੀਸ਼ਨ ਉੱਤੇ ਜਸਟਿਸ ਅਵਨੀਸ਼ ਝਿੰਗਨ ਦੀ ਅਦਾਲਤ ਨੇ ਇਹ ਹੁਕਮ ਦਿੱਤੇ ਗਏ ਹਨ। ਪਟੀਸ਼ਨਰ ਨੇ ਸ਼ਿਵ ਕੁਮਾਰ ਦੇ ਖਿਲਾਫ ਲੱਗੀਆਂ ਕਾਨੂੰਨੀ ਧਾਰਾਵਾਂ ਤਹਿਤ ਦਰਜ ਵੱਖੋ-ਵੱਖਰੇ ਕੇਸਾਂ ਦੀ ਜਾਂਚ ਆਜ਼ਾਦ ਏਜੰਸੀ ਤੋਂ ਕਰਵਾਉਣ ਲਈ ਨਿਰਦੇਸ਼ ਦੇਣ ਦੀ ਅਪੀਲ ਕੀਤੀ ਸੀ। ਉਸ ਦੇ ਪਿਤਾ ਨੇ ਸ਼ਿਵ ਕੁਮਾਰ ਨੂੰ ਹਿਰਾਸਤ ਵਿੱਚ ਰੱਖਣ ਅਤੇ ਤਸ਼ੱਦਦ ਢਾਹੁਣ ਦੀ ਆਜ਼ਾਦ ਜਾਂਚ ਕਰਵਾਉਣ ਦੀ ਵੀ ਮੰਗ ਕੀਤੀ ਸੀ। ਅਦਾਲਤ ਨੇ ਸ਼ਿਵ ਕੁਮਾਰ ਦੇ ਕੇਸ ਵਿੱਚ ਹਰਿਆਣਾ ਪੁਲਸ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਨੂੰ ਵੀ ਜਾਂਚ ਜਾਰੀ ਰੱਖਣ ਲਈ ਕਿਹਾ ਹੈ।

# ਭਰਾ ਨੇ ਵੱਡੀ ਭੈਣ ਨੂੰ ਸੜਕ ’ਤੇ ਮਾਰ ਸੁੱਟਿਆ

ਅਹਿਮਦਾਬਾਦ, 18 ਮਾਰਚ (ਪੋਸਟ ਬਿਊਰੋ)- ਗੁਜਰਾਤ ਦੇ ਬਾਰੋਈ ਪਿੰਡ ਵਿੱਚ ਕੱਲ੍ਹ ਦੁਪਹਿਰੇ ਇੱਕ ਲੜਕੇ ਨੇ ਆਪਣੀ ਵੱਡੀ ਭੈਣ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਅਤੇ ਫਿਰ ਉਹ ਭੱਜਿਆ ਨਹੀਂ, ਖ਼ੂਨ ਨਾਲ ਲਿਬੜਿਆ ਚਾਕੂ ਲੈ ਕੇ ਉਥੇ ਘੁੰਮਦਾ ਰਿਹਾ। ਉਹ ਆਸ-ਪਾਸ ਮੌਜੂਦ ਲੋਕ ਨੂੰ ਦੱਸਦਾ ਰਿਹਾ ਕਿ ਉਸ ਦੀ ਭੈਣ ਦਾ ਕਿਸੇ ਨਾਲ ਚੱਕਰ ਸੀ, ਇਸ ਲਈ ਉਸ ਨੇ ਉਸ ਨੂੰ ਮਾਰ ਦਿੱਤਾ ਹੈ। ਕੇਸ ਦੀ ਖ਼ਬਰ ਮਿਲਦੇ ਸਾਰ ਪੁਲਸ ਮੌਕੇ ਉੱਤੇਗਈ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ। ਇਹ ਘਟਨਾ ਮਾਰੂਤੀ ਨਗਰ ਇਲਾਕੇ ਵਿੱਚ ਹੋਈ।

ਪਤਾ ਲੱਗਾ ਹੈ ਕਿ ਲੜਕੀ ਇਥੋਂ ਲੰਘ ਰਹੀ ਸੀ, ਤਾਂ ਭਰਾ ਨੇ ਉਸ ਉੱਤੇ ਹਮਲਾ ਕਰ ਦਿੱਤਾ। ਮਰਨ ਵਾਲੀ ਲੜਕੀ ਦਾ ਨਾਂ ਰੀਨਾਬਾ ਸੀ। ਦੱਸਿਆ ਜਾਂਦਾ ਹੈ ਕਿ ਉਹ ਕਿਸੇ ਲੜਕੇ ਨਾਲ ਪਿਆਰ ਕਰਦੀ ਸੀ। ਇਹ ਗੱਲ ਉਸ ਦੇ ਭਰਾ 21 ਸਾਲਾ ਪ੍ਰੇਮਸੰਗ ਨਾਰੂਭਾ ਰਾਠੌੜ ਨੂੰ ਪਸੰਦ ਨਹੀਂ ਸੀ। ਇਸ ਕਾਰਨ ਉਹ ਆਪਣੀ ਭੈਣ ਨਾਲ ਗੁੱਸੇ ਸੀ। ਉਸ ਨੇ ਕਈ ਵਾਰ ਭੈਣ ਨੂੰ ਇਹ ਰਿਸ਼ਤਾ ਖਤਮ ਕਰਨ ਲਈ ਕਿਹਾ ਸੀ ਅਤੇ ਉਸ ਨੂੰ ਧਮਕੀ ਵੀ ਦੇ ਚੁੱਕਾ ਸੀ। ਜਦੋਂ ਪ੍ਰੇਮਸੰਗ ਨੇ ਆਪਣੀ ਭੈਣ ਦਾ ਕਤਲ ਕੀਤਾ, ਓਥੇ ਕਈ ਲੋਕ ਸਨ। ਉਨ੍ਹਾਂ ਵਿੱਚੋਂ ਕੁਝ ਘਟਨਾ ਦਾ ਵੀਡੀਓ



ਬਣਾਉਂਦੇ ਰਹੇ। ਘਰਾਂ ਦੇ ਬਾਹਰ ਕੁਝ ਬੱਚੇ ਵੀ ਖੇਡ ਰਹੇ ਸਨ। ਉਨ੍ਹਾਂ ਨੂੰ ਇੱਕ ਬਜ਼ੁਰਗ ਨੇ ਘਰ ਦੇ ਅੰਦਰ ਕਰ ਦਿੱਤਾ। ਉਨ੍ਹਾਂ ਨੇ ਪ੍ਰੇਮਸੰਗ ਨੂੰ ਉਥੇ ਖੜ੍ਹੇ ਰਹਿਣ ਲਈ ਕਿਹਾ। ਜਵਾਬ ਵਿੱਚ ਪ੍ਰੇਮਸੰਗ ਨੇ ਕਿਹਾ: ਚਿੰਤਾ ਨਾ ਕਰੋ, ਜਦ ਤੱਕ ਪੁਲਸ ਨਾ ਆਈ, ਮੈਂ ਖੜ੍ਹਾ ਰਹਾਂਗਾ।

ਆਸ-ਪਾਸ ਮੌਜੂਦ ਲੋਕਾਂ ਨੇ ਦੱਸਿਆ ਕਿ ਰੀਨਾਬਾ ਮਾਰੂਤੀ ਨਗਰ ਇਲਾਕੇ ਵਿੱਚੋਂ ਜਾ ਰਹੀ ਸੀ ਤਾਂ ਪ੍ਰੇਮਸੰਗ ਉਸ ਦਾ ਪਿੱਛਾ ਕਰਦਾ-ਕਰਦਾ ਆ ਪਹੁੰਚਿਆ। ਉਸ ਨੇ ਰੀਨਾਬਾ ਨੂੰ ਰੋਕਿਆ ਤੇ ਚਾਕੂ ਨਾਲ ਹਮਲਾ ਕਰਨ ਲੱਗਾ। ਰੀਨਾਬਾ ਖ਼ੂਨ ਨਾਲ ਲਥਪਥ ਹੋ ਕੇ ਸੜਕ ਉੱਤੇ ਡਿੱਗ ਪਈ ਤੇ ਕਾਫੀ ਦੇਰ ਤੱਕ ਤੜਫਦੀ ਰਹੀ। ਬਾਅਦ ਵਿੱਚ ਉਸ ਨੇ ਦਮ ਤੋੜ ਦਿੱਤਾ। ਪ੍ਰੇਮਸੰਗ ਉਸ ਦੀ ਲਾਸ਼ ਦੇ ਨੇੜੇ ਹੀ ਹੱਥ ਵਿੱਚ ਚਾਕੂ ਫੜੀ ਖੜ੍ਹਾ ਰਿਹਾ।

# ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ 30 ਸ਼ਹਿਰਾਂ ਵਿੱਚੋਂ 22 ਭਾਰਤ ਦੇ ਨਿਕਲੇ

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ 30 ਸ਼ਹਿਰਾਂ ਵਿੱਚੋਂ 22 ਭਾਰਤ ਵਿੱਚ ਹਨ। ਇਹੀ ਨਹੀਂ, ਦਿੱਲੀ ਦੁਨੀਆ ਦੀਆਂ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀਆਂ ਦੀ ਸੂਚੀ ਵਿੱਚ ਸਿਖਰ ਉੱਤੇ ਹੈ।

ਸਵਿਸ ਸੰਗਠਨ ‘ਆਈ ਕਿਊ ਏਅਰ’ ਵੱਲੋਂ ਬਣਾਈ ‘ਵਰਲਡ ਏਅਰ ਕੁਆਲਿਟੀ ਰਿਪੋਰਟ 2020’ ਵਿੱਚ ਇਹ ਗੱਲ ਕਹੀ ਗਈ ਹੈ। ਸਾਲ 2019 ਦੇ ਮੁਕਾਬਲੇ 2020 ਵਿੱਚ ਦਿੱਲੀ ਦੀ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਦੇ ਬਾਵਜੂਦ ਦਿੱਲੀ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ 10ਵੇਂ ਨੰਬਰ ਉੱਤੇ ਹੈ। ਰਾਜਧਾਨੀਆਂ ਵਿੱਚੋਂ ਇਹ ਦੁਨੀਆ ਦੀ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਹੈ। ਰਿਪੋਰਟਮੁਤਾਬਕ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਦੇਸ਼ਾਂ ਦੀ ਸੂਚੀ ਵਿੱਚ ਭਾਰਤ ਬਹੁਤ ਉਪਰ ਨਜ਼ਰ ਆਉਂਦਾ ਹੈ। ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ 30 ਸ਼ਹਿਰਾਂ ਵਿੱਚੋਂ 22 ਭਾਰਤ ਵਿੱਚ ਹਨ। ਦਿੱਲੀ ਦੇ ਨਾਲ 21 ਹੋਰ ਸ਼ਹਿਰਾਂ: ਗਾਜ਼ੀਆਬਾਦ, ਬੁਲੰਦਸ਼ਹਿਰ, ਬਿਸਰਖ ਜਲਾਲਪੁਰ, ਨੋਇਡਾ, ਗ੍ਰੇਟਰ ਨੋਇਡਾ, ਕਾਨਪੁਰ, ਲਖਨਊ, ਮੇਰਠ, ਆਗਰਾ, ਮੁਜ਼ੱਫਰਨਗਰ (ਸਭ ਸ਼ਹਿਰ ਯੂ ਪੀ ਦੇ), ਭਿਵਾੜੀ (ਰਾਜਸਥਾਨ), ਫਰੀਦਾਬਾਦ, ਜੀਂਦ, ਹਿਸਾਰ, ਫਤਿਹਾਬਾਦ, ਬੰਧਵਾੜੀ, ਗੁਰੂਗ੍ਰਾਮ, ਯਮੁਨਾਨਗਰ, ਰੋਹਤਕ (ਹਰਿਆਣਾ ਦੇ) ਅਤੇ ਧਾਰੂਹੇੜਾ ਤੇ ਮੁਜ਼ੱਫਰਪੁਰ (ਬਿਹਾਰ) ਸ਼ਾਮਲ ਹਨ। ਇਸ ਰਿਪੋਰਟ ਮੁਤਾਬਕ ਦੁਨੀਆ ਵਿੱਚ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਚੀਨ ਦਾ ਸ਼ਿੰਜਿਆਂਗ ਹੈ। ਉਸ ਤੋਂ ਬਾਅਦ 9 ਸ਼ਹਿਰ ਭਾਰਤ ਦੇ ਹਨ। ਗਾਜ਼ੀਆਬਾਦ ਦੂਜੇ ਨੰਬਰ ਉੱਤੇ ਹੈ।ਉਸ ਪਿੱਛੋਂ ਬੁਲੰਦਸ਼ਹਿਰ ਬਿਸਰਖ ਜਲਾਲਪੁਰ, ਨੋਇਡਾ, ਗ੍ਰੇਟਰ ਨੋਇਡਾ, ਕਾਨਪੁਰ, ਲਖਨਊ, ਭਿਵਾੜੀ ਦਾ ਨੰਬਰ ਹੈ। ਇਨ੍ਹਾਂ ਸ਼ਹਿਰਾਂ ਵਿੱਚ ਪ੍ਰਦੂਸ਼ਣ ਦਾ ਪੱਧਰ ਈ ਐਮ 2.5 ਦੇ ਅਧਾਰ ਉੱਤੇਮਿਣਿਆ ਹੈ।ਭਾਰਤ ਵਿੱਚ ਪ੍ਰਦੂਸ਼ਣ ਦੇ ਮੁੱਖ ਕਾਰਨ ਟਰਾਂਸਪੋਰਟ, ਭੋਜਨ ਪਕਾਉਣ ਲਈ ਬਾਲਣ ਨੂੰ ਸਾੜਨਾ, ਬਿਜਲੀ ਦਾ ਉਤਪਾਦਨ, ਉਦਯੋਗ, ਵੀ-ਨਿਰਮਾਣ ਕੰਮ ਅਤੇ ਸਮੇਂ-ਸਮੇਂਪਰਾਲੀ ਨੂੰ ਸਾੜਨਾ ਆਦਿ ਹਨ।

REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਬੇਂਗਲੁਰੂ ਤੋਂ ਜੈਪੁਰ ਆ ਰਹੀ ਉਡਾਣ ਦੌਰਾਨ ਔਰਤ ਨੇ ਬੱਚੇ ਨੂੰ ਜਨਮ ਦਿੱਤਾ

ਜੈਪੁਰ, 18 ਮਾਰਚ (ਪੋਸਟ ਬਿਊਰੋ)- ਲੋਕ ਮਾਨਤਾਵਾਂ ਵਿੱਚ ਕਿਹਾ ਜਾਂਦਾ ਹੈ ਕਿ ਜਨਮ ਤੇ ਮੌਤ ਉੱਤੇ ਇਨਸਾਨ ਦਾ ਵੱਸ ਨਹੀਂ ਚੱਲਦਾ। ਇਸ ਗੱਲ ਨੂੰ ਸਹੀ ਸਿੱਧ ਕਰਦੇ ਹੋਏ ਕੱਲ੍ਹ ਬੇਂਗਲੁਰੂ ਤੋਂ ਜੈਪੁਰ ਆ ਰਹੀ ਇੰਡੀਗੋ ਦੀ ਇੱਕ ਉਡਾਣ ਵਿੱਚ ਇੱਕ ਔਰਤ ਨੇ ਬੱਚੇ ਨੂੰ ਜਨਮ ਦਿੱਤਾ ਹੈ।

ਮਿਲੀ ਜਾਣਕਾਰੀ ਮੁਤਾਬਕ ਇੰਡੀਗੋ ਦੀ ਉਡਾਣ ਕੱਲ੍ਹ ਸਵੇਰੇ 5-45 ਵਜੇ ਬੇਂਗਲੁਰੂ ਤੋਂ ਚੱਲੀ। ਇਹ ਜੈਪੁਰ ਵਿਖੇ



ਸਵੇਰੇ 8-05 ਵਜੇ ਪੁੱਜੀ ਤਾਂ ਰਾਹ ਵਿੱਚ ਇਸ ਵਿੱਚ ਸਵਾਰ ਗਰਭਵਤੀ ਔਰਤ ਨੂੰ ਹਵਾਈ ਜਹਾਜ਼ ਵਿੱਚ ਜਣੇਪਾ ਪੀੜਾਂ ਸ਼ੁਰੂ ਹੋ ਗਈਆਂ। ਹਵਾਈ ਜਹਾਜ਼ ਵਿੱਚ ਸਟਾਫ ਅਤੇ ਸਫਰ ਕਰ ਰਹੇ ਇੱਕ ਡਾਕਟਰ ਨੇ ਔਰਤ ਦੀ ਸਫਲਤਾ ਪੂਰਵਕ ਡਿਲੀਵਰ ਕਰਵਾਈ ਅਤੇ ਜਹਾਜ਼ ਦੇ ਜੈਪੁਰ ਪੁੱਜਦੇ ਸਾਰ ਜੱਚਾ ਤੇ ਬੱਚਾ ਦੋਵਾਂ ਨੂੰ ਇੱਕ ਪ੍ਰਾਈਵੇਟ ਹਸਪਤਾਲ ਦਾਖ਼ਲ ਕਰਵਾਇਆ ਗਿਆ। ਡਾਕਟਰਾਂ ਮੁਤਾਬਕ ਮਾਂ ਅਤੇ ਬੱਚਾ ਦੋਵੇਂ ਸਿਹਤਮੰਦ ਹਨ।



## ਪਾਕਿਸਤਾਨੀ ਲਾੜੀ ਨੇ ਪਤੀ ਤੋਂ ਮੇਹਰ ਵਿੱਚ ਇੱਕ ਲੱਖ ਦੀਆਂ ਕਿਤਾਬਾਂ ਮੰਗ ਲਈਆਂ

ਇਸਲਾਮਾਬਾਦ, 18 ਮਾਰਚ (ਪੋਸਟ ਬਿਊਰੋ)- ਮੁਸਲਿਮ ਪਤਨੀਆਂ ਆਪਣੇ ਸ਼ੌਹਰ ਤੋਂ ਮੇਹਰ ਦੀ ਰਕਮ ਵਿੱਚ ਸੋਨਾ, ਚਾਂਦੀ ਜਾਂ ਪੈਸਾ ਮੰਗਦੀਆਂ ਹਨ, ਪਰ ਇੱਕ ਯੁਵਾ ਪਾਕਿਸਤਾਨੀ ਲੇਖਿਕਾ ਨੇ ਆਪਣੇ ਪਤੀ ਅੱਗੇ ਅਜਿਹੀ ਸ਼ਰਤ ਰੱਖੀ, ਜਿਸ ਤੋਂ ਸਾਰੇ ਹੈਰਾਨ ਰਹਿ ਗਏ, ਕਿਉਂਕਿ ਸ਼ਰਤ ਇੱਕਦਮ ਵੱਖਰੀ ਕਿਸਮ ਦੀ ਸੀ।

ਇਸਲਾਮਕ ਕਾਨੂੰਨ ਮੁਤਾਬਕ ਕੇਵਲ ਲਾੜੀ ਦਾ ਉਸ ਦੇ ਹਕ ਮੇਹਰ ਉਤੇ ਅਧਿਕਾਰ ਹੁੰਦਾ ਹੈ ਅਤੇ ਉਹ ਪਤਨੀ ਨੂੰ ਦੇਣਾ ਪਤੀ ਲਈ ਕਾਨੂੰਨੀ ਜ਼ਿੰਮੇਵਾਰੀ ਹੁੰਦੀ ਹੈ। ਇਸੇ ਨਿਯਮ ਹੇਠ ਪਾਕਿਸਤਾਨ ਦੀ ਯੁਵਾ ਲੇਖਿਕਾ ਨੇ ਆਪਣੇ ਪਤੀ ਤੋਂ ਇੱਕ ਲੱਖ ਰੁਪਏ ਦੀਆਂ ਕਿਤਾਬਾਂ ਮੰਗਵਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਪਾਕਿਸਤਾਨ ਦੀ ਯੁਵਾ ਲੇਖਿਕਾ ਨਾਇਲਾ ਸ਼ਮਲ ਖੈਬਰ ਪਖਤੂਨਖਵਾ ਸੂਬੇ ਦੇ ਮਰਦਾਨ ਦੀ ਰਹਿਣ ਵਾਲੀ ਹੈ ਅਤੇ ਇੱਕ ਲੇਖਕ ਨਾਲ ਵਿਆਹ ਕਰ ਰਹੀ ਹੈ। ਉਨ੍ਹਾਂ ਨੇ ਸੋਨਾ, ਚਾਂਦੀ ਜਾਂ ਤੋਹਫੇ ਨਾ ਮੰਗ ਕੇ ਕਿਤਾਬਾਂ ਮੰਗੀਆਂ ਹਨ। ਉਨ੍ਹਾਂ ਨੇ ਵਿਆਹ ਦਾ ਲਾਲ ਜੋੜਾ ਪਾ ਕੇ ਆਪਣੀਆਂ ਕਿਤਾਬਾਂ ਦੇ ਵਿੱਚ ਖੜੋ ਕੇ ਇੱਕ ਵੀਡੀਓ ਸੰਦੇਸ਼ ਬਣਾਇਆ ਅਤੇ ਦੱਸਿਆ ਕਿ ਕਿਉਂ ਉਹ ਕਿਤਾਬਾਂ ਮੰਗ ਰਹੀ ਹੈ। ਨਾਇਲਾ ਨੇ ਕਿਹਾ ਕਿ ਮਾੜੇ ਰੀਤੀ-ਰਿਵਾਜ਼ਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ।ਨਾਇਲਾ ਨੇ ਕਿਹਾ ਕਿ ਸਾਡੇ ਮੁਲਕ ਵਿੱਚ ਮਹਿੰਗਾਈ ਬਹੁਤ ਜ਼ਿਆਦਾ ਹੈ ਅਤੇ ਦੂਸਰੀ ਗੱਲ ਇਸ ਤਰ੍ਹਾਂ ਦੀ ਕੁਰੀਤੀ ਖਤਮ ਹੋਣੀ ਚਾਹੀਦੀ ਹੈ। ਸੋਨਾ ਤੇ ਚਾਂਦੀ ਹਰ ਔਰਤ ਮੰਗਦੀ ਹੈ, ਪਰ ਲੇਖਿਕਾ ਹੋਣ ਦੇ ਨਾਤੇ ਮੈਂ ਕਿਤਾਬਾਂ ਇਸ ਲਈ ਮੰਗੀਆਂ ਕਿ ਜੇ ਮੈਂ ਕਿਤਾਬਾਂ ਦੀ ਕਦਰ ਨਹੀਂ ਕਰਾਂਗੀ ਤਾਂ ਦੂਸਰਿਆਂ ਨੂੰ ਕਿਤਾਬਾਂ ਦੀ ਕਦਰ ਕਰਨ ਦੇ ਲਈ ਕਿਵੇਂ ਕਹਿ ਸਕਦੀ ਹਾਂ। ਸੋਸ਼ਲ ਮੀਡੀਆ 'ਤੇ ਨਾਇਲਾ ਦੇ ਇਸ ਅਨੋਖੇ ਮੇਹਰ ਦੀ ਖੂਬ ਤਾਰੀਫ ਹੋ ਰਹੀ ਹੈ। ਵੱਡੀ ਗਿਣਤੀ ਵਿੱਚ ਲੋਕ ਟਵੀਟ ਕਰ ਕੇ ਨਾਇਲਾ ਦੀ ਪ੍ਰਸ਼ੰਸਾ ਕਰ ਰਹੇ ਹਨ।

## ਇਮਰਾਨ ਕਹਿੰਦੈ ਸ਼ਾਂਤੀ ਸਥਾਪਨਾ ਨਾਲ ਭਾਰਤ ਨੂੰ ਮੱਧ ਏਸ਼ੀਆ ਤੱਕ ਸਿੱਧੀ ਪਹੁੰਚ ਮਿਲੇਗੀ!

ਇਸਲਾਮਾਬਾਦ, 18 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਭਾਰਤ ਨਾਲ ਸ਼ਾਂਤੀ ਸਥਾਪਨਾ ਦੀ ਗੱਲ ਕਰਦੇ ਹਨ, ਪਰ ਬੜਬੋਲੇਪਣ ਤੋਂ ਬਾਜ ਨਹੀਂ ਆਉਂਦੇ। ਉਨ੍ਹਾਂ ਕਿਹਾ ਕਿ ਜੇ ਭਾਰਤ ਤੇ ਇਸਲਾਮਾਬਾਦ ਵਿਚਾਲੇ ਸ਼ਾਂਤੀ ਸਥਾਪਤ ਹੁੰਦੀ ਹੈ ਤਾਂ ਇਸ ਨਾਲ ਭਾਰਤ ਨੂੰ ਮੁਕੰਮਲ ਸਾਧਨਾਂ ਵਾਲੇ ਮੱਧ ਏਸ਼ੀਆ ਤੱਕ ਪਹੁੰਚਣ 'ਚ ਮਦਦ ਮਿਲੇਗੀ। ਉਨ੍ਹਾ ਕਿਹਾ ਕਿ 2018 ਵਿੱਚ ਸੱਤਾ 'ਚ ਆਉਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਭਾਰਤ ਨਾਲ ਸੰਬੰਧਾਂ ਨੂੰ ਬਿਹਤਰ ਕਰਨ ਲਈ ਕਾਫੀ ਕਦਮ ਉਠਾਏ, ਪਰ ਨਵੀਂ ਦਿੱਲੀ ਵੱਲੋਂ ਹਾਂ-ਪੱਖੀ ਜਵਾਬ ਨਹੀਂ ਮਿਲਿਆ।



ਕ੍ਰਿਕਟਰ ਤੋਂ ਰਾਜਨੇਤਾ ਬਣੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਚੰਗੇ ਸੰਬੰਧਾਂ ਲਈ ਭਾਰਤ ਨੂੰ ਪਹਿਲਾ ਕਦਮ ਚੁੱਕਣਾ ਪਵੇਗਾ। ਜਦੋਂ ਤੱਕ ਉਹ ਅਜਿਹਾ ਨਹੀਂ ਕਰਦੇ, ਉਦੋਂ ਤੱਕ ਬਹੁਤ ਕੁਝ ਨਹੀ ਕੀਤਾ ਜਾ ਸਕਦਾ। ਵਰਨਣ ਯੋਗ ਹੈ ਕਿ ਭਾਰਤ ਨੇ ਪਿਛਲੇ ਮਹੀਨੇ ਹੀ ਕਿਹਾ ਸੀ ਕਿ ਉਹ ਪਾਕਿਸਤਾਨ ਨਾਲ ਚੰਗੇ ਸੰਬੰਧ ਬਣਾਉਣਾ ਚਾਹੁੰਦਾ ਹੈ, ਪਰ ਇਸ ਲਈ ਪਹਿਲਾਂ ਅੱਤਵਾਦ ਤੇ ਦੁਸ਼ਮਣੀ ਵਾਲੇ ਵਾਤਾਵਰਣ ਨੂੰ ਖਤਮ ਕਰਨਾ ਪਵੇਗਾ।ਭਾਰਤ ਨੇ ਇਹ ਵੀ ਕਿਹਾ ਸੀ ਕਿ ਗੱਲਬਾਤ ਤੇ ਅੱਤਵਾਦ ਇਕੱਠੇ ਨਹੀਂ ਚੱਲ ਸਕਦੇ। ਚੰਗੇ ਸੰਬੰਧ ਬਣਾਉਣ ਤੋਂ ਪਹਿਲਾਂ ਇਸਲਾਮਬਾਦ ਨੂੰ ਭਾਰਤ 'ਤੇ ਹਮਲਾ ਕਰਨ ਵਾਲੇ ਅੱਤਵਾਦੀ ਸੰਗਠਨਾਂ ਖਿਲਾਫ ਕਾਰਵਾਈ ਕਰਨੀ ਪਵੇਗੀ।

ਦੋ ਦਿਨਾਂ ਇਸਲਾਮਾਬਾਦ ਸਕਿਓਰਿਟੀ ਡਾਇਲਾਗ ਦੀ ਸ਼ੁਰੂਆਤ 'ਤੇ ਉਦਘਾਟਨੀ ਭਾਸ਼ਣ ਦਿੰਦੇ ਹੋਏ ਇਮਰਾਨ ਨੇ ਕਿਹਾ ਕਿ ਕਸ਼ਮੀਰ ਦੇ ਅਣਸੁਲਝੇ ਮੁੱਦੇ ਦੋਵਾਂ ਦੇਸ਼ਾਂ ਵਿਚਾਲੇ ਚੰਗੇ ਸੰਬੰਧ ਬਣਾਉਣ 'ਚ ਸਭ ਤੋਂ ਵੱਡੀ ਰੁਕਾਵਟ ਹਨ। ਉਨ੍ਹਾਂ ਕਿਹਾ ਕਿ ਜੇ ਭਾਰਤ ਕਸ਼ਮੀਰੀਆਂ ਨੂੰ ਯੂ ਐੱਨ ਦੇ ਮਤੇ ਮੁਤਾਬਕ ਉਨ੍ਹਾਂ ਨੂੰ ਅਧਿਕਾਰ ਦਿੰਦਾ ਹੈ ਤਾਂ ਦੋਵਾਂ ਦੇਸ਼ਾਂ ਲਈ ਫਾਇਦੇਮੰਦ ਹੋਵੇਗਾ। ਖਾਨ ਨੇ ਕਿਹਾ ਕਿ ਭਾਰਤ ਤੋਂ ਮੱਧ ਏਸ਼ੀਆ ਪਹੁੰਚਣ ਲਈ ਪਾਕਿਸਤਾਨ ਦਾ ਰਸਤਾ ਬਿਲਕੁਲ ਸਿੱਧਾ ਹੈ ਤੇ ਦੋਵਾਂ ਦੇਸ਼ਾਂ ਵਿਚਾਲੇ ਚੰਗੇ ਸੰਬੰਧ ਹੋਣ ਨਾਲ ਨਵੀਂ ਦਿੱਲੀ ਨੂੰ ਇਸ ਦਾ ਆਰਥਿਕ ਲਾਭ ਮਿਲੇਗਾ। ਮੱਧ ਏਸ਼ੀਆ ਦੇ ਦੇਸ਼ਾਂ ਵਿੱਚ ਕਜ਼ਾਖਿਸਤਾਨ, ਕਿਰਗਿਸਤਾਨ, ਉਜਬੇਕਿਸਤਾਨ, ਤਜ਼ਾਕਿਸਤਾਨ ਤੇ ਓਜ਼ਬਿਕਸਤਾਨ ਆਉਂਦੇ ਹਨ। ਲਗਭਗ ਡੇਢ ਸਾਲ ਤੋਂ ਵੱਧ ਸਮਾਂ ਪਹਿਲਾਂ ਭਾਰਤ ਨੇ ਨਾ ਸਿਰਫ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਸੀ ਬਲਕਿ ਉਸ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ ਸੀ। ਮੋਦੀ ਸਰਕਾਰ ਨੇ ਇਸ ਫੈਸਲੇ ਪ੍ਰਤੀ ਪਾਕਿਸਤਾਨ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ, ਪਰ ਉਸ ਨੂੰ ਕੌਮਾਂਤਰੀ ਭਾਈਚਾਰੇ ਦਾ ਸਮਰਥਨ ਨਹੀਂ ਮਿਲਿਆ।

## ਟੈਕਸਾਸ ਵਿੱਚ ਪਿਕਅਪ ਗੱਡੀ ਦੇ ਹਾਦਸੇ ਦੌਰਾਨ ਅੱਠ ਪ੍ਰਵਾਸੀਆਂ ਦੀ ਮੌਤ

ਵਾਸ਼ਿੰਗਟਨ, 18 ਮਾਰਚ (ਪੋਸਟ ਬਿਊਰੋ)- ਟੈਕਸਾਸ ਦੇ ਡੇਲ ਰਿਉ ਸ਼ਹਿਰ ਵਿੱਚ ਆਵਾਜ਼ਾਈ ਨਿਯਮਾਂ ਦੀ ਉਲੰਘਣਾ ਕਰਕੇ ਪੁਲਸ ਤੋਂ ਬੱਚ ਕੇ ਭੱਜ ਰਿਹਾ ਪਿਕਅਪ ਟਰੱਕ ਦੂਜੇ ਟਰੱਕ ਨਾਲ ਟਕਰਾ ਗਿਆ। ਇਸ ਹਾਦਸੇ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ, ਜਿਸ ਬਾਰੇ ਪੁਲਸ ਅਗਲੀ ਜਾਂਚ ਕਰ ਰਹੀ ਹੈ।



ਟੈਕਸਾਸ ਜਨਸੁਰੱਖਿਆ ਵਿਭਾਗ ਨੇ ਦੱਸਿਆ ਕਿ ਪੁਲਸ ਫੋਰਸ ਕੱਲ੍ਹ ਦੁਪਹਿਰੇ ਅਮਰੀਕਾ ਦੇ ਹਾਈਵੇਅ 277 'ਤੇ ਪ੍ਰਵਾਸੀਆਂ ਨੂੰ ਲੈ ਕੇ ਜਾ ਰਹੇ ਲਾਲ ਪਿਕਅਪ ਟਰੱਕ ਦਾ ਪਿੱਛਾ ਕਰ ਰਹੀਸੀ ਤਾਂ ਉਸ ਦੀ ਡੇਲ ਰਿਉ ਵਿੱਚ ਚਿੱਟੇ ਰੰਗ ਦੇ ਟਰੱਕ ਨਾਲ ਆਹਮੋ-ਸਾਹਮਣੀ ਟੱਕਰ ਹੋ ਗਈ। ਉਸ ਨੇ ਦੱਸਿਆ ਕਿ ਹਾਦਸੇ ਵਿੱਚ ਪਿਕਅਪ ਟਰੱਕ ਵਿੱਚ ਸਵਾਰ ਇੱਕ ਵਿਅਕਤੀ ਅਤੇ ਦੂਜੇ ਟਰੱਕ ਵਿੱਚ ਸਵਾਰ ਇੱਕ ਬੱਚਾ ਤੇ ਟਰੱਕ ਡਰਾਈਵਰ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ। ਜਨਸੁਰੱਖਿਆ ਵਿਭਾਗ ਨੇ ਦੱਸਿਆ ਕਿ ਪਿਕਅਪ ਗੱਡੀ ਵਿੱਚ ਸਵਾਰ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ ਇਹ ਸਾਰੇ ਲੋਕ ਗ਼ੈਰ ਕਾਨੂੰਨੀ ਪ੍ਰਵਾਸੀ ਸਨ। ਉਸ ਨੇ ਇਹ ਨਹੀਂ ਦੱਸਿਆ ਕਿ ਪਿਕਅਪ ਟਰੱਕ ਡਰਾਈਵਰ ਨੇ ਆਵਾਜ਼ਾਈ ਦੇ ਕਿਹੜੇ ਨਿਯਮ ਦੀ ਉਲੰਘਣਾ ਕੀਤੀ ਸੀ, ਜਿਸ ਕਾਰਨ ਪੁਲਸ ਨੇ ਉਨ੍ਹਾਂ ਦਾ ਪਿੱਛਾ ਕੀਤਾ। ਕਾਊਂਟੀ ਦੇ ਸ਼ੈਰਿਫ ਜੋਏ ਫ੍ਰੈਂਕ ਮਾਰਟਿਨੇਜ਼ ਨੇ ਦੱਸਿਆ ਕਿ ਸਾਰੇ ਮ੍ਰਿਤਕ ਮੈਕਸੀਕੋ ਦੇ ਵਾਸੀ ਸਨ ਅਤੇ ਉਨ੍ਹਾਂ ਦੀ ਉਮਰ 18 ਤੋਂ 20 ਸਾਲ ਸੀ। ਉਨ੍ਹਾਂ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਸੱਤ ਪੁਰਸ਼ ਅਤੇ ਇੱਕ ਔਰਤ ਸੀ। ਜਨਸੁਰੱਖਿਆ ਵਿਭਾਗ ਨੇ ਦੱਸਿਆ ਕਿ ਪਿਕਅਪ ਟਰੱਕ ਡਰਾਈਵਰ ਸੇਬੈਸਟੀਯਨ ਟਾਵਰ (24) ਹਾਦਸੇ ਤੋਂ ਬਾਅਦ ਫਰਾਰ ਹੋ ਗਿਆ ਸੀ, ਪਰ ਬਾਅਦ ਵਿੱਚ ਪੁਲਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਭਾਰਤ ਵਿੱਚ ਆਜ਼ਾਦੀ ’ਤੇ ਪਾਬੰਦੀਆਂ ਬਾਰੇ ਬ੍ਰਿਟਿਸ਼ ਪਾਰਲੀਮੈਂਟ ਵੱਲੋਂ ਚਰਚਾ

ਲੰਡਨ, 18 ਮਾਰਚ (ਪੋਸਟ ਬਿਊਰੋ)- ਬਰਤਾਨੀਆ ਦੀ ਪਾਰਲੀਮੈਂਟ ਦੇ ਉਪਰਲੇ ਸਦਨ ਹਾਊਸ ਆਫ ਲਾਰਡਜ਼ ਵਿੱਚ ਮੈਂਬਰਾਂ ਨੇ ਕੱਲ੍ਹ ਭਾਰਤ ਵਿਚਲੀਆਂ ਗੈਰ ਸਰਕਾਰੀ ਸੰਸਥਾਵਾਂ, ਅਕਾਦਮੀਆਂ ਤੇ ਹੋਰ ਗਰੁੱਪਾਂ ਦੀ ਆਜ਼ਾਦੀ ਦੇ ਮੁੱਦੇ ਉੱਤੇ ਚਰਚਾ ਕੀਤੀ ਅਤੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਤੋਂ ਮੰਗ ਕੀਤੀ ਕਿ ਉਹ ਅਗਲੇ ਮਹੀਨੇ ਭਾਰਤ ਦੀ ਫੇਰੀ ਦੌਰਾਨ ਆਪਣੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਇਹ ਮੁੱਦਾ ਜ਼ਰੂਰ ਚੁੱਕਣ।



ਉਪਰਲੇ ਸਦਨ ਵਿੱਚ ਕਰਾਸ-ਬੈਂਚ ਤੋਂ ਪਾਰਲੀਮੈਂਟ ਮੈਂਬਰ ਲਾਰਡ ਰਿਚਰਡ ਹੈਰਿਸ ਨੇ ‘ਭਾਰਤ-ਆਜ਼ਾਦੀ ਉੱਤੇ ਪਾਬੰਦੀਆਂ’ ਦੇ ਮੁੱਦੇ ਉੱਤੇ ਬਹਿਸ ਦਾ ਸੱਦਾ ਦਿੱਤਾ ਸੀ ਅਤੇ ਬ੍ਰਿਟਿਸ਼ ਮੰਤਰੀ ਲਾਰਡ ਜ਼ੈਕ ਗੋਲਡਸਮਿੱਥ ਨੇ ਸਰਕਾਰ ਵੱਲੋਂ ਭਾਰਤ ਤੇ ਬਰਤਾਨੀਆ ਵਿਚਾਲੇ ਨਜ਼ਦੀਕੀ ਰਿਸ਼ਤਿਆਂ ਦਾ ਹਵਾਲਾ ਦੇ ਕੇ ਕਿਹਾ ਕਿ ਇਹ ਰਿਸ਼ਤੇ ਬਰਤਾਨੀਆ ਨੂੰ ਭਾਰਤ ਕੋਲ ਇਹ ਮਸਲਾ ਚੁੱਕਣ ਦੀ ਇਜਾਜ਼ਤ ਦਿੰਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਤੇ ਬ੍ਰਿਟੇਨ ਦੇ ਰਿਸ਼ਤੇ ਬਹੁਤ ਗਹਿਰੇ ਤੇ ਵੱਡੇ ਹਨ ਤੇ ਦੋਵਾਂ ਦੇਸ਼ਾਂ ਦੇ ਚੰਗੇ ਕਾਰੋਬਾਰੀ ਸਬੰਧ ਵੀ ਹਨ। ਉਨ੍ਹਾਂ ਕਿਹਾ, ‘ਸਾਡਾ ਨਜ਼ਰੀਆ ਹਮੇਸ਼ਾ ਭਾਰਤ ਸਰਕਾਰ ਕੋਲ ਕੋਈ ਵੀ ਮੁੱਦਾ ਸਿੱਧਾ ਚੁੱਕਣ ਦਾ ਰਿਹਾ ਹੈ। ਮਨੁੱਖੀ ਅਧਿਕਾਰਾਂ ਦੇ ਮੁੱਦੇ ਉੱਤੇ ਅਸੀਂ ਭਾਰਤ ਨਾਲ ਸਿੱਧੀ ਵਾਰਤਾ ਜਾਰੀ ਰੱਖਾਂਗੇ ਅਤੇ ਮੰਤਰਾਲਾ ਪੱਧਰ ਤੋਂ ਇਲਾਵਾ ਜਿਵੇਂ ਵੀ ਹੋ ਸਕਿਆ, ਭਾਰਤ ਕੋਲ ਆਪਣੀ ਆਵਾਜ਼ ਚੁੱਕਦੇ ਰਹਾਂਗੇ।''ਉਨ੍ਹਾਂ ਕਿਹਾ, ‘‘ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਜਲਦੀ ਭਾਰਤ ਜਾ ਰਹੇ ਹਨ। ਭਾਰਤ ਸਰਕਾਰ ਨਾਲ ਦੁਵੱਲੇ ਤੇ ਬਹੁ-ਪੱਖੀ ਮੁੱਦਿਆਂ ਉੱਤੇ ਚਰਚਾ ਦਾ ਇਹ ਵੱਡਾ ਮੌਕਾ ਹੈ। ਸਾਡੇ ਕੁਝ ਵਿਸ਼ੇਸ਼ ਮਸਲੇ ਵੀ ਹਨ, ਪਰ ਪ੍ਰਧਾਨ ਮੰਤਰੀ ਭਾਰਤ 'ਚ ਆਜ਼ਾਦੀ ਉੱਤੇ ਪਾਬੰਦੀਆਂ ਬਾਰੇ ਮਸਲਾ ਆਪਣੇ ਭਾਰਤੀ ਹਮਰੁਤਬਾ ਕੋਲ ਜ਼ਰੂਰ ਚੁੱਕਣਗੇ।''

ਇਸ ਚਰਚਾ ਦੌਰਾਨ ਅੱਠ ਪਾਰਲੀਮੈਂਟ ਮੈਂਬਰਾਂ ਨੇ ਜੌਹਨਸਨ ਦੀ ਅਗਵਾਈ ਹੇਠਲੀ ਇਸ ਸਰਕਾਰ ਨੂੰ ਭਾਰਤ 'ਚ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦਾ ਦਫਤਰ ਬੰਦ ਹੋਣ ਅਤੇ ਇਸ ਦੇ ਬੈਂਕ ਖਾਤਿਆਂ ਨਾਲ ਲੈਣ-ਦੇਣ ਰੋਕੇ ਜਾਣ, ਕਸ਼ਮੀਰ ਦੀ ਸਥਿਤੀ, ਪੱਤਰਕਾਰਾਂ ਨੂੰ ਕੈਦ ਕਰਨ, ਗੈਰ ਹਿੰਦੂ ਘੱਟ ਗਿਣਤੀਆਂ, ਦਲਿਤ ਕਾਰਕੁਨਾਂ, ਐਨ ਜੀ ਓ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਖਿਲਾਫ ਮੁਹਿੰਮ ਛੇੜਨ ਵਾਲਿਆਂ ਖਿਲਾਫ ਕੇਸ ਦਰਜ ਕੀਤੇ ਜਾਣ ਦੇ ਡਰ ਜਿਹੇ ਮਸਲੇ ਚੁੱਕਣ ਦੀ ਅਪੀਲ ਕੀਤੀ। ਕਸ਼ਮੀਰ ਮਸਲੇ ਉੱਤੇਬ੍ਰਿਟੇਨ ਸਰਕਾਰ ਦਾ ਕਹਿਣਾ ਹੈ ਕਿ ਇਹ ਭਾਰਤ ਦਾ ਅੰਦਰੂਨੀ ਮਾਮਲਾ ਹੈ। ਵਰਨਣ ਯੋਗ ਹੈ ਕਿ ਇੱਕ ਹਫਤਾ ਪਹਿਲਾਂ ਬਰਤਾਨਵੀ ਪਾਰਲੀਮੈਂਟ ਦੇ ਹਾਊਸ ਆਫ ਕਾਮਨਜ਼ ਦੇ ਕਮੇਟੀ ਰੂਮ ਵਿੱਚ ਭਾਰਤ ਦੇ ਖੇਤੀ ਸੁਧਾਰਾਂ ਨੂੰ ਲੈ ਕੇ ਭਾਰਤ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੇ ਮੁੱਦੇ ਉੱਤੇ ਚਰਚਾ ਹੋਈ ਸੀ। ਭਾਰਤ ਨੇ ਇਸ ਮਗਰੋਂ ਬਰਤਾਨੀਆ ਨੂੰ ਕਿਹਾ ਸੀ ਕਿ ਉਸ ਦੇ ਪਾਰਲੀਮੈਂਟ ਮੈਂਬਰਾਂ ਨੂੰ ਖਾਸ ਤੌਰ ਉੱਤੇ ਹੋਰਨਾਂ ਜਮਹੂਰੀ ਦੇਸ਼ਾਂ ਨਾਲ ਸੰਬੰਧਾਂ ਵਿੱਚ ਵੋਟ ਬੈਂਕ ਦੀ ਰਾਜਨੀਤੀ ਤੋਂ ਦੂਰ ਰਹਿਣਾ ਚਾਹੀਦਾ ਹੈ।

ਕਿਮ ਜੋਂਗ ਦੀ ਬਾਈਡਨ ਨੂੰ ਚਿਤਾਵਨੀ :

## ਜੇ ਅਮਰੀਕਾ 4 ਸਾਲ ਸ਼ਾਂਤੀ ਨਾਲ ਸੌਣਾ ਚਾਹੁੰਦਾ ਹੈ ਤਾਂ ਵਿਵਾਦ ਵਾਲੇ ਕੰਮਾਂ ਤੋਂ ਦੂਰ ਰਹੇ

ਸਿਯੋਲ, 18 ਮਾਰਚ (ਪੋਸਟ ਬਿਊਰੋ)- ਉਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਉਨ ਦੀ ਬਹੁਤ ਸ਼ਕਤੀਸ਼ਾਲੀ ਭੈਣ ਕਿਮ ਯੋ ਜੋਂਗ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਤੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਹੈ।



ਇਸ ਚਿਤਾਵਨੀ ਮੁਤਾਬਕ ਜੇ ਅਮਰੀਕਾ ਚਾਰ ਸਾਲ ਸ਼ਾਂਤੀ ਨਾਲ ਸੌਣਾ ਚਾਹੁੰਦਾ ਹੈ ਤਾਂ ਵਿਵਾਦ ਪੈਦਾ ਕਰਨ ਵਾਲੇ ਕਦਮਾਂ ਤੋਂ ਦੂਰ ਰਹੇ। ਕਿਮ ਯੋ ਜੋਂਗ ਦਾ ਇਹ ਬਿਆਨ ਓਦੋਂ ਸਾਹਮਣੇ ਆਇਆ ਹੈ ਜਦੋਂ ਅਮਰੀਕਾ ਦੇ ਵਿਦੇਸ਼ ਮੰਤਰੀ ਪਹਿਲੀ ਵਾਰ ਦੱਖਣੀ ਕੋਰੀਆ ਅਤੇ ਜਾਪਾਨ ਦੀ ਯਾਤਰਾ ਉੱਤੇ ਇਸ ਹਫ਼ਤੇ ਜਾ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਇਸ ਯਾਤਰਾ ਦੌਰਾਨ ਉਤਰੀ ਕੋਰੀਆ ਦੇ ਐਟਮੀ ਪ੍ਰੋਗਰਾਮ ਉੱਤੇ ਚਰਚਾ ਹੋ ਸਕਦੀ ਹੈ।ਉਤਰੀ ਕੋਰੀਆ ਦੀ ਸਰਕਾਰੀ ਖਬਰ ਏਜੰਸੀ ਕੇ ਸੀ ਐਨ ਏ ਨੇ ਦੱਸਿਆ ਕਿ ਕਿਮ ਯੋ ਜੋਂਗ ਨੇ ਅਮਰੀਕਾ ਅਤੇ ਦੱਖਣੀ ਕੋਰੀਆ ਦੇ ਸਾਂਝੇ ਮਿਲਟਰੀ ਅਭਿਆਸ ਦੀ ਵੀ ਤਿੱਖੀ ਆਲੋਚਨਾ ਕੀਤੀ। ਕਿਮ ਜੋਂਗ ਉਨ ਨੇ ਸਰਕਾਰੀ ਅਖ਼ਬਾਰ ਰੋਡੋਂਗ ਸਿਨਮੁਨ ਨਾਲ ਗੱਲਬਾਤ ਵਿੱਚ ਕਿਹਾ, ‘‘ਅਮਰੀਕਾ ਦੇ ਨਵੇਂ ਪ੍ਰਸ਼ਾਸਨ ਨੂੰ ਇਹ ਸਲਾਹ ਹੈ, ਜੋ ਇਲਾਕੇ ਵਿੱਚ ਸਾਡੀ ਜ਼ਮੀਨ ਉੱਤੇ ਬਾਰੂਦ ਫੈਲਾਉਣਾ ਚਾਹੁੰਦਾ ਹੈ।'' ਉਨ੍ਹਾਂ ਕਿਹਾ, ‘‘ਜੇ ਅਮਰੀਕਾ ਅਗਲੇ ਚਾਰ ਸਾਲਾਂ ਲਈ ਸ਼ਾਂਤੀ ਨਾਲ ਸੌਣਾ ਚਾਹੁੰਦਾ ਹੈ ਤਾਂ ਉਸ ਲਈ ਚੰਗਾ ਹੋਵੇਗਾ ਕਿ ਉਹ ਪਹਿਲੇ ਕਦਮ ਦੇ ਰੂਪ ਵਿੱਚ ਅਜਿਹੀ ਕਾਰਵਾਈ ਤੋਂ ਦੂਰ ਰਹੇ।''

## ਨੇਪਾਲ ਦੀ ਰਾਸ਼ਟਰਪਤੀ ਨੇ ‘ਸਿਆਸੀ ਸੰਕਟ’ਬਾਰੇ ਬੈਠਕ ਬੁਲਾਈ

ਕਾਠਮੰਡੂ, 18 ਮਾਰਚ (ਪੋਸਟ ਬਿਊਰੋ)- ਨੇਪਾਲ ਦੀ ਰਾਸ਼ਟਰਪਤੀ ਵਿਦਿਆ ਦੇਵੀ ਭੰਡਾਰੀ ਨੇ ਇਸ ਦੇਸ਼ ਵਿੱਚ ਜਾਰੀ ਸਿਆਸੀ ਸੰਕਟ ਦੇ ਹੱਲ ਲਈ ਕੱਲ੍ਹ ਸਰਬ ਪਾਰਟੀ ਬੈਠਕ ਬੁਲਾਈ ਸੀ, ਜਿਸ ਦਾ ਦੇਸ਼ ਦੇ ਤਿੰਨ ਸਾਬਕਾ ਪ੍ਰਧਾਨ ਮੰਤਰੀ ਨੇ ਬਾਈਕਾਟ ਕਰ ਦਿੱਤਾ ਅਤੇ ਕੋਈ ਗੱਲ ਅੱਗੇ ਨਹੀਂ ਤੁਰ ਸਕੀ। ਰਿਪੋਰਟ ਮੁਤਾਬਕ ਰਾਸ਼ਟਰਪਤੀ ਵੱਲੋਂ ਸ਼ੀਤਲ ਨਿਵਾਸ ਵਿੱਚ ਬੁਲਾਈ ਗਈ ਬੈਠਕ ਵਿੱਚ ਸਾਬਕਾ ਪ੍ਰਧਾਨ ਮੰਤਰੀ ਬਾਬੂਰਾਮ ਭੱਟਾਰਾਈ, ਮਾਧਵ ਕੁਮਾਰ ਨੇਪਾਲ ਅਤੇ ਝਾਲਾ ਨਾਥ ਖਨਾਲ ਸ਼ਾਮਲ ਨਹੀਂ ਹੋਏ। ਤਿੰਨਾਂ ਨੇਤਾਵਾਂ ਨੇ ਨੇਪਾਲ ਕਮਿਊਨਿਸਟ ਪਾਰਟੀ ਦੇ ਵਿਵਾਦ ਵਿੱਚ ਭੰਡਾਰੀ ਦੀ ਭੂਮਿਕਾ ਬਾਰੇ ਸਵਾਲ ਖੜ੍ਹੇ ਕੀਤੇ। ਖਨਾਲ ਅਤੇ ਮਾਧਵ ਸੱਤਾਧਾਰੀ ਕਮਿਊਨਿਸਟ ਪਾਰਟੀ ਆਫ ਨੇਪਾਲ ਦੇ ਬਾਗੀ ਧੜ੍ਹੇ ਨਾਲ ਸੰਬੰਧਤ ਹਨ ਅਤੇ ਭੱਟਾਰਾਈ ਜਨਤਾ ਸਮਾਜਵਾਦੀ ਪਾਰਟੀ ਦੀ ਫੈਡਰਲ ਕੌਂਸਲ ਦੇ ਪ੍ਰਮੁੱਖ ਹਨ। ਸਾਬਕਾ ਪ੍ਰਧਾਨ ਮੰਤਰੀਆਂ ਨੇ ਜਨਤਕ ਤੌਰ ਉੱਤੇ ਦੋਸ਼ ਲਗਾਇਆ ਕਿ ਰਾਸ਼ਟਰਪਤੀ ਭੰਡਾਰੀ ਸੰਵਿਧਾਨ ਅਨੁਸਾਰਆਪਣੀ ਭੂਮਿਕਾ ਨਿਭਾਉਣ ਤੋਂ ਨਾਕਾਮ ਰਹੀ ਹੈ ਅਤੇ ਇਹ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੇ ਗੈਰ ਸੰਵੈਧਾਨਿਕ ਕਦਮਾਂ ਦਾ ਸਮਰਥਨ ਕਰਦੀ ਰਹੀ ਹੈ। ਓਲੀ ਨੇ ਦਸੰਬਰ ਵਿੱਚ ਪਾਰਲੀਮੈਂਟ ਭੰਗ ਕਰ ਦਿੱਤੀ ਸੀ।ਕੱਲ੍ਹ ਇਸ ਬੈਠਕ ਵਿੱਚ ਪ੍ਰਧਾਨ ਮੰਤਰੀ ਕੇ ਪੀ ਸ਼ਰਮਾਓਲੀ, ਨੇਪਾਲ ਕਮਿਊਨਿਸਟ ਪਾਰਟੀ (ਮਾਓਵਾਦੀ ਕੇਂਦਰ) ਦੇ ਸੀਨੀਅਰ ਪੁਸ਼ਪ ਕਮਲ ਦਹਿਲ ‘ਪ੍ਰਚੰਡ’, ਪਾਰਟੀ ਦੇ ਪ੍ਰਧਾਨ ਮਹੰਤ ਠਾਕੁਰ ਅਤੇ ਮੰਤਰੀ ਕੌਂਸਲ ਦੇ ਸਾਬਕਾ ਪ੍ਰਧਾਨ ਖਿਲ ਰਾਜ ਰੇਜਮੀ ਸ਼ਾਮਲ ਹੋਏ।

## ਪੁਰਾਣੀ ਚਾਕਲੇਟ ਬਣਾਉਣ ਵਾਲੀ ਕੰਪਨੀ ਇੰਗਲੈਂਡ ਵਿੱਚ ਆਪਣੇ ਸਾਰੇ ਸਟੋਰ ਬੰਦ ਕਰਨ ਲੱਗੀ

ਲੰਡਨ, 18 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਮਹਾਂਮਾਰੀ ਨੇ ਇੰਗਲੈਂਡ 'ਚ ਕਾਰੋਬਾਰਾਂ ਨੂੰ ਵੱਡੇ ਪੱਧਰ ਉੱਤੇ ਨੁਕਸਾਨ ਪਹੁੰਚਾਇਆ ਹੈ। ਕਈ ਕਾਰੋਬਾਰ ਇਸ ਕਾਰਨ ਬੰਦ ਹੋਏ ਹਨ।

100 ਸਾਲ ਤੋਂ ਵੱਧ ਸਮੇਂ ਤੋਂ ਪੁਰਾਣੀ ਚਾਕਲੇਟ ਕੰਪਨੀ ਥੌਰਨਟਨ ਨੇ ਇੰਗਲੈਂਡ ਦੇ ਆਪਣੇ ਸਾਰੇ ਸਟੋਰਾਂ ਨੂੰ ਪੱਕੇ ਤੌਰ ਉੱਤੇ ਬੰਦ ਕਰਨ ਦਾ ਐਲਾਨ ਕੀਤਾ ਹੈ। ਇਹ ਚਾਕਲੇਟ ਵਿਕਰੇਤਾ ਕੰਪਨੀ ਆਪਣੇ 60 ਸਟੋਰ ਬੰਦ ਕਰੇਗੀ, ਜਿਸ ਨਾਲ 603 ਨੌਕਰੀਆਂ ਖੁੱਸ ਹੋਣਗੀਆਂ। ਚਾਕਲੇਟ ਬਣਾਉਣ ਦੇ 110 ਸਾਲਾਂ ਬਾਅਦ ਥੌਰਨਟਨ ਨੂੰ ਇਹ ਕਦਮ ਪੁੱਟਣਾ ਪੈ ਰਿਹਾ ਹੈ। ਕੰਪਨੀ ਅਨੁਸਾਰ ਇਸ ਨੇ ਮਹਾਂਮਾਰੀ ਕਾਰਨ ਆਨਲਾਈਨ ਵਿਕਰੀ ਦਾ ਵਾਧਾ ਵੇਖਿਆ ਅਤੇ ਇਹ ਅੱਜ ਕੰਪਨੀ ਹਿੱਸੇਦਾਰੀ ਵੱਜੋਂ ਕਰਿਆਨੇ ਦੀ ਸਪਲਾਈ ਦੇ ਕਾਰੋਬਾਰ 'ਚ ਨਿਵੇਸ਼ ਕਰੇਗੀ। ਕੰਪਨੀ ਦੇ ਰਿਟੇਲ ਡਾਇਰੈਕਟਰ ਐਡਮ ਗੌਡਾਰਡ ਦੇ ਅਨੁਸਾਰ ਕੋਰੋਨਾ ਦੇ ਪ੍ਰਭਾਵ ਅਤੇ ਪਿਛਲੇ ਸਾਲ ਤੋਂ ਤਾਲਾਬੰਦੀ ਪਾਬੰਦੀਆਂ ਕਾਰਨ ਕੰਪਨੀ ਚੁਣੌਤੀਆਂ ਵਾਲੇ ਹਾਲਾਤ 'ਚੋਂ ਲੰਘ ਰਹੀ ਹੈ। ਇਸ ਕੰਪਨੀ ਦੀ ਸਥਾਪਨਾ 1911 ਵਿੱਚ ਜੋਸਫ ਵਿਲੀਅਮ ਥਰਨਟਨ ਨੇ ਸ਼ੈਫੀਲਡ 'ਚ ਇੱਕ ਦੁਕਾਨ ਖੋਲ੍ਹ ਕੇ ਕੀਤੀ ਸੀ ਅਤੇ ਇਸ ਨੂੰ ਇਟਲੀ ਦੀ ਇੱਕ ਕੰਪਨੀ ਫਰੈਰੋ ਨੇ 2015 ਵਿੱਚ 112 ਮਿਲੀਅਨ ਪੌਂਡ ਵਿੱਚ ਖਰੀਦਿਆ ਸੀ।

## ਲਾਹੌਰ ਸ਼ਾਹੀ ਕਿਲ੍ਹੇ ਵਿੱਚ ਉਸਾਰੀ ਦੌਰਾਨ 400 ਸਾਲ ਪੁਰਾਣੀ ਸੁਰੰਗ ਮਿਲੀ

ਲਾਹੌਰ, 18 ਮਾਰਚ (ਪੋਸਟ ਬਿਊਰੋ)- ਏਥੋਂ ਦੇ ਸ਼ਾਹੀ ਕਿਲ੍ਹੇ 'ਚ ਉਸਾਰੀ ਅਤੇ ਮੁਰੰਮਤ ਦੇ ਕੰਮ ਦੌਰਾਨ ਲੱਗਭਗ 400 ਸਾਲ ਪੁਰਾਣੀ ਸੁਰੰਗ ਮਿਲੀ ਹੈ, ਜੋਅਜੇ ਵੀ ਚੰਗੀ ਹਾਲਤ 'ਚ ਹੈ ਅਤੇ ਇਸ ਦੇ ਅੰਦਰ ਹਵਾ ਅਤੇ ਰੌਸ਼ਨੀ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਕਈ ਸਾਲਾਂ ਤੋਂ ਧਰਤੀ ਦੇ ਅੰਦਰ ਦੱਬੀ ਹੋਣ ਦੇ ਬਾਵਜੂਦ ਇਸ ਸੁਰੰਗ ਦੀਆਂ ਕੰਧਾਂ ਅਜੇ ਵੀ ਮਜ਼ਬੂਤ ਅਤੇ ਪੂਰੀ ਤਰ੍ਹਾਂ ਸਹੀ ਸਲਾਮਤ ਹਨ।



ਵਰਨਣ ਯੋਗ ਹੈ ਕਿ ਲਾਹੌਰ ਦਾ ਸ਼ਾਹੀ ਕਿਲ੍ਹਾ ਮੁਗ਼ਲ ਕਾਲ ਦੀ ਮਹੱਤਵਪੂਰਨ ਯਾਦਗਾਰ ਹੈ ਅਤੇ ਇਸ 'ਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੌਰਾਨ ਕਈ ਨਵੇਂ ਭਵਨ ਅਤੇ ਸਮਾਰਕ ਬਣਵਾਏ ਸਨ। ਕਿਲ੍ਹੇ ਦੀਆਂ ਮੌਜੂਦਾ ਇਮਾਰਤਾਂ ਦੇ ਹੇਠਾਂ ਕਈ ਗੁਪਤ ਤਹਿਖ਼ਾਨੇ ਅਤੇ ਸੁਰੰਗਾਂ ਹਨ। ਇਸ ਪ੍ਰਾਜੈਕਟ ਉੱਤੇ ਕੰਮ ਕਰ ਰਹੇ ਲਾਹੌਰ ਵਾਲਡ ਸਿਟੀ ਅਥਾਰਿਟੀ ਦੇ ਸਬ-ਇੰਜੀਨੀਅਰ ਹਾਫ਼ਿਜ਼ ਉਮਰ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਜਦੋਂ ਮੋਤੀ ਮਸਜਿਦ ਤੇ ਮਕਤਬ ਖ਼ਾਨੇ ਦੀ ਮੁਰੰਮਤ ਅਤੇ ਸੁੰਦਰੀਕਰਨ ਦਾ ਕੰਮ ਕੀਤਾ ਗਿਆ ਤਾਂ ਓਦੋਂ ਸੁਰੰਗ ਦੀਆਂ ਨਿਸ਼ਾਨੀਆਂ ਮਿਲੀਆਂ ਸਨ। ਹੋਰ ਖ਼ੁਦਾਈ ਕੀਤੇ ਜਾਣ ਉੱਤੇ ਪਤਾ ਲੱਗਾ ਕਿ ਇਹ ਡਰੇਨ ਸਿਸਟਮ ਹੈ, ਜੋ 400 ਸਾਲ ਪਹਿਲਾਂ ਬਣਾਇਆ ਗਿਆ ਸੀ। ਸ਼ੁਰੂ ਵਿੱਚ 625 ਫੁੱਟ ਲੰਬੀ ਸੁਰੰਗ ਬਹਾਲ ਕੀਤੀ ਜਾਵੇਗੀ, ਫਿਰ ਰਹਿੰਦਾ ਕੰਮ ਅਗਲੇ ਪੜਾਅ 'ਚ ਕੀਤਾ ਜਾਵੇਗਾ। ਹਾਫ਼ਿਜ਼ ਉਮਰ ਨੇ ਦੱਸਿਆ ਕਿ ਇਹ ਸੁਰੰਗ ਸ਼ਾਹੀ ਕਿਲ੍ਹੇ ਦੇ ਵੱਖ-ਵੱਖ ਹਿੱਸਿਆਂ ਹੇਠੋਂ ਲੰਘਦੀ ਹੈ ਅਤੇ ਸੁਰੰਗ 'ਚ ਦਾਖ਼ਲ ਹੋਣ ਉੱਤੇ ਮੁੱਖ ਸੁਰੰਗ ਦੇ ਨਾਲ ਹੋਰ ਬਹੁਤ ਸਾਰੀਆਂ ਛੋਟੀਆਂ ਸੁਰੰਗਾਂ ਮਿਲਦੀਆਂ ਹਨ। ਇਨ੍ਹਾਂ ਵਿੱਚ ਥੋੜ੍ਹੀ-ਥੋੜ੍ਹੀ ਦੂਰੀ ਉੱਤੇ ਰੌਸ਼ਨੀ ਅਤੇ ਹਵਾ ਸਪਲਾਈ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਸੁਰੰਗ ਇੰਨੀ ਉਚੀ ਹੈ ਕਿ ਇਸ ਨੂੰ ਆਸਾਨੀ ਨਾਲ ਪਾਰ ਕੀਤਾ ਜਾ ਸਕਦਾ ਹੈ।

Dr. Randhawa Dentistry



Your own dentist who really cares for you

We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies

• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection

Avtar Singh Tiwana
Sales Representative



Tel: 905.793.5777
416.802.5866
31 Melanie Dr. Unit #4 Brampton, ON L6T 5H8




CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੰਸ, ਮੇਨ ਫਲੋਰ 'ਤੇ 9 ਫੁਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




COTTRELLE/HWY50
ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈੱਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈੱਡਰੂਮ ਦੀ ਫਿਨਿਸ਼ਿੰਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਟ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ




SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈੱਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ

# ਵਿਸ਼ਵ ਜਲ ਦਿਵਸ: ਪਾਣੀ ਦੀ ਸੰਭਾਲ ਦੀ ਜ਼ਰੂਰੀ



ਸੁਰਜੀਤ ਸਿੰਘ ਫਲੋਰਾ

ਵਿਸ਼ਵ ਜਲ ਦਿਵਸ ਹਰ ਸਾਲ ਮਾਰਚ 22 ਨੂੰ ਮਨਾਇਆ ਜਾਂਦਾ ਹੈ ਤਾਂ ਜੋ ਜਾਗਰੂਕਤਾ ਪੈਦਾ ਕੀਤੀ ਜਾ ਸਕੇ ਅਤੇ ਪਾਣੀ ਨਾਲ ਜੁੜੇ ਮੁੱਦਿਆਂ ਬਾਰੇ ਵਧੇਰੇ ਸਿੱਖਣ ਅਤੇ ਇਸ ਦੀ ਸਾਂਭ ਸੰਭਾਲ ਵਾਰੇ ਲੋਕਾ ਨੂੰ ਸੁਚੇਤ ਕੀਤਾ ਜਾ ਸਕੇ, ਪਾਣੀ ਦੀ ਰਾਖੀ 'ਤੇ ਕਾਰਵਾਈ ਕਰਨ ਲਈ ਪ੍ਰਭਾਵ ਪੈਦਾ ਕਰਨ ਦੇ ਮੌਕੇ, ਪਹਿਲਾ ਜਲ ਦਿਵਸ 22 ਮਾਰਚ, 1993 ਨੂੰ ਮਨਾਇਆ ਗਿਆ ਸੀ।

ਜਿਥੇ ਅਸੀਂ ਅੱਜ ਭਿਆਨਕ ਮਹਾਂਮਾਰੀ ਕੋਵਿਡ ਨਾਲ ਨਜਿਠਣ ਲਈ ਲੜਾਈ ਲੜ ਰਹੇ ਹਾਂ ਤੇ ਸਾਨੂੰ ਸਿਹਤ ਅਤੇ ਸਰਕਾਰਾਂ ਵਲੋਂ "ਜਦੋਂ ਅਸੀਂ ਘਰ ਆਉਂਦੇ ਹੋ ਤਾਂ ਆਪਣੇ ਹੱਥ ਧੋਣ ਅਤੇ ਘੱਟੋ ਘੱਟ 20 ਸਕਿੰਟ ਲਈ ਸਾਬਣ ਨਾਲ ਮਲ ਕੇ ਸਾਫ ਕਰਨ ਦੀ ਹਦਾਇਤ ਕੀਤੀ ਗਈ ਹੈ ।ਇਹ ਚੰਗੀ ਸਲਾਹ ਹੈ, ਕੋਰੋਨਾਵਾਇਰਸ ਦੇ ਨਾਲ ਜਾਂ ਬਿਨਾਂ. ਹਾਲਾਂਕਿ, ਇਥੇ ਇੱਕ ਵੱਡੀ ਸਮੱਸਿਆ ਹੈ: ਵਿਸ਼ਵ ਦੀ 40% ਤੋਂ ਵੱਧ ਆਬਾਦੀ ਉਨ੍ਹਾਂ ਖੇਤਰਾਂ ਵਿਚ ਰਹਿੰਦੀ ਹੈ ਜਿਥੇ ਪਾਣੀ ਦੀ ਘਾਟ ਹੈ ਅਤੇ ਹੋਰ ਵੀ ਵੱਧਦੀ ਜਾ ਰਹੀ ਹੋਣ ਕਾਰਨ ਉਹ ਲੋਕ ਇਹਨਾਂ ਸਿਹਤ ਦੀ ਸੰਭਾਲ ਕਰਨ ਵਿਚ ਅਸਮਰਥ ਹਨ।

ਸੰਯੁਕਤ ਰਾਸ਼ਟਰ ਦੇ ਅਨੁਸਾਰ, ਦੋ ਅਰਬ ਤੋਂ ਵੱਧ ਲੋਕ ਤਾਜ਼ੇ ਪਾਣੀ ਦੇ ਸਰੋਤਾਂ ਦੀ ਘੱਟ ਪਹੁੰਚ ਦੇ ਜੋਖ਼ਮ ਦੇ ਨਾਲ ਜੀ ਰਹੇ ਹਨ, ਅਤੇ 2050 ਤਕ, ਸੁਧ ਪਾਣੀ ਦੀ ਘਾਤਕ ਜਾਂ ਆਵਰਤੀ ਕਮੀ ਨਾਲ ਪ੍ਰਭਾਵਤ ਦੇਸ਼ ਵਿੱਚ ਚਾਰ ਵਿੱਚੋਂ ਘੱਟੋ ਘੱਟ ਇੱਕ ਵਿਅਕਤੀ ਰਹਿਣ ਦੀ ਸੰਭਾਵਨਾ ਹੈ। ਅੱਜ, ਕੋਵਿਡ -19 ਅਕਾਸ਼ ਨੂੰ ਛੱਡ ਕੇ ਹਰ ਮਹਾਂਦੀਪ ਵਿੱਚ ਮੌਜੂਦ ਹੈ, ਜਿਸ ਕਾਰਨ ਹਰਇੱਕ ਨੂੰ ਧੋਣ ਦੀ ਲੋੜ ਹੈ, ਬਹੁਤ ਸਾਰੇ ਵਿਕਾਸਸ਼ੀਲ ਦੇਸ਼ਾਂ ਵਿੱਚ ਇੱਕ ਮੁਸ਼ਕਲ ਚੁਣੌਤੀ ਬਣੀ ਹੋਈ ਹੈ. ਸਾਫ਼ ਪਾਣੀ ਅਤੇ ਸਾਬਣ ਅਕਸਰ ਘੱਟ ਸਪਲਾਈ ਹੁੰਦੇ ਹਨ, ਅਤੇ ਬਹੁਤ ਸਾਰੇ ਝੁੱਗੀਆਂ ਝੌਂਪੜੀਆਂ ਵਿਚ ਰਹਿਣ ਵਾਲੇ ਲੋਕ ਬਿਨਾ ਪਾਣੀ ਤੋਂ ਘਰਾਂ ਵਿਚ ਰਹਿੰਦੇ ਹਨ, ਜਿਵੇਂ ਕਿ ਦੁਨੀਆਂ ਵਿਚ ਕੋਰੋਨਾਵ-ਇਰਸ ਮਹਾਂਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਸਭ ਲਈ ਸਾਫ ਅਤੇ ਪਹੁੰਚਯੋਗ ਪਾਣੀ ਹੋਰ ਵੀ ਜ਼ਰੂਰੀ ਹੋ ਗਿਆ ਹੈ।

22 ਮਾਰਚ ਵਿਸ਼ਵ ਜਲ ਦਿਵਸ ਹੈ, ਜਿਸ ਨੂੰ ਸੰਯੁਕਤ ਰਾਸ਼ਟਰ ਦੁਆਰਾ ਨਾਮਿਤ ਕੀਤਾ ਗਿਆ ਹੈ ਤਾਂ ਜੋ ਹਰੇਕ ਨੂੰ ਪੀਣ ਅਤੇ ਸਫਾਈ ਲਈ ਸਾਫ ਪਾਣੀ ਮੁਹੱਈਆ ਕਰਾਉਣ ਲਈ ਵਿਸ਼ਵ ਦੀ ਤਰੱਕੀ ਨੂੰ ਮਾਪਿਆ ਜਾ ਸਕੇ। ਆਉ ਆਪਾਂ ਵਿਸ਼ਵ ਜਲ ਦਿਵਸ ਦੇ ਇਤਿਹਾਸ ਅਤੇ ਮਹੱਤਵ 'ਤੇ ਗੌਰ ਕਰੀਏ:

ਵਿਸ਼ਵ ਜਲ ਦਿਵਸ ਕਿਉਂ ਮਨਾਇਆ ਜਾਂਦਾ ਹੈ

ਵਿਸ਼ਵ ਜਲ ਦਿਵਸ ਇੱਕ ਅੰਤਰਰਾਸ਼ਟਰੀ ਪਾਲਣ ਦਿਵਸ ਹੈ। ਇਰਾਦਾ ਵਿਸ਼ਵ-ਵਿਆਪੀ ਲੋਕਾਂ ਨੂੰ ਪਾਣੀ ਨਾਲ ਜੁੜੇ ਮੁੱਦਿਆਂ ਬਾਰੇ ਵਧੇਰੇ ਸਿੱਖਣ ਲਈ ਪ੍ਰੇਰਿਤ ਕਰਨਾ ਅਤੇ ਇਸ ਦੇ ਸੰਭਾਲ ਕਿਵੇਂ ਕਰਨੀ ਵਾਰੇ ਕਦਮ ਚੁੱਕਣਾ ਹੈ।

ਵਿਸ਼ਵ ਜਲ ਦਿਵਸ 2021 ਦਾ ਥੀਮ ਹੈ "ਪਾਣੀ ਦੀ ਕਦਰ" ਅਕਸਰ ਅਸੀਂ ਦੇਖਦੇ ਸੁਣਦੇ ਹਾਂ, ਜਦ ਘਰ ਵਿਚ ਕੋਈ ਸ਼ਰਾਬੀ ਕਬਾਵੀ ਹੋਵੇਂ ਤਾਂ ਅਸੀਂ ਕਹਿ ਦਿੰਦੇ ਹਾਂ ਰੋਜ਼ ਇੰਨਾ ਤੰਗ ਕਰਦਾ ਹੈ ਮਰਦਾ ਵੀ ਨਹੀਂ । ਕੋਈ ਲੇਖ, ਕਵੀ, ਪੱਤਰਕਾਰ , ਨੇਤਾ ਬਹੁਤ ਕੁਝ ਲਿਖਦੇ ਕਰਦੇ ਹਨ। ਫਰ ਅਸੀਂ ਉਹਨਾਂ ਦੀ ਕਦੇ ਵੀ ਕਦਰ ਨਹੀਂ ਕਰਦੇ ਪਰ ਜਦੋਂ ਉਹ ਇਸ ਸਾਨੀ ਦੁਨੀਆਂ ਨੂੰ ਛੱਡ ਤੁਰ ਜਾਂਦੇ ਹਨ ਤਾਂ ਸਾਨੂੰ ਉਹਨਾਂ ਦੀ ਹੋਂਦ ਦਾ ਅਹਿਸਾਸ ਦਾ ਹੁੰਦਾ ਹੈ ਤੇ ਅਸੀਂ ਫਿਰ ਪਛਤਾਉਂਦੇ ਹਾਂ ਤੇ ਉਸ ਦੀ ਕਦਰ ਪਾਉਂਦੇ ਹਾਂ। ਕੁਝ ਇਸੇ ਤਰ੍ਹਾਂ ਅਸੀਂ ਅੱਜ ਪਾਣੀ ਨਾਲ ਕਰ ਰਹੇ ਹਾਂ , ਬੇਸ਼ੁਮਾਰ ਬਾਣੀ ਜਾਣੇ ਅਨਜਾਣੇ ਬਰਬਾਦ ਕਰ ਰਹੇ ਹਾਂ, ਜਦ ਕੇ ਬਹੁਤ ਸਾਰੇ ਇਲਾਕਿਆਂ ਵਿਚ ਪਾਣੀ ਹੈ ਹੀ ਨਹੀਂ ਜੇਕਰ ਕਿਤੇ ਹੈ ਤਾਂ ਬਹੁਤ ਧਰਤੀ ਦੇ ਥੱਲੇ ਹੈ ਤੇ ਉਸ ਨੂੰ ਕੱਢਣ ਲਈ ਬਹੁਤ ਪਾਪੜ ਵੇਲਣੇ ਪੈਂਦੇ ਹਨ।ਇਸ ਲਈ ਸਾਨੂੰ ਪਾਣੀ ਦੀ ਸਾਂਭ ਸੰਭਾਲ ਹੁਣ ਤੋਂ ਕਰ ਦੇਣੀ ਚਾਹਿੰਦੀ ਹੈ।

ਕੁਝ ਦੇਸ਼ਾਂ ਵਿਚ ਬੋਤਲਾਂ ਵਾਲਾ ਪਾਣੀ ਵਰਤਿਆਂ ਜਾਂਦਾ ਹੈ, ਜੋ ਸਭ ਤੋਂ ਵੱਧ ਘਾਤਕ ਸਾਬਿਤ ਹੋ ਰਿਜਾ ਹੈ, ਕਿਉਂਕਿ ਲੋਕ ਅੱਧੀ ਬੋਤਲ ਦਾ ਪਾਣੀ ਪੀਂਦੇ ਹਨ ਤੇ ਬਾਕੀ ਸਾਰਾ ਅਜਾਈ ਗਰਵੇਜ਼ ਵਿਚ ਚਲੇ ਜਾਂਦਾ ਹੈ। ਜੋ ਕਿਸੇ ਦੇ ਕੰਮ ਨਹੀਂ ਆਉਂਦਾ , ਇਸ ਦੇ ਨਾਲ ਹੀ ਬਹੁਤ ਸਾਰੇ ਲੋਕ ਇਹਨਾਂ ਬੋਤਲਾਂ ਨੂੰ ਜਿਥੇ ਦੇਖਦੇ ਹਨ ਸੁਟ ਦਿੰਦੇ ਹਨ , ਇਹ ਸਾਡੇ ਦਰਿਆਵਾਂ ਵਿਚ ਜਾ ਕੇ ਪਾਣੀ ਦੇ ਬਹਾ ਨੂੰ ਰੋਕ ਦਿੰਦੇ ਹਨ, ਪਾਣੀ ਨੂੰ ਗੰਦਲਾਂ ਕਰਦੇ ਹਨ। ਜਿਸ ਨਾਲ ਵਾਤਾਵਰਨ ਨੂੰ ਨੁਕਸਾਨ ਪਹੁੰਚ ਰਿਹਾ ਹੈ। ਸਾਡੀ ਸਿਹਤ ਲਈ ਜੋ ਹਾਨੀਕਾਰਕ ਬਣਦਾ ਜਾ ਰਿਹਾ ਹੈ।

ਤਾਜ਼ਾ-ਪਾਣੀ ਸੰਕਟ ਕਿੰਨਾ ਅਸਲ ਹੈ?

ਸੰਯੁਕਤ ਰਾਸ਼ਟਰ ਦੇ ਅਨੁਸਾਰ, ਵਿਸ਼ਵ ਦੀ 40% ਤੋਂ ਵੱਧ ਆਬਾਦੀ ਉਨ੍ਹਾਂ ਖੇਤਰਾਂ ਵਿੱਚ ਰਹਿੰਦੀ ਹੈ ਜਿਥੇ ਪਾਣੀ ਦੀ ਘਾਟ ਘੱਟ ਰਹੀ ਹੈ, ਅਤੇ ਇਹ ਅੰਕੜਾ ਵੱਧਣ ਦੀ ਸੰਭਾਵਨਾ ਹੈ. ਹਰ ਰੋਜ਼, ਲਗਭਗ 1000 ਬੱਚੇ ਰੋਕਥਾਮਯੋਗ ਪਾਣੀ ਅਤੇ ਸੈਨੀਟੇਸ਼ਨ-ਸੰਬੰਧੀ ਬਿਮਾਰੀਆਂ ਨਾਲ ਮਰਦੇ ਹਨ. ਸੋਕੇ ਨੇ ਦੁਨੀਆ ਦੇ ਸਭ ਤੋਂ ਗਰੀਬ ਦੇਸ਼ਾਂ ਨੂੰ ਭੁੱਖਮਰੀ ਅਤੇ ਕੁਪੋਸ਼ਣ ਦਾ ਕਾਰਨ ਬਣਾਇਆ ਹੈ. ਤਕਨਾਲੋਜੀ ਉਤਪਾਦ ਕੰਪਨੀ 3 ਐਮ ਇੰਡੀਆ ਦੇ ਅਨੁਸਾਰ, "ਪਾਣੀ ਦਾ ਵਧ ਰਿਹਾ ਸੰਕਟ ਭਾਰਤ ਲਈ ਇੱਕ ਜਾਗ੍ਰਤਿ ਦਾ ਪੁਕਾਰ ਹੈ, ਜਿਸ ਵਿੱਚ 600 ਮਿਲੀਅਨ ਲੋਕ ਪਾਣੀ ਦੇ ਤਣਾਅ ਦੀ ਉੱਚ ਦਰ ਤੋਂ ਜਿਆਦਾ ਦਰ ਦਾ ਸਾਹਮਣਾ ਕਰ ਰਹੇ ਹਨ।"

ਇਹ ਹੈ ਤੁਸੀਂ ਕਿਵੇਂ ਮਦਦ ਕਰ ਸਕਦੇ ਹੋ

ਡੈਨਫੋਸ ਇੰਡੀਆ ਦੇ ਅਨੁਸਾਰ, "ਖਪਤਕਾਰਾਂ ਅਤੇ ਸਨਅਤੀ ਪੱਧਰ 'ਤੇ ਗਲਤੀਆਂ, ਲੀਕ ਹੋਣਾ ਅਤੇ ਅਯੋਗ ਨਿਯੰਤਰਨ ਦੇ ਕਾਰਨ 40 ਪ੍ਰਤੀਸ਼ਤ ਤੋਂ ਵੱਧ ਪਾਣੀ ਬਰਬਾਦ ਹੋ ਜਾਂਦਾ ਹੈ, ਜਿਸ ਨਾਲ ਸਮਾਜ ਦੇ ਸਾਰੇ ਵਰਗਾਂ ਵਿੱਚ ਪਾਣੀ ਦੀ ਪਹੁੰਚ ਵਿੱਚ ਰੁਕਾਵਟ ਆਉਂਦੀ ਹੈ ਅਤੇ ਵਾਤਾਵਰਨ ਲਈ ਇਸ ਦੇ ਗੰਭੀਰ ਪ੍ਰਭਾਵ ਹਨ."

ਇਸ ਲਈ, ਘੱਟੋ ਘੱਟ ਤੁਸੀਂ ਕਰ ਸਕਦੇ ਹੋ - ਪਾਣੀ ਦੀ ਬਰਬਾਦੀ ਨਾ ਕਰੋ. ਪਾਣੀ ਦੀ ਕੁਸ਼ਲਤਾ ਨਾਲ ਵਰਤੋਂ ਕਰੋ.

ਇਸ ਦੇ ਨਾਲ ਹੀ ਪਾਣੀ ਦੇ ਦਿਨ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ। ਇਹ ਸਮਝਣ ਲਈ ਕਿ ਸਾਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਪਾਣੀ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਕਿਵੇਂ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ। ਇਹ ਦਿਨ ਸਾਡੀ ਜ਼ਿੰਦਗੀ ਵਿਚ ਇਹ ਕੁਦਰਤੀ ਸਰੋਤ ਕਿੰਨਾ ਮਹੱਤਵਪੂਰਣ ਹੈ ਇਸ ਦੀ ਕਦਰ ਕਿਵੇਂ ਕੀਤੀ ਜਾ ਸਕਦੀ ਹੈ ।

ਬਹੁਤ ਵਿਕਸਤ ਦੇਸ਼ਾਂ ਵਿਚ, ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਔਸਤਨ ਹਰ ਇਕ ਵਿਅਕਤੀ ਪੀਣ, ਖਾਣਾ ਪਕਾਉਣ, ਫਲੱਸ਼ ਕਰਨ ਵਾਲੇ ਪਖਾਨੇ, ਲਾਂਡਰੀ, ਨਹਾਉਣ, ਸਫਾਈ ਕਰਨ, ਬਗੀਚਿਆਂ ਨੂੰ ਪਾਣੀ ਦੇਣਾ ਆਦਿ ਚੀਜ਼ਾਂ ਲਈ 100 ਤੋਂ 250 ਲੀਟਰ ਸੁਰੱਖਿਅਤ ਪਾਣੀ / ਦਿਨ ਦੀ ਵਰਤੋਂ ਕਰਦਾ ਹੈ, ਜੋ ਕਿ 10 ਗੁਣਾ ਤੋਂ ਵੀ ਜ਼ਿਆਦਾ ਹੈ।

ਇਸ ਦੇ ਨਾਲ ਹੀ ਵਿਸ਼ਵ ਜਲ ਦਿਵਸ 'ਤੇ ਪਾਣੀ ਦੀ ਸੰਭਾਲ ਦੀ ਜ਼ਰੂਰਤ' ਤੇ ਜ਼ੋਰ ਦਿੱਤਾ ਗਿਆ ਹੈ। ਵਿਸ਼ਵ ਦੀ ਆਬਾਦੀ ਲਗਾਤਾਰ ਵਧ ਰਹੀ ਹੈ ਅਤੇ ਤਾਜ਼ੇ ਪਾਣੀ ਦੇ ਸਰੋਤਾਂ ਤੇ ਦਬਾਅ ਪਾ ਰਿਹਾ ਹੈ। ਵਿਸ਼ਲੇਸ਼ਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਜਲ ਸਰੋਤਾਂ ਦੇ ਸ਼ੋਸ਼ਣ ਨਾਲ ਕੌਮਾਂਤਰੀ ਟਕਰਾਅ ਉੱਠਣ ਦੀ ਸੰਭਾਵਨਾ ਹੈ। ਪਾਣੀ ਦੀ ਵਰਤੋਂ ਸਿਰਫ ਸਵੱਛਤਾ ਅਤੇ ਰੋਗਾਣੂਆਂ ਨੂੰ ਖਾੜੀ 'ਤੇ ਰੱਖਣ ਲਈ ਨਹੀਂ, ਬਲਕਿ ਸਿੰਚਾਈ ਅਤੇ ਅਨਦਰਜਾ ਉਤਪਾਦਨ ਲਈ ਵੀ ਕੀਤੀ ਜਾਂਦੀ ਹੈ।ਪਾਣੀ ਦੇ ਸਰੋਤ ਪ੍ਰਬੰਧਨ, ਰੀਸਾਈਕਲਿੰਗ ਅਤੇ ਸੰਭਾਲ ਅਭਿਆਸਾਂ ਦੁਆਰਾ, ਘਾਟਾਂ ਨੂੰ ਰੋਕਿਆ ਜਾ ਸਕਦਾ ਹੈ। ਵਿਸ਼ਵ ਜਲ ਦਿਵਸ 'ਤੇ, ਜਿਵੇਂ ਕਿ ਕੋਵਿਡ-19 ਛੂਤ ਦੇ ਦੌਰਾਨ ਲੋਕਾਂ ਨੂੰ "ਸੁਰੱਖਿਅਤ ਹੱਥਾਂ" ਨੂੰ ਉਤਸ਼ਾਹਤ ਕਰਨ ਦੀ ਤਾਕੀਦ ਕੀਤੀ ਜਾਂਦੀ ਹੈ, ਸਾਰਿਆਂ ਨੂੰ ਇਹ ਵੀ ਯਾਦ ਦਿਵ-ਾਇਆ ਜਾਂਦਾ ਹੈ ਕਿ ਨਲ ਨੂੰ ਬੰਦ ਕਰਨਾ ਨਾ ਭੁੱਲੋ ਤੇ ਜਿੰਨੇ ਪਾਣੀ ਦੀ ਲੋੜ ਹੈ ਉਨਾਂ ਹੀ ਵਰਤੋ ਤੇ ਦੂਸਰੇ ਲੋਕਾ ਵਾਰੇ ਵੀ ਸੋਚੋ ਆਪਣੀ ਅਗਲੀ ਪੀੜ੍ਹੀ ਬੱਚਿਆਂ ਦੇ ਭਵਿੱਖ'ਚ ਪਾਣੀ ਦੀ ਘਾਟ ਵਾਰੇ ਸੋਚੋ।

# ਕੀ ਕਿਸਾਨ ਅੰਦੋਲਨ ਦਾ ਪ੍ਰਭਾਵ ਸੜਕਾਂ ਪੁਰ ਹੀ ਹੈ?

ਕਿਸਾਨੀ ਅੰਦੋਲਨ ਨਾਲ ਲਗਾਤਾਰ ਜੁੜੇ ਚਲੇ ਆ ਰਹੇ ਰਾਜਸੀ ਮਾਹਿਰਾਂ ਵਲੋਂ ਇਹ ਸੁਆਲ ਉਸ ਸਮੇਂ ਉਠਾਇਆ ਗਿਆ, ਜਦੋਂ ਰਾਜ ਦੇ ਕਿਸਾਨ ਨੇਤਾਵਾਂ ਵਲੋਂ ਹਰਿਆਣੇ ਦੇ ਵਿਧਾਇਕਾਂ ਪੁਰ ਇਹ ਦਬਾਉ ਬਣਾਏ ਜਾਣ ਦੇ ਬਾਵਜੂਦ, ਕਿ ਉਹ ਰਾਜ ਦੀ ਭਾਜਪਾ ਗਠਜੋੜ ਵਾਲੀ ਸਰਕਾਰ ਦਾ ਵਿਰੋਧ ਕਰ ਉਸਨੂੰ ਚਲਤਾ ਕਰਨ ਵਿੱਚ ਭੂਮਿਕਾ ਨਿਭਾਉਣ, ਕਿਉਂਕਿ ਭਾਜਪਾ ਕਿਸਾਨ ਵਿਰੋਧੀ ਪਾਰਟੀ ਹੈ, ਹਰਿਆਣਾ ਸਰਕਾਰ ਬੇਵਿਸਵਾਸੀ ਦੇ ਮਤੇ ਤੇ 33 ਦੇ ਮੁਕਬਲੇ 55 ਮੱਤ ਹਾਸਲ ਕਰਕੇ ਆਪਣੀ ਜਿੱਤ ਦਰਜ ਕਰਵਾਣ ਵਿੱਚ ਸਫਲ ਹੋ ਜਾਂਦੀ ਹੈ। ਇਨ੍ਹਾਂ ਰਾਜਸੀ ਮਾਹਿਰਾਂ ਅਨੁਸਾਰ ਹਰਿਆਣਾ ਸਰਕਾਰ ਦਾ ਬੇਵਿਸਵਾਸੀ ਦੇ ਮੱਤੇ ਪੁਰ ਜਿੱਤ ਪ੍ਰਾਪਤ ਕਰ ਜਾਣ ਤੋਂ ਇਹ ਪ੍ਰਭਾਵ ਲਿਆ ਜਾਣਾ ਕੁਦਰਤੀ ਹੈ ਕਿ ਕੀ ਕਿਸਾਨਾਂ ਦੇ ਅੰਦੋਲਣ ਦਾ ਪ੍ਰਭਾਵ ਕੇਵਲ ਸੜਕਾਂ ਪੁਰ ਹੀ ਹੈ, ਰਾਜਨੈਤਿਕਾਂ ਜਾਂ ਆਮ ਲੋਕਾਂ ਪੁਰ ਬਿਲਕੁਲ ਨਹੀਂ ਹੈ?

ਇਨ੍ਹਾਂ ਰਾਜਸੀ ਮਾਹਿਰਾਂ ਅਨੁਸਾਰ ਹਰਿਆਣੇ ਦੇ ਕਿਸਾਨ ਨੇਤਾਵਾਂ ਵਲੋਂ ਭਾਵੇਂ ਰਾਜ ਦੇ ਵਿਧਾਇਕਾਂ ਪੁਰ ਇਹ ਦਬਾਉ ਬਨਾਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਉਹ ਕਿਸਾਨ-ਵਿਰੋਧੀ ਭਾਜਪਾ ਸਰਕਾਰ ਨੂੰ ਗਿਰਾਣ ਵਿੱਚ ਆਪਣੀ ਭੂਮਿਕਾ ਨਿਭਾਉਣ। ਪਰ ਉਹ ਆਪਣੇ ਇਸ ਉਦੇਸ਼ ਵਿੱਚ ਸਫਲ ਨਹੀਂ ਹੋ ਸਕੇ। ਜਿਸਤੋਂ ਇਹ ਸੁਆਲ ਉਠਦਾ ਹੈ ਕਿ ਕੀ ਸਚਮੁਚ ਕਿਸਾਨਾਂ ਦਾ ਪ੍ਰਭਾਵ ਕੇਵਲ ਸੜਕਾਂ ਪੁਰ ਹੀ ਹੈ। ਕਿਸਾਨ ਅੰਦੋਲਣ ਦਾ ਪ੍ਰਭਾਵ ਅਮਲੋਕਾਂ, ਸਰਕਾਰਾਂ ਜਾਂ ਵਿਧਾਇਕਾਂ \ ਸਾਂਸਦਾਂ ਪੁਰ ਬਿਲਕੁਲ ਹੀ ਨਹੀਂ? ਇਨ੍ਹਾਂ ਰਾਜਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸਦਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਵਿਧਾਇਕਾਂ ਦੇ ਦਿਲਾਂ ਵਿੱਚ ਇਹ ਡਰ ਬੈਠ ਗਿਆ ਹੋਇਆ ਹੈ ਕਿ ਸਰਕਾਰ ਦੇ ਡਿਗਣ ਨਾਲ ਉਨ੍ਹਾਂ ਦੀ ਵਿਧਾਇਕੀ ਵੀ ਜਾਂਦੀ ਰਹੇਗੀ। ਕਿਸਾਨੀ ਅੰਦੋਲਣ ਦੇ ਚਲਦਿਆਂ ਕਿਸਾਨਾਂ ਅਤੇ ਆਮ ਲੋਕਾਂ ਵਿੱਚ ਸਰਕਾਰ ਅਤੇ ਉਨ੍ਹਾਂ ਵਿਰੁਧ ਜੋ ਰੋਹ ਪੈਦਾ ਹੋਇਆ ਹੈ, ਉਸਦੇ ਚਲਦਿਆਂ ਉਹ ਦੁਬਾਰਾ ਵਿਧਾਇਕ ਨਹੀਂ ਬਣ ਸਕਣਗੇ। ਜਿਸਦਾ ਨਤੀਜਾ ਇਹ ਹੋਵੇਗਾ ਕਿ ਉਨ੍ਹਾਂ ਦਾ ਸਰਕਾਰ ਦਾ ਹਿਸਾ ਬਣ ਪਾਣਾ ਵੀ ਸੰਭਵ ਨਹੀਂ ਰਹਿ ਜਾਇਗਾ।

ਕਿਸਾਨ ਅੰਦੋਲਣ ਚੌਥੇ ਮਹੀਨੇ ਵਿੱਚ: ਭਾਰਤੀ ਕਿਸਾਨਾਂ ਦਾ ਅੰਦੋਲਣ ਚੌਥੇ ਮਹੀਨੇ ਨੂੰ ਵੀ ਪਾਰ ਕਰ ਜਾਣ ਵਲ ਵੱਧ ਰਿਹਾ ਹੈ। ਇਤਨਾ ਲੰਬਾ ਸਮਾਂ ਉਸਦੇ ਸ਼ਾਂਤੀ-ਪੂਰਣ ਚਲਦਿਆਂ ਰਹਿਣ ਦੇ ਕਾਰਣ, ਉਸਦੇ ਅਗੂਆਂ ਨੂੰ ਸੰਸਾਰ ਭਰ ਦਾ ਸਮਰਥਨ ਮਿਲਣ ਲਗ ਪਿਆ ਹੈ, ਭਾਵੇਂ ਭਾਂਰਤ ਸਰਕਾਰ ਸੰਸਾਰ ਭਰ ਦੇ ਮਿਲ ਰਹੇ ਸਮਰਥਨ ਨੂੰ ਇਹ ਕਹਿ ਨਕਾਰਦੀ ਚਲੀ ਆ ਰਹੀ ਹੈ ਕਿ ਭਾਰਤੀ ਕਿਸਾਨਾਂ ਦਾ ਮਾਮਲਾ ਭਾਰਤ ਦਾ ਅੰਦਰੂਨੀ ਮਾਮਲਾ ਹੈ, ਇਸ ਵਿੱਚ ਕਿਸੇ ਵੀ ਬਾਹਰਲੇ ਦਖਲ ਨੂੰ ਉਹ ਨਹੀਂ ਸਵੀਕਾਰਦੀ, ਪਰ ਇਹ ਗਲ ਚਿਟੇ ਦਿਨ ਵਾਂਗ ਸਾਫ ਹੈ ਕਿ ਸੰਸਾਰ ਵਿੱਚ ਉਸ ਪ੍ਰਤੀ ਹਮਦਰਦੀ ਪੈਦਾ ਹੋ ਰਹੀ ਹੈ ਤੇ ਦੋ ਸੌ ਤੋਂ ਵੱਧ ਕਿਸਾਨਾਂ ਦੇ ਮਾਰੇ ਜਾਣ ਤੇ ਵੀ ਉਸ ਵਲੋਂ



ਜਸਵੰਤ ਸਿੰਘ 'ਅਜੀਤ'

ਨਿਸ਼ਠੁਰਤਾ ਧਾਰੀ ਰਖਣ ਨੂੰ ਪਸੰਦ ਨਹੀਂ ਕੀਤਾ ਜਾ ਰਿਹਾ, ਸਗੋਂ ਉ ਸਪੁਰ ਵੀ ਸੁਆਲ ਉਠਣੇ ਸ਼ੁਰੂ ਹੋ ਗਏ ਹੋਏ ਹਨ। ਇਸ ਸਭ ਕੁਝ ਦੇ ਬਾਵਜੂਦ ਕੇਂਦਰੀ ਸਰਕਾਰ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਹ ਅੰਦੋਲਣ ਭਾਵੇਂ ਕਿਤਨਾ ਹੀ ਲੰਬਾ ਚਲੇ ਉਸਦੀ ਸਿਹਤ ਪੁਰ ਕੋਈ ਅਸਰ ਹੋਣ ਵਾਲਾ ਨਹੀਂ।

ਆਰਥਕਤਾ ਪੁਰ ਪ੍ਰਭਾਵ: ਇੱਕ ਗਲ ਤਾਂ ਸਵੀਕਾਰ ਕਰਨੀ ਹੀ ਪਵੇਗੀ ਕਿ ਭਾਵੇਂ ਸਰਕਾਰ ਸਵੀਕਾਰ ਕਰੇ ਜਾਂ ਨਾਂਹ, ਸੱਚਾਈ ਇਹ ਹੀ ਹੈ ਕਿ ਜਿਤਨਾ ਲੰਬਾ ਇਹ ਅੰਦੋਲਣ ਚਲਦਾ ਜਾਇਗਾ, ਉਤਨੀ ਹੀ ਦੇਸ਼ ਦੀ ਆਰਥਕ ਸਥਿਤੀ ਵੀ ਪ੍ਰਭਾਵਤ ਹੁੰਦੀ ਚਲੀ ਜਾਇਗੀ। ਇਹ ਗਲ ਵਖਰੀ ਹੈ ਇਸਦਾ ਅਸਰ ਦੇਸ਼ ਦੇ ਦੂਜੇ ਹਿਸਿਆਂ ਪੁਰ ਘਟ ਤੇ ਪੰਜਾਬ ਪੁਰ ਸਭ ਤੋਂ ਵੱਧ ਪੈ ਰਿਹਾ ਹੈ। ਜਸਟਿਸ ਆਰਐਸ ਸੋਢੀ ਦਾ ਕਹਿਣਾ ਹੈ ਕਿ ਇੱਕ ਤਾਂ ਲੱਖਾਂ ਕਿਸਾਨਾਂ ਦੇ ਅੰਦੋਲਣ ਦਾ ਹਿਸਾ ਬਣ ਦਿੱਲੀ ਦੇ ਬਾਰਡਰ ਪੁਰ ਜਮਾਈ ਬੈਠੇ ਰਹਿਣ ਕਾਰਣ ਉਪਜ ਪ੍ਰਭਾਵਤ ਹੋ ਰਹੀ ਹੈ। ਇਸ ਵਿੱਚ ਕਪਈ ਸ਼ਕ ਨਹੀਂ ਕਿ ਕਿਸਾਨਾਂ ਵਲੋਂ ਇਸ ਸਥਿਤੀ ਦਾ ਸਾਹਮਣਾ ਕਰਨ ਲਈ, ਅੰਦੋਲਣ-ਅਸਥਾਨ ਤੋਂ ਕਿਸਾਨਾਂ ਨੂੰ ਖੇਤੀ ਦੀ ਸਾਂਭ-ਸੰਭਾਲ ਲਈ ਵਾਰੋ-ਵਾਰੀ ਵਾਪਸ ਭੇਜਿਆ ਜਾ ਰਿਹਾ ਹੈ, ਫਿਰ ਵੀ ਕਿਸਾਨਾਂ ਨੂੰ ਸਮੁਚੇ ਰੂਪ ਵਿੱਚ ਆਪੋ-ਆਪਣੇ ਖੇਤਾਂ ਪੁਰ ਮੌਜੂਦ ਰਹਿ ਕੇ ਜਿਤਨੀ ਸਾਂਭ-ਸੰਭਾਲ ਹੋ ਸਕਦੀ ਹੈ, ਉਤਨੀ ਕੁਝ-ਕੁ ਕਿਸਾਨਾਂ ਦੀ ਮੌਜੂਦਗੀ ਨਾਲ ਨਹੀਂ ਹੋ ਸਕਦੀ। ਇਸਦੇ ਨਾਲ ਹੀ ਜਸਟਿਸ ਸੋਢੀ ਦਾ ਕਹਿਣਾ ਹੈ ਕਿ ਇਸ ਮੋਰਚੇ ਕਾਰਣ ਵਪਾਰ ਦੇ ਦੂਜੇ ਅੰਗ ਵੀ ਪ੍ਰਭਾਵਤ ਹੋ ਰਹੇ ਹਨ। ਕਿਉਂਕਿ ਅੰਦੋਲਣ ਦੇ ਹਾਲਾਤ ਵਿੱਚ ਨਾ ਬਾਜ਼ਾਰ ਵਿੱਚ ਲੋੜੀਂਦਾ ਗ੍ਰਾਹਕ ਹੈ ਤੇ ਨਾ ਹੀ ਵਸਤਾਂ। ਕਿਸਾਨ ਦੀ ਉਪਜ ਨੂੰ ਵੀ ਉਤਨਾ ਮੁਲ ਨਹੀਂ ਮਿਲ ਪਾ ਰਿਹਾ, ਜਿਤਨਾਂ ਉਸਨੂੰ ਉਪਜਾਣ ਪੁਰ ਖਰਚ ਹੋ ਰਿਹਾ ਹੈ। ਉਨ੍ਹਾਂ ਦਸਿਆ ਕਿ ਪੰਜਾਬ ਸਰਕਾਰ ਨੂੰ ਵੀ ਸ਼ਿਕਾਇਤ ਹੈ ਕਿ ਕੇਂਦਰ ਸਰਕਾਰ ਉਸਨੂੰ ਪੰਜਾਬ ਵਿਚੋਂ ਉਗਰਾਹੇ ਜਾ ਰਹੇ ਟੈਕਸਾਂ ਵਿਚੋਂ ਉਸਦਾ ਬਣਦਾ ਹਿਸਾ ਵੀ ਨਹੀਂ ਦੇ ਰਹੀ, ਜਿਸਤੋਂ ਸ਼ੰਕਾ ਪੈਦਾ ਹੁੰਦੀ ਹੈ ਕਿ ਕੇਂਦਰ ਸਰਕਾਰ ਵੀ ਪੰਜਾਬ ਦਾ ਆਰਥਕ ਸੰਕਟ ਵਧਾਣ ਵਿੱਚ ਆਪਣੇ ਤੋਰ ਤੇ ਆਪਣੀ ਭੂਮਿਕਾ ਨਿਭਾ ਰਹੀ ਹੈ।

ਗਲ ਗੁਰਦੁਆਰਾ ਗਿਆਨ ਗੋਦੜੀ ਦੀ - ਇਤਿਹਾਸ : 'ਗੁਰਦੁਆਰਾ ਗਿਆਨ ਗੋਦੜੀ' ਉਹ ਇਤਿਹਾਸਕ ਅਸਥਾਨ ਹੈ, ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਦੌਰਾਨ ਹਰਿਦੁਆਰ ਪੁਜ, ਕਰਮ-ਕਾਂਡਾਂ, ਵਹਿਮਾਂ-ਭਰਮਾਂ ਦੇ ਫੈਲੇ ਹਨੇਰੇ ਨੂੰ ਦੂਰ ਕਰਨ ਲਈ 'ਗਿਆਨ ਦਾ ਪ੍ਰਕਾਸ਼' ਕੀਤਾ ਸੀ। ਗੁਰੂ ਸਾਹਿਬ ਦੀ ਇਸ ਹਰਿਦੁਆਰ ਯਾਤਰਾ ਦੀ ਯਾਦ ਵਿੱਚ ਗੰਗਾ ਕਿਨਾਰੇ ਹਰਿ ਕੀ ਪੌੜੀ ਦੇ ਸਥਾਨ 'ਤੇ ਇਤਿਹਾਸਕ, ਗੁਰਦੁਆਰਾ ਗਿਆਨ ਗੋਦੜੀ ਸਥਾਪਤ ਕੀਤਾ ਗਿਆ ਹੋਇਆ ਸੀ, ਜਿਸਨੂੰ 1979 ਵਿੱਚ ਵਾਪਰੇ ਦੁਖਾਂਤ ਤੋਂ ਬਾਅਦ ਢਾਹ ਦਿੱਤਾ ਗਿਆ। ਦਸਿਆ ਗਿਆ ਹੈ ਕਿ ਇਸ ਸਮੇਂ ਇਸ ਅਸਥਾਨ ਪੁਰ 'ਉਤਰਾਂਚਲ ਭਾਰਤੀ ਸਕਾਊਟਸ' ਵਲੋਂ ਸੰਚਲਿਤ ਸੇਵਾ ਕੇਂਦ੍ਰ ਸਥਾਪਤ ਹੈ। ਗੁਰਦੁਆਰਾ ਗਿਆਨ ਗੋਦੜੀ ਦੇ ਹਰਿ ਕੀ ਪੌੜੀ ਪੁਰ ਸਥਾਪਤ ਹੋਣ ਦੀ ਗੁਆਹੀ ਨਾ ਕੇਵਲ ਹਰਿਦੁਆਰ ਦੀ ਪੁਰਾਣੀ ਪੀੜੀ ਦੇ ਲੋਕੀ ਹੀ ਭਰਦੇ ਹਨ, ਸਗੋਂ 'ਹਰਿ ਕੀ ਪੌੜੀ' ਪੁਰ ਆਸ-ਪਾਸ ਸਥਿਤ ਹੋਰ ਧਰਮ ਅਸਥਾਨਾਂ ਦੇ ਮੁਖੀ ਵੀ ਇਸਦੀ ਗੁਆਹੀ ਭਰਦੇ ਹਨ। ਇਹੀ ਨਹੀਂ, ਗਲਬਾਤ ਦੌਰਾਨ ਉਹ ਇਹ ਇੱਛਾ ਵੀ ਪ੍ਰਗਟ ਕਰਦੇ ਹਨ ਕਿ ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਮੁੜ ਇਸੇ ਸਥਾਨ 'ਤੇ ਹੀ ਹੋਣੀ ਚਾਹੀਦੀ ਹੈ ਤਾਂ ਜੋ ਉਸੇ ਸਥਾਨ ਤੋਂ ਗੁਰੂ ਸਾਹਿਬ ਵਲੋਂ ਜਗਾਈ 'ਗਿਆਨ ਦੇ ਪ੍ਰਕਾਸ਼ ਦੀ ਜੋਤਿ' ਦੀ ਰੋਸ਼ਨੀ ਦੂਰ-ਦੂਰ ਤਕ ਫੈਲ ਸਕੇ।

ਕੌਮੀ ਘਟ ਗਿਣਤੀ ਕਮਸ਼ਿਨ : ਮਿਲੀ ਜਾਣਕਾਰੀ ਅਨੁਸਾਰ ਮੂਲ ਸਥਾਨ ਪੁਰ ਹੀ 'ਗੁਰਦੁਆਰਾ ਗਿਆਨ ਗੋਦੜੀ' ਸਥਾਪਤ ਕਰਾਣ ਵਿੱਚ ਆਪਣਾ ਸਹਿਯੋਗ ਕਰਨ ਦੇ ਉਦੇਸ਼ ਨਾਲ ਕੌਮੀ ਘਟ ਗਿਣਤੀ ਕਮਸ਼ਿਨ ਨੇ ਵੀ ਸੰਬੰਧਤ ਅਧਿਕਾਰੀਆਂ ਤਕ ਪਹੁੰਚ ਕੀਤੀ ਸੀ। ਪ੍ਰੰਤੂ ਹਰਿਦੁਆਰ ਦੇ ਜ਼ਿਲਾ ਜੱਜ ਨੇ ਇਹ ਕਹਿੰਦਿਆਂ ਉਸਦੀ ਮੰਗ ਨਾਮੰਨਜ਼ੂਰ ਕਰ ਦਿਤੀ ਕਿ ਸੰਬੰਧਤ ਸਥਾਨ 'ਤੇ ਮੁੜ ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਕੀਤਾ ਜਾਣਾ ਸੰਭਵ ਨਹੀਂ। ਇਹ ਵੀ ਦਸਿਆ ਗਿਆ ਹੈ ਕਿ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਗੰਗਾ ਕਿਨਾਰੇ ਹੀ ਕੋਈ ਹੋਰ ਜਗ੍ਹਾ ਅਲਾਟ ਕਰ ਦਿੱਤੇ ਜਾਣ ਦੀ ਗਲ ਵੀ ਹੋਈ ਸੀ। ਪਰ ਸੁਆਲ ਉਠਦਾ ਹੈ ਕਿ ਜੋ ਇਤਿਹਾਸਕਤਾ ਮੂਲ ਸਥਾਨ ਨਾਲ ਜੁੜੀ ਹੋਈ ਹੈ, ਕੀ ਉਹੀ ਇਤਿਹਾਸਕਤਾ ਕਿਸੇ ਹੋਰ ਸਥਾਨ ਨਾਲ ਜੁੜ ਸਕਦੀ ਹੈ?

...ਅਤੇ ਅੰਤ ਵਿੱਚ : ਜਿਥੋਂ ਤਕ ਗੁਰਦ-ਆਰਾ ਗਿਆਨ ਗੋਦੜੀ ਦੇ ਵਿਵਾਦ ਦਾ ਮਾਮਲਾ ਹੈ, ਉਸਨੂੰ ਇਹ ਮੰਨ ਕੇ ਚਲਣਾ ਹੋਵੇਗਾ ਕਿ ਇਹ ਮਾਮਲਾ ਬਹੁਤ ਸੰਵੇਦਨਸ਼ੀਲ ਹੈ। ਇਸਦਾ ਹਲ ਧਮਕੀਆਂ ਨਾਲ ਸੰਭਵ ਨਹੀਂ ਹੋ ਸਕੇਗਾ। ਇਸਦੇ ਲਈ ਕੂਟਨੀਤਕ ਨੀਤੀ ਅਪਨਾਣੀ ਹੋਵੇਗੀ। ਇਸ ਮੁੱਦੇ ਨਾਲ ਸੰਬੰਧਤ ਚਲੇ ਆ ਰਹੇ ਅਧਿਕਾਰੀਆਂ ਨੂੰ ਸਮਝਾਣਾ ਹੋਵੇਗਾ ਕਿ ਗੁਰਦੁਆਰੇ ਦੇ ਮੂਲ ਸਥਾਨ, ਜੋ ਕਿ ਸਿੱਖਾਂ ਲਈ ਇਤਿਹਾਸਕ ਮਹੱਤਤਾ ਦਾ ਹੈ, ਦੇ ਨਾਲ ਸਿੱਖਾਂ ਦੀਆਂ ਧਾਰਮਕ ਭਾਵਨਾਵਾਂ ਜੁੜੀਆਂ ਹੋਈਆਂ ਹਨ, ਜਿਸਦੇ ਚਲਦਿਆਂ ਉਹ ਇਸ ਗੁਰਦੁਆਰੇ ਨੂੰ ਕਿਸੇ ਹੋਰ ਥਾਂ ਪੁਰ ਸਥਾਪਤ ਕਰਨ ਦੀ ਗਲ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕਰਨਗੇ, ਇਸਲਈ ਉਨ੍ਹਾਂ ਦੀਆਂ ਧਾਰਮਕ ਭਾਵਨਾਵਾਂ ਦਾ ਸਨਮਾਨ ਕਰਦਿਆਂ, ਮੂਲ ਥਾਂ ਹੀ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਵਾਪਸ ਕਰ ਦਿੱਤੀ ਜਾਣੀ ਚਾਹੀਦੀ ਹੈ।

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Marriage

Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜ਼ਿਲ੍ਹੇਨੂੰਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋਂ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

Seeking a Boy for Beautiful, well educated, Mumbai Born and Raised 5' 2'', 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

UPPAL LAW

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

AVTAR UPPAL
Manager

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

FREE Consultation

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

STARLANE PAINTING

Residential • Commercial • Industrial

• Hotel • Motel • Exterior
• Interior • Spray Painting
• Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days a Week

Call For FREE Estimate

ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਹਰਜੀਤ ਧਾਲੀਆ

# ਸੀਰੀਆ ਦੇ ਡਿਟੈਨਸ਼ਨ ਕੈਂਪ ਤੋਂ ਚਾਰ ਸਾਲਾ ਕੈਨੇਡੀਅਨ ਬੱਚੀ ਨੂੰ ਬਚਾਇਆ ਗਿਆ



ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਇੱਕ ਚਾਰ ਸਾਲਾ ਕੈਨੇਡੀਅਨ ਬੱਚੀ ਨੂੰ ਨੌਰਥਈਸਟ ਸੀਰੀਆ ਦੇ ਡਿਟੈਨਸ਼ਨ ਕੈਂਪ ਤੋਂ ਬਚਾਅ ਲਿਆ ਗਿਆ ਹੈ ਤੇ ਉਸ ਨੂੰ ਕੈਨੇਡਾ ਲਿਆਂਦਾ ਜਾ ਰਿਹਾ ਹੈ। ਪਰ ਉਸ ਦੀ ਕੈਨੇਡੀਅਨ ਮਾਂ ਉਸ ਦੇ ਨਾਲ ਨਹੀਂ ਹੈ।

ਇਸ ਚਾਰ ਸਾਲਾ ਬੱਚੀ ਦੀ ਉਮਰ ਕਾਰਨ ਇਸ ਦੀ ਪਛਾਣ ਜਾਹਿਰ ਨਹੀਂ ਕੀਤੀ ਗਈ ਹੈ। ਇਸ ਬੱਚੀ ਨੂੰ ਸਰਕਾਰ ਦੀ ਮਦਦ ਨਾਲ ਨਹੀਂ ਸਗੋਂ ਉਸ ਦੀ ਕੈਨੇਡੀਅਨ ਰਿਸ਼ਤੇਦਾਰ ਤੇ ਸਾਬਕਾ ਅਮਰੀਕੀ ਡਿਪਲੋਮੈਟ ਦੀਆਂ ਕੋਸ਼ਿਸ਼ਾਂ ਸਦਕਾ ਬਚਾਇਆ ਗਿਆ ਹੈ।ਬੱਚੀ ਦੀ ਮਾਂ ਨੂੰ ਉਸ ਨਾਲ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਜ਼ਿਕਰਯੋਗ ਹੈ ਕਿ ਆਈਐਸਆਈਐਸ ਦੀ ਹਾਰ ਤੋਂ ਬਾਅਦ ਸੀਰੀਆ ਦੇ ਕੁਰਦਿਸ਼ ਡਿਟੈਨਸ਼ਨ ਕੈਂਪਸ ਵਿੱਚੋਂ ਇੱਕ ਵਿੱਚ ਇਹ ਬੱਚੀ ਤੇ ਮਾਂ ਫਸ ਗਈਆਂ ਸਨ।

30 ਤੋਂ ਵੱਧ ਕੈਨੇਡੀਅਨਜ਼ ਨੂੰ ਦੋ ਸਾਲ ਲਈ ਉੱਥੇ ਹੀ ਫੜ੍ਹ ਕੇ ਰੱਖਿਆ ਗਿਆ ਤੇ ਇਸ ਦੌਰਾਨ ਉਨ੍ਹਾਂ ਨੂੰ ਕੈਨੇਡੀਅਨ ਸਰਕਾਰ ਤੋਂ ਕੋਈ ਮਦਦ ਨਹੀਂ ਮਿਲੀ। ਸੀਰੀਆ ਵਿੱਚ ਖਾਨਾਜੰਗੀ ਦੇ ਦਸ ਸਾਲ ਪੂਰੇ ਹੋਣ ਜਾ ਰਹੇ ਹਨ।ਬੱਚੀ ਨੂੰ ਬਚਾਉਣ ਵਿੱਚ ਮਦਦ ਕਰਨ ਵਾਲੇ ਅਮਰੀਕਾ ਦੇ ਸਾਬਕਾ ਡਿਪਲੋਮੈਟ ਪੀਟਰ ਗੈਲਬ੍ਰੇਥ ਦੇ ਕੁਰਦਾਂ ਨਾਲ ਡੂੰਘੇ ਸਬੰਧ ਦੱਸੇ ਜਾਂਦੇ ਹਨ। ਉਨ੍ਹਾਂ ਆਖਿਆ ਕਿ ਬੱਚੀ ਦੀ ਮਾਂ ਨੇ ਬਿਲਕੁਲ ਸਹੀ ਫੈਸਲਾ ਲਿਆ। ਆਪਣੇ ਬੱਚੇ ਤੋਂ ਵੱਖ ਹੋਣਾ ਕਿਸੇ ਵੀ ਮਾਂ ਲਈ ਬਹੁਤ ਔਖਾ ਕੰਮ ਹੈ।ਉਸ ਨੇ ਸੀਰੀਆ ਵਰਗੀ ਥਾਂ ਵਿੱਚ ਬੱਚੀ ਨੂੰ ਜੇਲ੍ਹ ਵਰਗੇ ਕੈਂਪ ਵਾਲੀ ਥਾਂ ਉੱਤੇ ਸੜ ਸੜ ਕੇ ਜ਼ਿੰਦਗੀ ਗੁਜ਼ਾਰਨ ਦੀ ਥਾਂ ਬਿਹਤਰੀਨ ਭਵਿੱਖ ਦੇ ਦਿੱਤਾ।ਇਸ ਮਾਮਲੇ ਵਿੱਚ ਕੈਨੇਡਾ ਨੇ ਆਪਣੇ ਡਿਪਲੋਮੈਟ ਸੀਰੀਆ ਭੇਜਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਉਨ੍ਹਾਂ ਇਸ ਮਾਮਲੇ ਵਿੱਚ ਪਰਿਵਾਰ ਨੂੰ ਟਰੈਵਲ ਦਸਤਾਵੇਜ਼ ਮੁਹੱਈਆ ਕਰਵਾਉਣ ਵਿੱਚ ਮਦਦ ਜ਼ਰੂਰ ਕੀਤੀ।ਇਸ ਦੌਰਾਨ ਹਿਊਮਨ ਰਾਈਟਸ ਵਾਚ ਕੈਨੇਡਾ ਵਰਗੀਆਂ ਸੰਸਥਾਂਵਾਂ ਵੱਲੋਂ ਇਹ ਸਵਾਲ ਉਠਾਏ ਜਾ ਰਹੇ ਹਨ ਕਿ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਹੋਰਨਾਂ ਕੈਨੇਡੀਅਨਾਂ ਨੂੰ ਬਚਾਉਣ ਲਈ ਕਿਉਂ ਨਹੀਂ ਕੀਤੀਆਂ ਜਾਂਦੀਆਂ।

# ਐਸਟ੍ਰਾਜ਼ੈਨੇਕਾ ਦੀ ਸੇਫਟੀ ਨੂੰ ਲੈ ਕੇ ਟਰੂਡੋ ਨੇ ਪ੍ਰਗਟਾਇਆ ਪੂਰਾ ਭਰੋਸਾ



ਮਾਂਟਰੀਅਲ, 18 ਮਾਰਚ (ਪੋਸਟ ਬਿਊਰੋ) : ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਆਕਸਫੋਰਡ-ਐਸਟ੍ਰਾਜ਼ੈਨੇਕਾ ਕੋਵਿਡ-19 ਵੈਕਸੀਨ ਦੀ ਸੇਫਟੀ ਦਾ ਪੂਰਾ ਭਰੋਸਾ ਦਿਵਾਇਆ ਗਿਆ। ਟਰੂਡੋ ਨੂੰ ਇਹ ਭਰੋਸਾ ਇਸ ਲਈ ਵੀ ਦਿਵਾਉਣਾ ਪਿਆ ਕਿਉਂਕਿ ਕਈ ਯੂਰਪੀਅਨ ਮੁਲਕਾਂ ਵੱਲੋਂ ਸੇਫਟੀ ਦੀ ਚਿੰਤਾ ਕਰਦਿਆਂ ਹੋਇਆਂ ਇਸ ਵੈਕਸੀਨ ਦੀ ਵਰਤੋਂ ਨੂੰ ਮੁਲਤਵੀ ਕੀਤਾ ਜਾ ਰਿਹਾ ਹੈ।

ਜਰਮਨੀ, ਫਰਾਂਸ, ਇਟਲੀ ਤੇ ਸਪੇਨ ਵੱਲੋਂ ਵੀ ਸੋਮਵਾਰ ਨੂੰ ਹੋਰਨਾਂ ਯੂਰਪੀਅਨ ਮੁਲਕਾਂ ਵਾਂਗ ਇਸ ਦੀ ਵਰਤੋਂ ਰੋਕ ਦਿੱਤੀ ਗਈ। ਜ਼ਿਕਰਯੋਗ ਹੈ ਕਿ ਇਸ ਵੈਕਸੀਨ ਬਾਰੇ ਇਹ ਚਰਚਾ ਆਮ ਹੈ ਕਿ ਖੂਨ ਦੇ ਥੱਕੇ ਜੰਮਣ ਕਾਰਨ ਇਸ ਦੀ ਵਰਤੋਂ ਸਹੀ ਨਹੀਂ । ਹਾਲਾਂਕਿ ਇਸ ਦੇ ਯੂਰਪੀਅਨ ਰੈਗੂਲੇਟਰਜ਼ ਦਾ ਕਹਿਣਾ ਹੈ ਕਿ ਇਸ ਗੱਲ ਦੇ ਕੋਈ ਸਬੂਤ ਨਹੀਂ ਮਿਲੇ ਹਨ ਕਿ ਇਸ ਵੈਕਸੀਨ ਕਾਰਨ ਇਸ ਤਰ੍ਹਾਂ ਦੀ ਕੋਈ ਸਮੱਸਿਆ ਆਈ ਹੋਵੇ।

ਹੈਲਥ ਕੈਨੇਡਾ ਦੇ ਰੈਗੂਲੇਟਰਜ਼ ਵੱਲੋਂ ਲਗਾਤਾਰ ਵੈਕਸੀਨਜ਼ ਸਬੰਧੀ ਉਪਲਬਧ ਜਾਣਕਾਰੀ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ ਤੇ ਇਹ ਗਰੰਟੀ ਵੀ ਦਿੱਤੀ ਗਈ ਹੈ ਕਿ ਕੈਨੇਡਾ ਲਈ ਮਨਜ਼ੂਰ ਇਹ ਵੈਕਸੀਨ ਪੂਰੀ ਤਰ੍ਹਾਂ ਸੇਫ ਹੈ। ਇਸ ਦਾ ਖੁਲਾਸਾ ਮਾਂਟਰੀਅਲ ਵਿੱਚ ਟਰੂਡੋ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਹੈਲਥ ਕੈਨੇਡਾ, ਸਾਡੇ ਮਾਹਿਰਾਂ ਤੇ ਵਿਗਿਆਨੀਆਂ ਵੱਲੋਂ ਇਸ ਗੱਲ ਨੂੰ ਯਕੀਨੀ ਬਣਾਉਣ ਉੱਤੇ ਲੰਮਾਂ ਸਮਾਂ ਗੁਜ਼ਾਰਿਆ ਗਿਆ ਹੈ ਕਿ ਵੈਕਸੀਨ ਪੂਰੀ ਤਰ੍ਹਾਂ ਸੇਫ ਅਤੇ ਪ੍ਰਭਾਵਸ਼ਾਲੀ ਹੋਵੇ।ਟਰੂਡੋ ਨੇ ਇਹ ਵੀ ਆਖਿਆ ਕਿ ਯੂਰਪ ਵਿੱਚ ਜਿਸ ਤਰ੍ਹਾਂ ਦੇ ਸਾਈਡ ਇਫੈਕਟਸ ਵੇਖਣ ਨੂੰ ਮਿਲ ਰਹੇ ਹਨ ਉਸ ਬੈਚ ਦੀ ਕੋਈ ਵੀ ਵੈਕਸੀਨ ਕੈਨੇਡਾ ਨੂੰ ਨਹੀਂ ਮਿਲੀ।

## ਸ਼ੱਕੀ ਹਾਲਾਤ ਵਿੱਚ ਸਕੂਲ ਦੀ ਛੱਤ ਤੋਂ ਡਿੱਗੇ 11ਵੀਂ ਦੇ ਬੱਚੇ ਦੀ ਮੌਤ

ਫਰੀਦਾਬਾਦ, 18 ਮਾਰਚ (ਪੋਸਟ ਬਿਊਰੋ)- ਸਰਾਏ ਖਵਾਜ਼ਾ ਥਾਣਾ ਖੇਤਰ ਦੇ ਗੌਰਮਿੰਟ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਕੱਲ੍ਹ ਸਵੇਰੇ 11ਵੀਂ ਕਲਾਸ ਦੇ ਇੱਕ ਵਿਦਿਆਰਥੀ ਦੀ ਸ਼ੱਕੀ ਹਾਲਾਤ ਵਿੱਚ ਦੂਸਰੀ ਮੰਜ਼ਲ ਤੋਂ ਡਿੱਗ ਕੇ ਮੌਤ ਹੋ ਗਈ। ਇਸ ਹਾਦਸੇ ਦੀ ਸੂਚਨਾ ਮਿਲਣ ਉੱਤੇ ਪੁਲਸ ਪਹੁੰਚ ਗਈ।

ਮ੍ਰਿਤਕ ਵਿਦਿਆਰਥੀ ਦੀ ਪਛਾਣ ਓਲਡ ਫਰੀਦਾਬਾਦ ਦੇ ਅਹੀਰਵਾੜਾ ਵਾਸੀ ਦੀਪੇਸ਼ (20) ਵਜੋਂ ਹੋਈ ਹੈ। ਉਸ ਦੇ ਪਰਵਾਰ ਵਾਲੇ ਮੂਲ ਰੂਪ ਵਿੱਚ ਯੂ ਪੀ ਦੇ ਅਮੇਠੀ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਵਿਦਿਆਰਥੀ ਨੇ ਦੂਸਰੀ ਮੰਜ਼ਿਲ ਤੋਂ ਛਾਲ ਮਾਰ ਕੇ ਆਤਮਹੱਤਿਆ ਕੀਤੀ ਜਾਂ ਪੈਰ ਤਿਲਕਣ ਕਾਰਨ ਡਿੱਗਿਆ, ਪੁਲਸ ਇਸ ਦੀ ਜਾਂਚ ਕਰ ਰਹੀ ਹੈ। ਸਕੂਲ ਵਿੱਚ ਲੱਗੇ ਸੀ ਸੀ ਟੀ ਵੀ ਫੁਟੇਜ ਵਿੱਚ ਵਿਦਿਆਰਥੀ ਗਰਾਊਂਡ ਫਲੋਰ ਤੋਂ ਸੈਕਿੰਡ ਫਲੋਰ ਤੱਕ ਜਾਂਦਾ ਦਿਖਾਈ ਦੇ ਰਿਹਾ ਹੈ, ਪਰ ਇਸ ਦੇ ਬਾਅਦ ਕੋਈ ਫੁਟੇਜ ਨਹੀਂ। ਇਸ ਬਾਰੇ ਨਾ ਸਕੂਲ ਪ੍ਰਬੰਧਕ ਕੁਝ ਦੱਸਦੇ ਹਨਤੇ ਨਾ ਪਰਵਾਰ ਵਾਲੇ।

ਦੀਪੇਸ਼ ਗੌਰਮਿੰਟ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿੱਚ 11ਵੀਂ ਕਲਾਸ ਦਾ ਵਿਦਿਆਰਥੀ ਸੀ। ਕੱਲ੍ਹ ਸਵੇਰੇ ਉਹ ਘਰੋਂ ਪੌਣੇ ਅੱਠ ਵਜੇ ਅਹੀਰਵਾੜਾ ਤੋਂ ਆਟੋ ਵਿੱਚ ਬੈਠ ਕੇ ਸਕੂਲ ਲਈ ਗਿਆ ਤੇ ਸਵੇਰੇ ਕਰੀਬ 8.30 ਵਜੇ ਸਕੂਲ ਦੀ ਦੂਸਰੀ ਮੰਜ਼ਿਲ ਤੋਂ ਉਸ ਦੇ ਡਿੱਗਣ ਦੀ ਘਟਨਾ ਵਾਪਰਗਈ। ਸਕੂਲ ਦੇ ਅਧਿਆਪਕ ਕਾਹਲੀ ਵਿੱਚ ਜ਼ਖਮੀ ਬੱਚੇ ਨੂੰ ਲੈ ਕੇ ਨਿੱਜੀ ਹਸਪਤਾਲ ਪਹੁੰਚੇ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।


**ਨੈਨੀ ਦੀ ਲੋੜ**

Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884


## ਮਹਾਵੀਰ ਫੌਗਾਟ ਦੇ ਅਖਾੜੇ ਵਿੱਚ ਕੋਚਿੰਗ ਲੈ ਰਹੀ ਮਹਿਲਾ ਪਹਿਲਵਾਨ ਨੇ ਫਾਹਾ ਲੈਲਿਆ



ਝੋਝੂਕਲਾਂ (ਚਰਖੀ ਦਾਦਰੀ), 18 ਮਾਰਚ (ਪੋਸਟ ਬਿਊਰੋ)- ਅੰਤਰਰਾਸ਼ਟਰੀ ਪਹਿਲਵਾਨ ਬਣਨ ਦੀ ਖਾਹਿਸ਼ ਹੇਠ ਆਪਣੇ ਫੁੱਫੜ ਦਰੋਣਾਚਾਰੀਆ ਐਵਾਰਡੀ ਮਹਾਵੀਰ ਫੌਗਾਟ ਦੀ ਅਕੈਡਮੀ ਵਿੱਚ ਕੋਚਿੰਗ ਲੈ ਰਹੀ 17 ਸਾਲਾ ਪਹਿਲਵਾਨ ਰਿਤਿਕਾ ਨੇ ਫਾਹਾ ਲਾ ਕੇ ਜਾਨ ਦੇ ਦਿੱਤੀ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਸਟੇਟ ਚੈਂਪੀਅਨਸ਼ਿਪ ਦੇ ਫਾਈਨਲ ਮੁਕਾਬਲੇ ਵਿੱਚ ਹਾਰਨ ਦੇ ਬਾਅਦ ਉਹ ਸਦਮੇ ਵਿੱਚ ਸੀ। ਉਹ ਪੰਜ ਸਾਲ ਤੋਂ ਫੌਗਾਟ ਦੇ ਘਰਬਣੇ ਅਖਾੜੇ ਵਿੱਚ ਟਰੇਨਿੰਗ ਲੈ ਰਹੀ ਸੀ। 12 ਤੋਂ 14 ਮਾਰਚ ਤੱਕ ਭਰਤਪੁਰ ਦੇ ਲੋਹਾਗੜ੍ਹ ਸਟੇਡੀਅਮ ਵਿੱਚ ਰਾਜ ਪੱਧਰੀ ਸਬ ਜੂਨੀਅਰ, ਜੂਨੀਅਰ ਮਹਿਲਾ ਅਤੇ ਪੁਰਸ਼ ਕੁਸ਼ਤੀ ਚੈਂਪੀਅਨਸ਼ਿਪ ਹੋਈ ਸੀ। 14 ਮਾਰਚ ਨੂੰ ਹੋਏ ਫਾਈਨਲ ਮੁਕਾਬਲੇ ਵਿੱਚ ਰਿਤਿਕ ਹਾਰ ਗਈ। ਇਸ ਹਾਰ ਕਾਰਨ ਉਹ ਸਦਮੇ ਵਿੱਚ ਸੀ। ਸੋਮਵਾਰ ਨੂੰ ਉਹ ਆਪਣੇ ਫੁੱਫੜ ਮਹਾਵੀਰ ਫੌਗਾਟ ਦੇ ਅਖਾੜੇ ਵਿੱਚ ਆਈ ਅਤੇ ਰਾਤ ਨੂੰ ਆਪਣੇ ਕਮਰੇ ਵਿੱਚ ਫਾਂਸੀ ਖੁਦਕੁਸ਼ੀ ਕਰ ਲਈ। ਰਿਤਿਕ ਦਾ ਅੰਤਿਮ ਸਸਕਾਰ ਉਸ ਦੇ ਜੱਦੀ ਪਿੰਡ ਰਾਜਸਥਾਨ ਦੇ ਝੁੰਝਨੂੰ ਦੇ ਜੈਤਪੁਰ ਵਿੱਚ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਪਿਤਾ ਦੇ ਬਿਆਨ ਉੱਤੇ ਇਤਫਾਕੀਆ ਮੌਤ ਦੀ ਕਾਰਵਾਈ ਕੀਤੀ ਹੈ।

## ਸਕੂਲ ਵਿੱਚ ਛੁਰੇਬਾਜ਼ੀ ਕਾਰਨ ਲੜਕੀ ਦੀ ਹੋਈ ਮੌਤ



ਐਡਮੰਟਨ, 18 ਮਾਰਚ (ਪੋਸਟ ਬਿਊਰੋ) : ਸੋਮਵਾਰ ਸਵੇਰੇ ਐਡਮੰਟਨ ਦੇ ਦੱਖਣ ਵੱਲ ਸਥਿਤ ਸਕੂਲ ਵਿੱਚ ਜਿਸ 17 ਸਾਲਾ ਵਿਦਿਆਰਥਣ ਉੱਤੇ ਚਾਕੂ ਨਾਲ ਹਮਲਾ ਕੀਤਾ ਗਿਆ ਸੀ ਉਸ ਦੀ ਮੌਤ ਹੋ ਗਈ। ਇਹ ਜਾਣਕਾਰੀ ਆਰਸੀਐਮਪੀ ਵੱਲੋਂ ਦਿੱਤੀ ਗਈ।

ਉਸੇ ਦਿਨ ਜ਼ਖ਼ਮੀ ਹਾਲਤ ਵਿੱਚ ਲੜਕੀ ਨੂੰ ਲੈਡਕ ਦੇ ਕ੍ਰਾਈਸਟ ਦ ਕਿੰਗ ਸਕੂਲ ਤੋਂ ਐਡਮੰਟਨ ਵਿੱਚ ਯੂਨੀਵਰਸਿਟੀ ਆਫ ਐਲਬਰਟਾ ਹਾਸਪਿਟਲ ਲਿਆਂਦਾ ਗਿਆ। ਪੁਲਿਸ ਨੇ ਦੱਸਿਆ ਕਿ ਲੜਕੀ ਦੀ ਮੌਤ ਦੁਪਹਿਰੇ 3:00 ਵਜੇ ਤੋਂ ਠੀਕ ਪਹਿਲਾਂ ਹੋਈ। ਪੁਲਿਸ ਨੇ ਇਹ ਵੀ ਦੱਸਿਆ ਕਿ ਹੁਣ ਇਸ ਮੌਤ ਨੂੰ ਕਤਲ ਮੰਨ ਕੇ ਜਾਂਚ ਕੀਤੀ ਜਾ ਰਹੀ ਹੈ।ਪੁਲਿਸ ਵੱਲੋਂ 19 ਸਾਲਾ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਵੱਲੋਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਕਿ ਮਾਰੀ ਗਈ ਲੜਕੀ ਤੇ ਗ੍ਰਿਫਤਾਰ ਕੀਤਾ ਗਿਆ ਵਿਅਕਤੀ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ। ਉਹ ਲੜਕਾ ਵੀ ਉਸੇ ਸਕੂਲ ਵਿੱਚ ਪੜ੍ਹਦਾ ਸੀ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ 9:30 ਵਜੇ ਕ੍ਰਾਈਸਟ ਦ ਕਿੰਗ ਸਕੂਲ ਦੇ ਕਲਾਸਰੂਮ ਵਿੱਚ ਹੋਏ ਇਸ ਹਿੰਸਕ ਹਮਲੇ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਇਹ ਵੀ ਦੱਸਿਆ ਗਿਆ ਕਿ ਜਿਸ ਵਿਅਕਤੀ ਨੇ ਹਮਲਾ ਕੀਤਾ ਉਹ ਸਕੂਲ ਤੋਂ ਬਾਹਰ ਭੱਜ ਗਿਆ। ਬਾਅਦ ਵਿੱਚ ਉਸ ਨੂੰ ਦੁਪਹਿਰ ਦੇ 12:20 ਉੱਤੇ ਮੀਡੋਵਿਊ ਇਲਾਕੇ ਦੇ ਇੱਕ ਘਰ ਦੇ ਪਿੱਛਿਓਂ ਗ੍ਰਿਫਤਾਰ ਕਰ ਲਿਆ ਗਿਆ। ਆਰਸੀਐਮਪੀ ਨੇ ਆਖਿਆ ਕਿ ਉਹ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕਰ ਰਹੇ।

## 80 ਤੋਂ ਵੱਧ ਉਮਰ ਦੇ ਲੋਕਾਂ ਲਈ ਓਨਟਾਰੀਓ ਵਿੱਚ ਕੋਵਿਡ-19 ਵੈਕਸੀਨ ਬੁਕਿੰਗ ਸਿਸਟਮ ਕੀਤਾ ਗਿਆ ਲਾਂਚ



ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਅੱਜ ਓਨਟਾਰੀਓ ਵਿੱਚ ਸਵੇਰੇ 8:00 ਵਜੇ 80 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਕੋਵਿਡ-19 ਵੈਕਸੀਨ ਬੁਕਿੰਗ ਸਿਸਟਮ ਲਾਂਚ ਕੀਤਾ ਗਿਆ।

ਇਸ ਲਈ ਯੋਗ ਰੈਜ਼ੀਡੈਂਟਸ ਆਨਲਾਈਨ ਪੋਰਟਲ ਉੱਤੇ ਜਾ ਕੇ ਜਾਂ ਆਪਣੀ ਅਪੁਆਇੰਟਮੈਂਟ ਬੁੱਕ ਕਰ ਸਕਦੇ ਹਨ ਜਾਂ ਹੌਟਲਾਈਨ ਉੱਤੇ ਕਾਲ ਕਰਕੇ ਆਪਣੀ ਅਪੁਆਇੰਟਮੈਂਟ ਬੁੱਕ ਕਰ ਸਕਦੇ ਹਨ। ਪਰ ਪ੍ਰੀਮੀਅਰ ਡੱਗ ਫੋਰਡ ਵੱਲੋਂ ਉਨ੍ਹਾਂ ਸਾਰਿਆਂ ਨੂੰ ਇਸ ਵੈੱਬਸਾਈਟ ਤੋਂ ਦੂਰ ਰਹਿਣ ਦੀ ਬੇਨਤੀ ਕੀਤੀ ਜਾ ਰਹੀ ਹੈ ਜਿਹੜੇ ਯੋਗ ਨਹੀਂ ਹਨ ਤਾਂ ਕਿ ਇਹ ਵੈੱਬਸਾਈਟ ਕਿਤੇ ਕਰੈਸ਼ ਨਾ ਕਰ ਜਾਵੇ।

ਓਨਟਾਰੀਓ ਦੀਆਂ 34 ਪਬਲਿਕ ਹੈਲਥ ਯੂਨਿਟਸ ਵੱਲੋਂ ਪਹਿਲਾਂ ਹੀ ਆਪਣੀ ਪੱਧਰ ਉੱਤੇ ਵੈਕਸੀਨੇਸ਼ਨ ਅਪੁਆਇੰਟਮੈਂਟਸ ਬੁੱਕ ਕਰਨ ਲਈ ਆਪਣਾ ਸਿਸਟਮ ਕਾਇਮ ਕਰ ਲਿਆ ਗਿਆ ਹੈ। ਪਰ ਪ੍ਰੋਵਿੰਸ਼ੀਅਲ ਪੋਰਟਲ ਜਾਂ ਤਾ ਇਨ੍ਹਾਂ ਸੈੱਟਅੱਪਸ ਨੂੰ ਹੋਰ ਬਿਹਤਰ ਬਣਾਵੇਗਾ ਜਾਂ ਬਹੁਤੇ ਇਲਾਕਿਆਂ ਵਿੱਚ ਇਨ੍ਹਾਂ ਸੈੱਟਅੱਪਸ ਨੂੰ ਬਦਲ ਦੇਵੇਗਾ। ਭਾਵੇਂ ਵੈਕਸੀਨੇਸ਼ਨ ਵਿੱਚ ਤੇਜ਼ੀ ਆ ਗਈ ਹੈ ਪਰ ਪ੍ਰੋਵਿੰਸ ਦੇ ਕਈ ਰੀਜਨਜ਼ ਅਜੇ ਵੀ ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਨਾਲ ਨਜਿੱਠ ਰਹੇ ਹਨ।

# ਯੂ ਐਨ ਨੇ ਮਿਆਂਮਾਰ ’ਚ ਫੌਜ ਨੂੰ ਹੱਤਿਆਵਾਂ ਬੰਦ ਕਰਨ ਨੂੰ ਕਿਹਾ

ਜਨੇਵਾ, 18 ਮਾਰਚ (ਪੋਸਟ ਬਿਊਰੋ)- ਯੂ ਐਨ ਨੇ ਮਿਆਂਮਾਰ ਦੀ ਫੌਜ ਨੂੰ ਪ੍ਰਦਰਸ਼ਨਕਾਰੀਆਂ ਦੇ ਕਤਲ ਬੰਦ ਕਰਨ ਦੇ ਲਈ ਕਿਹਾ ਹੈ। ਇਸ ਬਾਰੇ ਯੂ ਐੱਨ ਮਨੁੱਖੀ ਅਧਿਕਾਰ ਦਫਤਰ ਨੇ ਕੱਲ੍ਹ ਕਿਹਾ ਕਿ ਮਿਆਂਮਾਰ 'ਚ ਬੀਤੀ ਇੱਕ ਫਰਵਰੀ ਨੂੰ ਹੋਏ ਤਖਤਾ ਪਲਟ ਖਿਲਾਫ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨਾਂ 'ਚ ਅੱਜ ਤੱਕ 149 ਲੋਕਾਂ ਦੀ ਮੌਤ ਹੋਈ ਹੈ। ਇਸ ਦੇਸ਼ ਵਿੱਚ ਫੌਜ ਪ੍ਰਦਰਸ਼ਨਕਾਰੀਆਂ ਉੱਤੇ ਗੋਲੀਆਂ ਵਰ੍ਹਾ ਰਹੀ ਹੈ। ਕਮਿਸ਼ਨਾ ਦੀ ਬੁਲਾਰਨ ਸ਼ਾਮ ਦਾਸਾਨੀ ਨੇ ਕਿਹਾ ਕਿ ਅਸੀਂ ਮਿਆਂਮਾਰ ਦੀ ਫੌਜ ਤੋਂ ਮੰਗ ਕਰਦੇ ਹਾਂ ਕਿ ਲੋਕਾਂ ਦੀ ਹੱਤਿਆ ਤੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣਾ ਬੰਦ ਹੋਵੇ।

ਵਰਨਣ ਯੋਗ ਹੈ ਕਿ ਹਿਰਾ-ਸਤ ਵਿੱਚ ਵੀ ਪੰਜ ਲੋਕਾਂ ਦੇ ਮਰਨ ਦੀ ਖਬਰ ਹੈ। ਯੂ ਐਨ ਸੈਕਟਰੀ ਜਨਰਲ ਨੇ ਕਿਹਾ ਕਿ ਉਹ ਮਿਆਂਮਾਰ ਵਿੱਚ ਵਧਦੀ ਹਿੰਸਾ ਤੋਂ ਦੁਖੀ ਹਨ। ਉਨ੍ਹਾਂ ਅਪੀਲ ਕੀਤੀ ਕਿ ਕੌਮਾਂਤਰੀ ਭਾਈਚਾਰੇ ਨੂੰ ਇਸ ਦੇਸ਼ ਵਿੱਚ ਫੌਜ ਦੇ ਦਮਨ ਨੂੰ ਖਤਮ ਕਰਨ ਦੀ ਦਿਸ਼ਾ ਵਿੱਚ ਮਿਲ ਕੇ ਕੰਮ ਕਰਨਾ ਚਾਹੀਦਾ ਹੈ।






















# ਸਟੂਡੈਂਟ ਰੈਜ਼ੀਡੈਂਸ ਵਿੱਚ ਕੋਵਿਡ-19 ਆਊਟਬ੍ਰੇਕ ਤੋਂ ਬਾਅਦ 30 ਸਾਲਾ ਵਿਅਕਤੀ ਦੀ ਹੋਈ ਮੌਤ



ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਪਿਛਲੇ ਮਹੀਨੇ ਪੀਟਰਬੌਰੋ, ਓਨਟਾਰੀਓ ਦੇ ਇੱਕ ਪ੍ਰਾਈਵੇਟ ਸਟੂਡੈਂਟ ਰੈਜ਼ੀਡੈਂਸ ਵਿੱਚ ਕੋਵਿਡ-19 ਆਊਟਬ੍ਰੇਕ ਤੋਂ ਬਾਅਦ ਇੱਕ 30 ਸਾਲਾ ਵਿਅਕਤੀ ਦੀ ਮੌਤ ਹੋ ਗਈ।

ਪੀਟਰਬੌਰੋ ਪਬਲਿਕ ਹੈਲਥ (ਪੀਪੀਐਚ) ਦਾ ਕਹਿਣਾ ਹੈ ਕਿ ਇਹ ਪ੍ਰਾਈਵੇਟ ਸਟੂਡੈਂਟ ਰੈਜ਼ੀਡੈਂਸ ਕੈਂਪਸ ਤੋਂ ਬਾਹਰ ਫਲੇਮਿੰਗ ਕਾਲਜ ਦੇ ਵਿਦਿਆਰਥੀਆਂ ਲਈ ਰਹਿਣਯੋਗ ਥਾਂ ਸੀ।ਮਾਰੇ ਗਏ ਵਿਅਕਤੀ ਨੂੰ ਕੋਵਿਡ-19 ਦੇ ਵੇਰੀਐਂਟ ਆਫ ਕਨਸਰਨ ਸੀ ਤੇ ਪਿਛਲੇ ਹਫਤੇ ਉਸ ਨੂੰ ਰੀਜਨ ਦੇ ਬਾਹਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਤੇ ਕੱਲ੍ਹ ਉਸ ਦੀ ਮੌਤ ਹੋ ਗਈ।

ਮੈਡੀਕਲ ਆਫੀਸਰ ਆਫ ਹੈਲਥ ਡਾ· ਰੋਜ਼ਨਾ ਸਾਲਵਾਤੇਰਾ ਨੇ ਪ੍ਰੈੱਸ ਰਲੀਜ਼ ਵਿੱਚ ਆਖਿਆ ਕਿ ਇਹ ਵਿਅਕਤੀ ਕੋਵਿਡ-19 ਕਾਰਨ ਲੋਕਲ ਪੱਧਰ ਉੱਤੇ ਮਾਰਿਆ ਗਿਆ ਸੱਭ ਤੋਂ ਘੱਟ ਉਮਰ ਦਾ ਵਿਅਕਤੀ ਸੀ। ਇਸ ਤੋਂ ਸਾਨੂੰ ਮਹਾਂਮਾਰੀ ਦੀ ਗੰਭੀਰਤਾ ਦਾ ਅੰਦਾਜ਼ਾ ਹੋ ਸਕਦਾ ਹੈ। ਇਹ ਵੀ ਪਤਾ ਲੱਗਦਾ ਹੈ ਕਿ ਨੌਜਵਾਨ ਵੀ ਇਸ ਮਹਾਂਮਾਰੀ ਤੋਂ ਬਚੇ ਹੋਏ ਨਹੀਂ ਹਨ। ਸਾਨੂੰ ਭਵਿੱਖ ਵਿੱਚ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਟਰੈਜਡੀ ਨੂੰ ਰੋਕਣ ਲਈ ਮਿਲ ਕੇ ਹੰਭਲਾ ਮਾਰਨਾ ਹੋਵੇਗਾ। ਸੈਵਰਨ ਕੋਰਟ ਵਿੱਚ ਹੋਈ ਆਊਟਬ੍ਰੇਕ ਨਾਲ 59 ਮਾਮਲੇ ਜੁੜੇ ਹੋਏ ਹਨ ਤੇ ਇਹ ਸਾਰੇ ਮਾਮਲੇ ਹੀ ਵੇਰੀਐਂਟ ਆਫ ਕਨਸਰਨ ਹਨ। ਅਜੇ ਤੱਕ ਇਸ ਆਊਟਬ੍ਰੇਕ ਨਾਲ ਜੁੜੇ ਸਿਰਫ ਪੰਜ ਲੋਕ ਹੀ ਸਿਹਤਯਾਬ ਹੋਏ ਹਨ।

# ਅਜੇ ਵੀ ਸਾਨੂੰ ਫੂਕ ਫੂਕ ਕੇ ਕਦਮ ਰੱਖਣ ਦੀ ਲੋੜ ਹੈ : ਫੋਰਡ

ਓਨਟਾਰੀਓ, 18 ਮਾਰਚ (ਪੋਸਟ ਬਿਊਰੋ) : ਪ੍ਰੋਵਿੰਸ ਦੇ ਸਾਇੰਸ ਸਲਾਹਕਾਰਾਂ ਵੱਲੋਂ ਕੋਵਿਡ-19 ਦੀ ਤੀਜੀ ਵੇਵ ਸ਼ੁਰੂ ਹੋਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਪ੍ਰੀਮੀਅਰ ਡੱਗ ਫੋਰਡ ਨੇ ਓਨਟਾਰੀਓ ਵਾਸੀਆਂ ਨੂੰ ਚੇਤਾਵਨੀ ਦਿੰਦਿਆਂ ਆਖਿਆ ਕਿ ਸਾਨੂੰ ਹੁਣ ਫੂਕ ਫੂਕ ਕੇ ਕਦਮ ਰੱਖਣ ਦੀ ਲੋੜ ਹੈ ਤੇ ਅਸੀਂ ਪਾਬੰਦੀਆਂ ਵਿੱਚ ਰੱਤੀ ਭਰ ਵੀ ਢਿੱਲ ਨਹੀਂ ਦੇ ਸਕਦੇ।

ਫੋਰਡ ਨੇ ਇਹ ਟਿੱਪਣੀ ਮੰਗਲਵਾਰ ਦੁਪਹਿਰ ਨੂੰ ਟੋਰਾਂਟੋ ਵਿੱਚ ਹੰਬਰ ਕਾਲਜ ਵਿੱਚ ਨਰਸਿੰਗ ਡਿਗਰੀ ਦੀ ਸ਼ੁਰੂਆਤ ਦਾ ਐਲਾਨ ਕਰਨ ਸਮੇਂ ਕੀਤੀ। ਮੰਗਲਵਾਰ ਸਵੇਰੇ ਓਨਟਾਰੀਓ ਕੋਵਿਡ-19 ਸਾਇੰਸ ਐਡਵਾਈਜ਼ਰੀ ਟੇਬਲ, ਜੋ ਕਿ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੂੰ ਆਜ਼ਾਦਾਨਾ ਸਲਾਹ ਤੇ ਵਿਸ਼ਲੇਸ਼ਣ ਕਰਕੇ ਦੱਸਦਾ ਹੈ, ਨੇ ਆਖਿਆ ਕਿ ਪ੍ਰੋਵਿੰਸ ਦੇ ਕਈ ਹਿੱਸਿਆਂ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਕਾਫੀ ਵਾਧਾ ਵੇਖਣ ਨੂੰ ਮਿਲ ਰਿਹਾ ਹੈ ਤੇ ਪ੍ਰੋਵਿੰਸ ਵਿੱਚ ਤੀਜੀ ਵੇਵ ਸ਼ੁਰੂ ਹੋ ਚੁੱਕੀ ਹੈ।

ਇਸ ਗਰੁੱਪ ਦਾ ਇਹ ਵੀ ਆਖਣਾ ਹੈ ਕਿ ਨਵੇਂ ਡਾਟਾ ਤੋਂ ਇਹ ਸਾਹਮਣੇ ਆਇਆ ਹੈ ਕਿ ਵੇਰੀਐਂਟਸ ਆਫ ਕਨਸਰਨ ਕਾਰਨ ਮਹਾਂਮਾਰੀ ਵਿੱਚ ਹੋਰ ਵਾਧਾ ਹੋ ਰਿਹਾ ਹੈ। 15 ਮਾਰਚ ਨੂੰ ਕੋਵਿਡ-19 ਦੇ ਰਿਪੋਰਟ ਕੀਤੇ ਗਏ ਕੁੱਲ 1489 ਮਾਮਲਿਆਂ ਵਿੱਚੋਂ 733 ਵੇਰੀਐਂਟਸ ਆਫ ਕਨਸਰਨ ਦੇ ਸਨ।ਫੋਰਡ ਨੇ ਆਖਿਆ ਕਿ ਉਹ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ· ਡੇਵਿਡ ਵਿਲੀਅਮਜ਼ ਨਾਲ ਮੁਲਾਕਾਤ ਕਰਨਗੇ ਤੇ ਕੋਵਿਡ-19 ਦੇ ਮਾਮਲਿਆਂ ਵਿੱਚ ਇਸ ਤਰ੍ਹਾਂ ਹੋ ਰਹੇ ਵਾਧੇ ਬਾਰੇ ਵਿਚਾਰ ਵਟਾਂਦਰਾ ਕਰਨਗੇ। ਪਰ ਉਨ੍ਹਾਂ ਆਖਿਆ ਕਿ ਹਾਲ ਦੀ ਘੜੀ ਉਹ ਓਨਟਾਰੀਓ ਵਾਸੀਆਂ ਨੂੰ ਇਹੋ ਆਖਣਾ ਚਾਹੁੰਦੇ ਹਨ ਕਿ ਉਹ ਚੌਕਸ ਰਹਿਣ ਤੇ ਨਿਯਮਾਂ ਦੀ ਚੰਗੀ ਤਰ੍ਹਾਂ ਪਾਲਣਾ ਕਰਨ।



ਉਨ੍ਹਾਂ ਇਹ ਵੀ ਆਖਿਆ ਕਿ ਭਾਵੇਂ ਵੈਕਸੀਨੇਸ਼ਨ ਵਿੱਚ ਤੇਜ਼ੀ ਆਈ ਹੈ ਪਰ ਸਾਨੂੰ ਅਜੇ ਵੀ ਸੋਸ਼ਲ ਡਿਸਟੈਂਸਿੰਗ ਦਾ ਪਾਲਣ ਕਰਨਾ ਚਾਹੀਦਾ ਹੈ, ਮਾਸਕ ਪਾਉਣੇ ਚਾਹੀਦੇ ਹਨ ਤੇ ਚੀਫ ਮੈਡੀਕਲ ਆਫੀਸਰ ਵੱਲੋਂ ਜਾਰੀ ਪ੍ਰੋਟੋਕਾਲਜ਼ ਦੀ ਪਾਲਣਾ ਕਰਨੀ ਚਾਹੀਦੀ ਹੈ।

# ਚਾਰਾਂ ਵਿੱਚੋਂ ਕੋਈ ਵੀ ਕੋਵਿਡ-19 ਵੈਕਸੀਨ ਲਵਾਉਣ ਲਈ ਤਿਆਰ ਹਨ ਅੱਧੇ ਤੋਂ ਵੱਧ ਕੈਨੇਡੀਅਨ

ਓਟਵਾ, 18 ਮਾਰਚ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਅੱਧੇ ਕੈਨੇਡੀਅਨ ਕੋਵਿਡ-19 ਸਬੰਧੀ ਜਿਹੜੀ ਵੀ ਵੈਕਸੀਨ ਦੀ ਪੇਸ਼ਕਸ਼ ਉਨ੍ਹਾਂ ਨੂੰ ਹੁੰਦੀ ਹੈ ਉਸ ਵੈਕਸੀਨ ਦਾ ਸ਼ੌਟ ਲਵਾਉਣ ਲਈ ਤਿਆਰ ਹਨ ਜਦਕਿ ਇੱਕ ਚੌਥਾਈ ਆਪਣੀ ਮਰਜ਼ੀ ਦਾ ਸ਼ੌਟ ਲਵਾਉਣ ਲਈ ਉਡੀਕ ਕਰਨ ਵਾਸਤੇ ਵੀ ਤਿਆਰ ਹਨ।

ਲੈਜਰ ਐਂਡ ਦ ਐਸੋਸਿਏਸ਼ਨ ਫੌਰ ਕੈਨੇਡੀਅਨ ਸਟੱਡੀਜ਼ ਵੱਲੋਂ ਕਰਵਾਏ ਗਏ ਇਸ ਆਨਲਾਈਨ ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 51 ਫੀ ਸਦੀ ਨੇ ਆਖਿਆ ਕਿ ਉਹ ਕੈਨੇਡਾ ਵਿੱਚ ਵਰਤੋਂ ਲਈ ਅਧਿਕਾਰਕ ਕੋਵਿਡ-19 ਦੀਆਂ ਚਾਰਾਂ ਵੈਕਸੀਨਜ਼ ਵਿੱਚੋਂ ਉਸ ਵੈਕਸੀਨ ਦਾ ਸ਼ੌਟ ਲਵਾਉਣ ਲਈ ਰਾਜ਼ੀ ਹਨ ਜਿਸ ਦੀ ਉਨ੍ਹਾਂ ਨੂੰ ਪੇਸ਼ਕਸ਼ ਕੀਤੀ ਜਾਵੇਗੀ।



ਜਰਮਨੀ ਵੱਲੋਂ ਐਸਟ੍ਰਾਜ਼ੈਨੇਕਾ ਦੀ ਕੋਵਿਡ-19 ਵੈਕਸੀਨ ਉੱਤੇ ਹੋਰਨਾਂ ਯੂਰਪੀਅਨ ਮੁਲਕਾਂ ਦੀ ਤਰਜ਼ ਉੱਤੇ ਰੋਕ ਲਾ ਦਿੱਤੇ ਜਾਣ ਤੋਂ ਬਾਅਦ ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਕਸਫੋਰਡ-ਐਸਟ੍ਰਾਜ਼ੈਨੇਕਾ ਦੀ ਸੇਫਟੀ ਬਾਰੇ ਕੈਨੇਡੀਅਨਾਂ ਨੂੰ ਪੂਰਾ ਭਰੋਸਾ ਦਿਵਾਇਆ। ਦ ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ ਵੱਲੋਂ ਸਾਈਂਟੀਫਿਕ ਸਬੂਤਾਂ ਦੀ ਘਾਟ ਕਾਰਨ 65 ਸਾਲ ਤੇ ਇਸ ਤੋਂ ਵੱਧ ਉਮਰ ਵਰਗ ਦੇ ਲੋਕਾਂ ਨੂੰ ਇਸ ਵੈਕਸੀਨ ਦੇ ਸ਼ੌਟ ਦੇਣ ਉੱਤੇ ਰੋਕ ਲਾਈ ਗਈ ਸੀ।

ਪਰ ਹਕੀਕਤ ਵਿੱਚ ਦੁਨੀਆਂ ਦੇ ਹੋਰਨਾਂ ਹਿੱਸਿਆਂ ਵਿੱਚ ਆਕਸਫੋਰਡ-ਐਸਟ੍ਰਾਜ਼ੈਨੇਕਾ ਦੇ ਸ਼ੌਟ ਲਵਾ ਚੁੱਕੇ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਸਬੰਧੀ ਹਾਸਲ ਹੋ ਰਹੇ ਸਕਾਰਾਤਮਕ ਡਾਟਾ ਤੋਂ ਬਾਅਦ ਅੱਚ ਐਡਵਾਈਜ਼ਰੀ ਪੈਨਲ ਵੱਲੋਂ ਆਪਣੀਆਂ ਗਾਈਡਲਾਈਨਜ਼ ਵਿੱਚ ਸੋਧ ਕੀਤੀ ਜਾਵੇਗੀ। ਲੈਜ਼ਰ ਦੇ ਐਗਜ਼ੈਕਟਿਵ ਵਾਈਸ ਪ੍ਰੈਜ਼ੀਡੈਂਟ ਕ੍ਰਿਸਟੀਅਨ ਬੁਰਕ ਨੇ ਆਖਿਆ ਕਿ ਆਕਸਫੋਰਡ ਐਸਟ੍ਰਾਜ਼ੈਨੇਕਾ ਵੈਕਸੀਨ ਸਬੰਧੀ ਚਿੰਤਾ ਕੈਨੇਡੀਅਨਾਂ ਦੇ ਮਨ ਵਿੱਚ ਨਜ਼ਰ ਨਹੀਂ ਆਈ। ਪਰ ਆਉਣ ਵਾਲੇ ਸਮੇਂ ਵਿੱਚ ਇਸ ਰਾਇ ਉੱਤੇ ਕਿੰਨਾ ਕੁ ਅਸਰ ਹੋਵੇਗਾ ਇਹ ਆਖਿਆ ਨਹੀਂ ਜਾ ਸਕਦਾ।

# ਖੂਨ ਦੇ ਥੱਕੇ ਜੰਮਣ ਦਾ ਕੋਈ ਸਬੂਤ ਸਾਹਮਣੇ ਨਹੀਂ ਆਇਆ : ਐਸਟ੍ਰਾਜ਼ੈਨੇਕਾ

ਯੂਨਾਈਟਿਡ ਕਿੰਗਡਮ, 18 ਮਾਰਚ (ਪੋਸਟ ਬਿਊਰੋ) : ਐਸਟ੍ਰਾਜ਼ੈਨੇਕਾ ਨੇ ਐਤਵਾਰ ਨੂੰ ਆਖਿਆ ਕਿ ਉਨ੍ਹਾਂ ਦੀ ਕੋਵਿਡ-19 ਵੈਕਸੀਨ ਨਾਲ ਜਿਨ੍ਹਾਂ ਲੋਕਾਂ ਨੂੰ ਵੈਕਸੀਨੇਟ ਕੀਤਾ ਗਿਆ ਹੈ ਉਨ੍ਹਾਂ ਦਾ ਮੁਲਾਂਕਣ ਕਰਨ ਤੋਂ ਬਾਅਦ ਖੂਨ ਦੇ ਥੱਕੇ ਜੰਮਣ ਦਾ ਕਿਸੇ ਵੀ ਤਰ੍ਹਾਂ ਦਾ ਰਿਸਕ ਸਾਹਮਣੇ ਨਹੀਂ ਆਇਆ।

ਇਹ ਮੁਲਾਂਕਣ ਯੂਰਪੀਅਨ ਯੂਨੀਅਨ ਤੇ ਯੂਨਾਈਟਿਡ ਕਿੰਗਡਮ ਵਿੱਚ ਵੈਕਸੀਨੇਟ ਕੀਤੇ ਗਏ 17 ਮਿਲੀਅਨ ਲੋਕਾਂ ਉੱਤੇ ਕੀਤਾ ਗਿਆ। ਇੱਕ ਬਿਆਨ ਵਿੱਚ ਕੰਪਨੀ ਨੇ ਆਖਿਆ ਕਿ ਇਨ੍ਹਾਂ ਲੋਕਾਂ ਦੇ ਮੁਲਾਂਕਣ ਤੋਂ ਬਾਅਦ ਪਲਮਨਰੀ ਐਂਬੋਲਿਜ਼ਮ, ਡੀਪ ਵੇਨ ਥਰੌਂਬੋਸਿਜ਼ ਜਾਂ ਥਰੌਂਬੋਸਾਇਟੋਪੇਨੀਆ ਦੇ ਰਿਸਕ ਦੇ ਕੋਈ ਸਬੂਤ ਨਹੀਂ ਮਿਲੇ ਹਨ।



ਇਹ ਮੁਲਾਂਕਣ ਹਰ ਉਮਰ ਵਰਗ, ਲਿੰਗ ਤੇ ਵੈਕਸੀਨ ਦੇ ਹਰ ਬੈਚ ਦੇ ਨਾਲ ਨਾਲ ਵੱਖ ਵੱਖ ਦੇਸ਼ਾਂ ਦੇ ਲੋਕਾਂ ਉੱਤੇ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਡੈਨਮਾਰਕ, ਨੌਰਵੇਅ ਤੇ ਆਈਸਲੈਂਡ ਦੇ ਅਧਿਕਾਰੀਆਂ ਵੱਲੋਂ ਖੂਨ ਦੇ ਥੱਕੇ ਜੰਮਣ ਦੇ ਮਾਮਲੇ ਵਿੱਚ ਇਸ ਵੈਕਸੀਨ ਦੀ ਵਰਤੋਂ ਮੁਲਤਵੀ ਕਰ ਦਿੱਤੀ ਗਈ ਸੀ ਜਦਕਿ ਆਸਟਰੀਆ ਨੇ ਪਿਛਲੇ ਹਫਤੇ ਖੂਨ ਦੇ ਥੱਕੇ ਜੰਮਣ ਕਾਰਨ ਹੋਈ ਮੌਤ ਦੇ ਮੱਦੇਨਜ਼ਰ ਐਸਟ੍ਰਾਜ਼ੈਨੇਕਾ ਦੇ ਇੱਕ ਬੈਚ ਦੀ ਵਰਤੋਂ ਬੰਦ ਕਰ ਦਿੱਤੀ ਸੀ।ਇਸ ਮਾਮਲੇ ਦੀ ਜਾਂਚ ਵੱਖਰੇ ਤੌਰ ਉੱਤੇ ਕੀਤੀ ਜਾ ਰਹੀ ਹੈ।

ਐਤਵਾਰ ਨੂੰ ਆਇਰਲੈਂਡ ਨੇ ਆਰਜ਼ੀ ਤੌਰ ਉੱਤੇ ਅਹਿਤਿਆਤਨ ਐਸਟ੍ਰਾਜ਼ੈਨੇਕਾ ਦੀ ਵਰਤੋਂ ਮੁਲਤਵੀ ਕਰ ਦਿੱਤੀ। ਦਵਾਈ ਤਿਆਰ ਕਰਨ ਵਾਲੀ ਕੰਪਨੀ ਦਾ ਕਹਿਣਾ ਹੈ ਕਿ ਕੰਪਨੀ ਵੱਲੋਂ ਅਜੇ ਹੋਰ ਟੈਸਟਿੰਗ ਕੀਤੀ ਜਾ ਰਹੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੰਪਨੀ ਤੇ ਯੂਰਪੀਅਨ ਹੈਲਥ ਅਧਿਕਾਰੀਆਂ ਵੱਲੋਂ ਕੀਤੇ ਜਾਣ ਵਾਲੇ ਰੀਟੈਸਟ ਵਿੱਚ ਚਿੰਤਾ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ।

# ਮੌਸ ਪਾਰਕ ਅਪਾਰਟਮੈਂਟ ਵਿੱਚ ਮਿਲੀਆਂ ਦੋ ਲਾਸ਼ਾਂ



ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਟੋਰਾਂਟੋ ਦੀ ਇੱਕ ਰਿਹਾਇਸ਼ੀ ਇਮਾਰਤ ਵਿੱਚ ਦੋ ਵਿਅਕਤੀ ਮ੍ਰਿਤਕ ਪਏ ਮਿਲੇ। ਇਹ ਜਾਣਕਾਰੀ ਪੁਲਿਸ ਵੱਲੋਂ ਦਿੱਤੀ ਗਈ।ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮੰਗਲਵਾਰ ਸਵੇਰੇ ਪਾਰਲੀਆਮੈਂਟ ਤੇ ਸ਼ੁਟਰ ਸਟਰੀਟ ਇਲਾਕੇ ਵਿੱਚ ਸਥਿਤ ਮੌਸ ਪਾਰਕ ਅਪਾਰਟਮੈਂਟ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਜਾਂਚ ਅਜੇ ਮੁੱਢਲੇ ਪੜਾਅ ਵਿੱਚ ਹੈ ਤੇ ਇਸ ਸਮੇਂ ਇਸ ਤੋਂ ਜ਼ਿਆਦਾ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਜਾ ਸਕਦੀ।ਮੌਕੇ ਉੱਤੇ ਪਹੁੰਚੇ ਟੋਰਾਂਟੋ ਪੈਰਾਮੈਡਿਕਸ ਵੱਲੋਂ ਦੋਵਾਂ ਵਿਅਕਤੀਆਂ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ।

# ਇਸ ਸਮੇਂ ਓਨਟਾਰੀਓ ਵਿੱਚ ਕੋਵਿਡ-19 ਦੀ ਤੀਜੀ ਵੇਵ ਸ਼ੁਰੂ ਹੋ ਚੁੱਕੀ ਹੈ : ਓਐਚਏ



ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਓਨਟਾਰੀਓ ਵਿੱਚ ਇਸ ਸਮੇਂ ਕੋਵਿਡ-19 ਦੀ ਤੀਜੀ ਵੇਵ ਸ਼ੁਰੂ ਹੋ ਚੁੱਕੀ ਹੈ, ਇਹ ਖੁਲਾਸਾ ਪ੍ਰੋਵਿੰਸ ਦੀ ਹੌਸਪਿਟਲ ਐਸੋਸਿਏਸ਼ਨ ਵੱਲੋਂ ਕੀਤਾ ਗਿਆ।

ਸੋਮਵਾਰ ਨੂੰ ਪਬਲਿਸ਼ ਕੀਤੇ ਗਏ ਟਵੀਟ ਵਿੱਚ ਓਨਟਾਰੀਓ ਹੌਸਪਿਟਲ ਐਸੋਸਿਏਸ਼ਨ (ਓਐਚਏ) ਨੇ ਆਖਿਆ ਕਿ ਵੇਰੀਐਂਟਸ ਆਫ ਕਨਸਰਨ ਤੇਜ਼ੀ ਨਾਲ ਵੱਧ ਰਹੇ ਹਨ ਤੇ ਇੰਟੈਂਸਿਵ ਕੇਅਰ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਓਐਚਏ ਨੇ ਆਖਿਆ ਕਿ ਇਸ ਸਮੇਂ ਅਸੀਂ ਤੀਜੀ ਵੇਵ ਵਿੱਚ ਦਾਖਲ ਹੋ ਚੁੱਕੇ ਹਾਂ। ਇਹ ਵੀ ਆਖਿਆ ਗਿਆ ਕਿ ਪਬਲਿਕ ਹੈਲਥ ਮਾਪਦੰਡਾਂ ਨੂੰ ਹੋਰ ਸਖ਼ਤ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਵੱਧ ਰਹੀ ਤਾਦਾਦ ਨੂੰ ਠੱਲ੍ਹ ਪਾਈ ਜਾ ਸਕੇ। ਸੋਮਵਾਰ ਨੂੰ ਪ੍ਰੋਵਿੰਸ ਵੱਲੋਂ ਕੋਵਿਡ-19 ਦੇ 1268 ਨਵੇਂ ਮਾਮਲਿਆਂ ਦੀ ਪੁਸ਼ਟੀ ਕੀਤੀ ਗਈ।

ਇਸ ਦੌਰਾਨ ਟੋਰਾਂਟੋ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ· ਐਲੀਨ ਡੀ ਵਿੱਲਾ ਨੇ ਆਖਿਆ ਕਿ ਹਾਲ ਦੀ ਘੜੀ ਇਹ ਆਖਣਾ ਜਲਦਬਾਜ਼ੀ ਹੋਵੇਗੀ ਕਿ ਪ੍ਰੋਵਿੰਸ ਵਿੱਚ ਇਸ ਸਮੇਂ ਤੀਜੀ ਵੇਵ ਸ਼ੁਰੂ ਹੋ ਗਈ ਹੈ।ਉਨ੍ਹਾਂ ਆਖਿਆ ਕਿ ਇਹ ਪੱਕੇ ਤੌਰ ਉੱਤੇ ਆਖਿਆ ਜਾ ਸਕਦਾ ਹੈ ਕਿ ਅਸੀਂ ਅੰਕੜਿਆਂ ਨੂੰ ਇਸ ਦਿਸ਼ਾ ਵੱਲ ਵੱਧਦਾ ਨਹੀਂ ਵੇਖਣਾ ਚਾਹੁੰਦੇ। ਇਸ ਸਮੇਂ ਸਥਿਤੀ ਸਾਡੇ ਨਿਯੰਤਰਣ ਵਿੱਚ ਹੈ।ਸਾਨੂੰ ਪਤਾ ਹੈ ਕਿ ਮਹਾਂਮਾਰੀ ਅਜੇ ਖ਼ਤਮ ਨਹੀਂ ਹੋਈ ਹੈ। ਅਸੀਂ ਇਸ ਨੂੰ ਖ਼ਤਮ ਕਰਨ ਦੇ ਨੇੜੇ ਜ਼ਰੂਰ ਪਹੁੰਚ ਗਏ ਹਾਂ ਪਰ ਅਜੇ ਵੀ ਅਸੀਂ ਉੱਥੇ ਨਹੀਂ ਹਾਂ।

ਦੂਜੇ ਪਾਸੇ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਡੇਵਿਡ ਵਿਲੀਅਮਜ਼ ਨੇ ਆਖਿਆ ਕਿ ਪ੍ਰੋਵਿੰਸ ਵਿੱਚ ਤੀਜੀ ਵੇਵ ਦਾ ਇੱਕ ਤਰ੍ਹਾਂ ਮੁੱਢ ਬੱਝ ਚੁੱਕਿਆ ਹੈ ਤੇ ਅਸੀਂ ਹਾਲਾਤ ਦਾ ਜਾਇਜ਼ਾ ਲੈ ਰਹੇ ਹਾਂ।ਇਸ ਵੇਲੇ ਓਨਟਾਰੀਓ ਸਮੇਂ ਖਿਲਾਫ ਲੜਾਈ ਲੜ ਰਿਹਾ ਹੈ। ਕੋਵਿਡ-19 ਵੈਕਸੀਨ ਦੀ ਦਰ ਤੇ ਵੇਰੀਐਂਟ ਆਫ ਕਨਸਰਨ ਇਨਫੈਕਸ਼ਨਜ਼ ਦੋਵੇਂ ਹੀ ਇੱਕੋ ਸਮੇਂ ਵੱਧ ਰਹੀਆਂ ਹਨ।

# ਕੋਵਿਡ-19 ਆਊਟਬ੍ਰੇਕ ਕਾਰਨ 27 ਮਾਰਚ ਤੱਕ ਬੰਦ ਰਹੇਗਾ ਐਮੇਜ਼ੌਨ ਦਾ ਬਰੈਂਪਟਨ ਵਿਚਲਾ ਹੈਰੀਟੇਜ ਪਲਾਂਟ



ਬਰੈਂਪਟਨ, 18 ਮਾਰਚ (ਪੋਸਟ ਬਿਊਰੋ) : ਕੋਵਿਡ 19 ਆਊਟਬ੍ਰੇਕ ਕਾਰਨ ਐਮੇਜ਼ੌਨ ਕੈਨੇਡਾ ਨੂੰ ਬਰੈਂਪਟਨ, ਓਨਟਾਰੀਓ ਵਿਚਲਾ ਆਪਣਾ ਹੈਰੀਟੇਜ ਰੋਡ ਪਲਾਂਟ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ।ਇਸ ਰੀਟੇਲ ਕੰਪਨੀ ਵੱਲੋਂ ਇਹੋ ਕਰਨ ਦੀ ਅਪੀਲ ਕੀਤੀ ਜਾ ਰਹੀ ਸੀ।

ਪੀਲ ਪਬਲਿਕ ਹੈਲਥ ਫੋਰਸਿਜ਼ ਵੱਲੋਂ ਜਾਰੀ ਇਨ੍ਹਾਂ ਹੁਕਮਾਂ ਤੋਂ ਬਾਅਦ ਸ਼ੁੱਕਰਵਾਰ ਦੀ ਅੱਧੀ ਰਾਤ ਤੋਂ ਮਗਰੋਂ ਇਸ ਪਲਾਂਟ ਉੱਤੇ 27 ਮਾਰਚ ਤੱਕ ਸਾਰੇ ਵਰਕਰਜ਼ ਨੂੰ ਖੁਦ ਨੂੰ ਸੈਲਫ ਆਈਸੋਲੇਟ ਕਰਨ ਲਈ ਆਖਿਆ ਗਿਆ ਹੈ। ਪੀਲ ਪਬਲਿਕ ਹੈਲਥ ਵੱਲੋਂ ਕੀਤੀ ਗਈ ਜਾਂਚ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਐਮੇਜ਼ੌਨ ਹੈਰੀਟੇਜ ਉੱਤੇ ਹਰ ਕੋਈ ਕੋਵਿਡ-19 ਦੀ ਚਪੇਟ ਵਿੱਚ ਆਇਆ ਹੋ ਸਕਦਾ ਹੈ। ਐਮਜ਼ੌਨ ਦਾ ਕਹਿਣਾ ਹੈ ਕਿ ਉਸ ਇਸ ਸੱਭ ਕਾਸੇ ਦਾ ਰਸਮੀ ਮੁਲਾਂਕਣ ਚਾਹੁੰਦੇ ਹਨ ਤੇ ਉਨ੍ਹਾਂ ਨੂੰ ਇਸ ਗੱਲ ਦਾ ਵੀ ਡਰ ਹੈ ਕਿ ਇਸ ਨਾਲ ਉਨ੍ਹਾਂ ਦੇ ਕੈਨੇਡੀਅਨ ਗਾਹਕਾਂ ਉੱਤੇ ਵੀ ਅਸਰ ਪਵੇਗਾ।

ਐਮਜ਼ੌਨ ਦੇ ਬੁਲਾਰੇ ਡੇਵ ਬੌਇਰ ਨੇ ਆਖਿਆ ਕਿ ਸਾਡੇ ਕਰਮਚਾਰੀਆਂ ਦੀ ਸਿਹਤ ਤੇ ਸੇਫਟੀ ਅਤੇ ਜਿਨ੍ਹਾਂ ਕਮਿਊਨਿਟੀਜ਼ ਦੀ ਅਸੀਂ ਸੇਵਾ ਕਰਦੇ ਹਾਂ ਉਨ੍ਹਾਂ ਤੋਂ ਜ਼ਿਆਦਾ ਸਾਡੇ ਲਈ ਹੋਰ ਕੋਈ ਗੱਲ ਮਾਇਨੇ ਨਹੀਂ ਰੱਖਦੀ। ਉਨ੍ਹਾਂ ਦੀ ਮਦਦ ਲਈ ਸਾਡੇ ਤੋਂ ਜੋ ਹੋਵੇਗਾ ਅਸੀਂ ਕਰਨ ਲਈ ਤਿਆਰ ਹਾਂ। ਇਸ ਦੇ ਨਾਲ ਹੀ ਅਸੀਂ ਆਪਣੀ ਹੈਰੀਟੇਜ ਰੋਡ ਫੈਸਿਲਿਟੀ ਦੇ ਸਾਰੇ ਕਰਮਚਾਰੀਆਂ ਦੀ 100 ਫੀ ਸਦੀ ਟੈਸਟਿੰਗ ਨਿਯਮਿਤ ਤੌਰ ਉੱਤੇ ਕਰਵਾਉਣੀ ਚਾਹੁੰਦੇ ਹਾਂ।

ਪੀਲ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ. ਲਾਅਰੈਂਸ ਲੋਹ ਦਾ ਕਹਿਣਾ ਹੈ ਕਿ ਇਸ ਐਮੇਜ਼ੌਨ ਫੈਸਿਲਿਟੀ ਉੱਤੇ 5000 ਦੇ ਨੇੜੇ ਤੇੜੇ ਕਰਮਚਾਰੀ ਕੰਮ ਕਰਦੇ ਹਨ। ਇਨ੍ਹਾਂ ਅਸੈਂਸ਼ੀਅਲ ਵਰਕਰਜ਼ ਤੇ ਜਿਨ੍ਹਾਂ ਕਮਿਊਨਿਟੀਜ਼ ਵਿੱਚ ਇਹ ਰਹਿੰਦੇ ਹਨ ਉਸ ਦੀ ਹਿਫਾਜ਼ਤ ਕਰਨ ਲਈ ਫੌਰੀ ਕਦਮ ਚੁੱਕੇ ਜਾਣ ਦੀ ਲੋੜ ਹੈ। ਲੋਹ ਨੇ ਇਹ ਵੀ ਆਖਿਆ ਕਿ ਐਮੇਜ਼ੌਨ ਤੇ ਬਰੈਂਪਟਨ ਟਰਾਂਜ਼ਿਟ ਵਿੱਚ ਹੋਈਆਂ ਆਊਟਬ੍ਰੇਕਸ ਦਰਮਿਆਨ ਕੋਈ ਲਿੰਕ ਨਹੀਂ ਹੈ। ਬਰੈਂਪਟਨ ਟਰਾਂਜ਼ਿਟ ਨੇ ਆਖਿਆ ਕਿ ਕਈ ਇੰਪਲੌਈਜ਼ ਦੇ ਪਾਜ਼ੀਟਿਵ ਆਉਣ ਤੋਂ ਬਾਅਦ ਸਰਵਿਸ ਸਸਪੈਂਡ ਕੀਤੀ ਗਈ।

# ਮਨੁੱਖੀ ਸਮਗਲਿੰਗ ਦੇ ਸਬੰਧ ਵਿੱਚ ਬਰੈਂਪਟਨ ਦੇ ਵਿਅਕਤੀ ਨੂੰ ਕੀਤਾ ਗਿਆ ਗ੍ਰਿਫਤਾਰ

ਬਰੈਂਪਟਨ, 18 ਮਾਰਚ (ਪੋਸਟ ਬਿਊਰੋ) : ਦਰਹਾਮ ਵਿੱਚ ਮਨੁੱਖੀ ਸਮਗਲਿੰਗ ਦੇ ਮਾਮਲੇ ਵਿੱਚ ਇੱਕ 32 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਵਿਅਕਤੀ ਬਰੈਂਪਟਨ ਦਾ ਹੀ ਰਹਿਣ ਵਾਲਾ ਹੈ। ਪੁਲਿਸ ਨੇ ਦੱਸਿਆ ਕਿ ਇਸ ਮਹੀਨੇ ਇੱਕ ਮਹਿਲਾ ਨੇ ਅੱਗੇ ਆ ਕੇ ਮਨੁੱਖੀ ਸਮਗਲਿੰਗ ਦੇ ਸਬੰਧ ਵਿੱਚ ਜਾਣਕਾਰੀ ਦਿੱਤੀ। ਉਸ ਨੇ ਦੱਸਿਆ ਕਿ ਇਸ ਵਿਅਕਤੀ ਵੱਲੋਂ ਉਸ ਨੂੰ ਜ਼ਬਰਦਸਤੀ ਦੇਹ ਵਪਾਰ ਦੇ ਧੰਦੇ ਵਿੱਚ ਲਾ ਦਿੱਤਾ ਗਿਆ। ਉਜ ਇਸ ਬਾਬਤ ਇਸ਼ਤਿਹਾਰ ਦਿੰਦਾ ਸੀ, ਤਰੀਕ ਤੈਅ ਕਰਦਾ ਸੀ, ਫਿਰ ਉਸ ਨੂੰ ਕਾਲ ਆਉਣ ਉੱਤੇ ਦੱਸੀ ਗਈ ਥਾਂ ਉੱਤੇ ਛੱਡ ਕੇ ਆਉਂਦਾ ਸੀ ਤੇ ਫਿਰ ਉਸ ਤੋਂ ਸਾਰੇ ਪੈਸੇ ਖੋਹ ਲੈਂਦਾ ਸੀ। ਕਾਰਲ ਓਬੋਨਾ, ਜਿਸ ਨੂੰ ਆਰੇਂਜ-ਆਈਕੇਨਾ ਵਜੋਂ ਵੀ ਜਾਣਿਆ ਜਾਂਦਾ ਹੈ, ਨੂੰ ਦੇਹ ਵਪਾਰ ਤੋਂ ਮੁਨਾਫਾ ਖੱਟਣ ਤੇ ਦੂਜੇ ਸ਼ਖਸ ਨੂੰ ਦੇਹ ਵਪਾਰ ਵੱਲ ਧੱਕਣ ਸਬੰਧੀ ਕਈ ਚਾਰਜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।




# ਵਾਲਮਾਰਟ ਕੈਨੇਡਾ ਵੱਲੋਂ ਬੰਦ ਕੀਤੇ ਜਾਣਗੇ ਆਪਣੇ ਛੇ ਸਟੋਰ




ਮਿਸੀਸਾਗਾ, 18 ਮਾਰਚ (ਪੋਸਟ ਬਿਊਰੋ) : ਵਾਲਮਾਰਟ ਕੈਨੇਡਾ ਵੱਲੋਂ ਆਪਣੇ ਛੇ ਸਟੋਰਜ਼ ਨੂੰ ਬੰਦ ਕੀਤਾ ਜਾ ਰਿਹਾ ਹੈ ਤੇ ਕੰਪਨੀ ਆਪਣੇ ਬਾਕੀ ਸਟੋਰਜ਼ ਨੂੰ ਅਪਗ੍ਰੇਡ ਕਰਨ ਲਈ 500 ਮਿਲੀਅਨ ਡਾਲਰ ਖਰਚਣ ਦੀ ਤਿਆਰੀ ਕਰ ਰਹੀ ਹੈ। ਇਸ ਦੇ ਨਾਲ ਹੀ ਵਾਲਮਾਰਟ ਨੇ ਦੱਸਿਆ ਕਿ ਉਸ ਵੱਲੋਂ ਆਪਣੇ ਆਨਲਾਈਨ ਬਿਜ਼ਨਸ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮਿਸੀਸਾਗਾ, ਓਨਟਾਰੀਓ ਸਥਿਤ ਰੀਟੇਲਰ ਨੇ ਦੱਸਿਆ ਕਿ ਉਸ ਵੱਲੋਂ ਓਨਟਾਰੀਓ ਦੇ ਆਪਣੇ ਤਿੰਨ ਸਟੋਰਜ਼, ਅਲਬਰਟਾ ਵਿੱਚ ਦੋ ਤੇ ਨਿਊਫਾਊਂਡਲੈਂਡ ਐਂਡ ਲੈਬਰਾਡੌਰ ਵਿੱਚ ਇੱਕ ਸਟੋਰ ਬੰਦ ਕੀਤੇ ਜਾ ਰਹੇ ਹਨ। ਕੰਪਨੀ ਨੇ ਆਖਿਆ ਕਿ ਵਰਕਰਜ਼ ਨੂੰ ਨੇੜਲੇ ਸਟੋਰਜ਼ ਉੱਤੇ ਨੌਕਰੀਆਂ ਦਿੱਤੀਆਂ ਜਾਣਗੀਆਂ।ਇਸ ਦੌਰਾਨ ਵਾਲਮਾਰਟ ਕੈਨੇਡਾ ਨੇ ਆਖਿਆ ਕਿ ਸਕਾਰਬੌਰੋ ਵੈਸਟ ਵਾਲਮਾਰਟ ਸੁਪਰਸੈਂਟਰ ਦੇ ਅੰਦਰ ਸਥਿਤ ਉਨ੍ਹਾਂ ਦੀ ਪਹਿਲੀ ਆਟੋਮੇਟਿਡ ਮਾਰਕਿਟ ਫੁਲਫਿੱਲਮੈਂਟ ਸੈਂਟਰ ਨੂੰ ਲਾਂਚ ਕਰਨ ਵੱਲ ਵੀ ਧਿਆਨ ਦਿੱਤਾ ਜਾਵੇਗਾ। ਕੰਪਨੀ ਵੱਲੋਂ ਜਿਹੜਾ 500 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ ਉਸ ਵਿੱਚੋਂ ਹੀ ਇਸ ਪਾਸੇ ਵੀ ਮੋਟੀ ਰਕਮ ਲਾਈ ਜਾਵੇਗੀ।

ਕੰਪਨੀ ਨੇ ਆਖਿਆ ਕਿ ਇਸ ਕੰਮ ਲਈ ਉਸਾਰੀ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ।ਇਸ ਦੌਰਾਨ ਆਟੋ-ਮੇਟਿਡ ਆਨਲਾਈਨ ਗਰੌਸਰੀ ਪਿਕਿੰਗ, ਡਿਸਪੈਂਸਿੰਗ ਤੇ ਆਟੋਮੇਟਿਡ ਕਿਓਸਕਸ ਤਿਆਰ ਕੀਤੇ ਜਾਣਗੇ ਜੋ ਕਿ ਆਨਲਾਈਨ ਗਰੌਸਰੀ ਆਰਡਰਜ਼ ਲਈ ਵੈਂਡਿੰਗ ਮਸ਼ੀਨਾਂ ਵਜੋਂ ਕੰਮ ਕਰਨਗੇ। ਵਾਲਮਾਰਟ ਕੈਨੇਡਾ ਦੇ ਪ੍ਰੈਜ਼ੀਡੈਂਟ ਅਤੇ ਸੀਈਓ ਹੋਰਾਸ਼ੀਓ ਬਾਰਬੀਤੋ ਨੇ ਆਖਿਆ ਕਿ ਕੰਪਨੀ ਆਪਣੇ ਕਾਰੋਬਾਰ ਦੇ ਸਾਰੇ ਪੱਖਾਂ ਨੂੰ ਆਧੁਨਿਕ ਰੂਪ ਦੇਣਾ ਚਾਹੁੰਦੀ ਹੈ ਤੇ ਇਸ ਲਈ ਵੱਖ ਵੱਖ ਚੈਨਲਜ਼ ਦੀ ਵਰਤੋਂ ਕੀਤੀ ਜਾਵੇਗੀ।


Other Realtors only Promise
But JAG AUJLA SOLD YOUR HOME WITH
GUARANTEE
Advertisement GUARANTEED Till SOLD
Top 1% Broker
Call For a Quick & Free Home Evaluation
www.BramptonQuickHomeEvaluation.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com
ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ
CALEDON
BRAND NEW HOUSE FOR SALE ON ASSIGNMENT (IN CALEDON)
ਕੈਨੇਡੀ / ਦੁੱਗਲ
ਬਰੈਂਡ ਨੀਉ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।
BRAMPTON
Sold Over $40,000 asking price
ਵੀਲੀਅਮ ਪਾਕਵੇ/ਰੋਇਲ ਓਰਚਾਰਡ
ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੇਟ ਸਾਈਡ ਏਨਟਰੈਂਸ। ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ। ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੁਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ।
BRAMPTON
Sandalwood/Chinguacousy Park
72 Botavia Downs dr
$ 1525
ਲੀਸ ਲਈ
ਸੈਂਡਲਵੁਡ/ਕਿਰਾਏ ਲਈ
2 ਬੈਡਰੂਮ, 1 ਵਾਸ਼ਰੂਮ ਦੀ ਬਹੁਤ ਸੋਹਣੀ ਬੇਸਮੈਂਟ, (Separate Laundry) ਸੈਪਰੇਟ ਲਾਊਂਡਰੀ ਅਤੇ ਸੈਪਰੇਟ ਐਂਟਰੈਂਸ, 1 ਜਾਂ 2 ਕਾਰ ਪਾਰਕਿੰਗ, ਸਾਰੀਆਂ ਸੁਵਿਧਾਵਾਂ ਦੇ ਨੇੜੇ, A++ ਜਾਂ ਛੋਟੀ ਫੈਮਿਲੀ ਨੂੰ ਪਹਿਲ।
BRAMPTON
34 Winterfold Dr
Rutherford/Kennedy/Will. Pkwy
$774,905
5 ਲੈਵਲ ਬੈਕ ਸਪਲਿਟ ਡੀਟੈਚਡ ਘਰ, 3 ਬੈਡਰੂਮ, 3 ਵਾਸ਼ਰੂਮ, ਹਾਫ ਫਿਨਿਸ਼ਡ ਬੇਸਮੈਂਟ, 36 ਫੁੱਟ ਲਾਟ, 2020 ਵਿਚ ਅਪਗ੍ਰੇਡ ਕੀਤਾ ਗਿਆ ਅਪਗ੍ਰਡਿਡ ਕਿਚਨ, ਅਪਗ੍ਰਡਿਡ ਵਾਸ਼ਰੂਮ ਅਤੇ ਬੈਂਡਰੂਮ, ਹਾਈਵੇ 410 ਦੇ ਬਹੁਸ ਨਜ਼ਦੀਕ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।
BRAMPTON
Sold Over asking price
Dixie/Queen
8 Lisa St.
$ 434,905
1142 ਸਕੇਅਰ ਫੁੱਟ ਦੀ ਕੌਂਡੋ (ਛੋਨਦੋ), 21ਸਟ ਫਲੋਰ ਉਤੇ 2 ਬੈਡਰੂਮ, 2 ਵਾਸ਼ਰੂਮ, ਲਾਊਂਡਰੀ, 1 ਅੰਡਰ ਗ੍ਰਾਊਂਡ ਕਾਰ ਪਾਰਕਿੰਗ, ਮਾਸਟਰ ਬੈਡਰੂਮ ਵਿਚ 3 ਪੀਸੀ ਇਨਸੂਟ, 24 ਘੰਟੇ ਸਿਕਿਉਰਿਟੀ (Security), ਬਰੈਮਲੀ ਸਿਟੀ ਸੈਂਟਰ (Bramalea City Center) ਦੇ ਕੋਲ ਸਾਰੀਆਂ ਸਹੂਲਤਾਂ ਦੇ ਨੇੜੇ, ਵਾਸ਼ਰ ਅਤੇ ਡਰਾਇਰ (Dryer), ਡਿਸ਼ਵਾਸ਼ਰ ਅਤੇ ਹੋਰ ਬਹੁਤ ਕੁੱਝ ਸ਼ਾਮਲ।


apna health
ਸੱਚ ਨੂੰ ਜਾਣੋ!
सच जनिए!
سچائی کو جانیں!
সততা জানুন!
உண்மையை அறியுங்கள்!
know the truth!
Listen to the doctors > Recognize symptoms > Protect your family
We are here to help and can provide access to a variety of supports to the South Asian community.
Get COVID-19 help & information in your language
647-846-2233
Outside of GTA Call: 1-866-300-3454
For Support in Hindi, Urdu, Tamil, Bengali and Punjabi
905-799-7700
Call Peel Region Helpline
For support in English (Monday to Friday 8:30 am to 4:30 pm)
To know more visit
apnahealth.org
Apna Health is a partnership committed to the South Asian community's health and wellness during the pandemic and beyond.
Supported by
Indus Community Services
pchs Serving Diverse Communities
CASSA


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive Etobicoke ON M9V-3Z7 416-740-3262
21 Lacoste Blvd, Brampton, ON L6P 2K2 905 794-8109
621 Wanless drive, # 122 Brampton ON L7A 0A9 905-495-3336
1075 Ceremonial Drive Mississauga ON L5R 2Z4 905-502-1600
80 Pertosa Drive Brampton ON L5X-5E9 905-460-0009
10510 Torbram Road, Brampton 905-790-0030
2120 North park Drive Brampton ON L6S 0C9 905-793-1338
10 Pannahill Dr, Brampton 905 913-8017


ਸਮਾਜਿਕ ਸਮਾਗਮਾਂ ਦੇ ਭਿਆਨਕ ਨਤੀਜੇ ਹੋ ਸਕਦੇ ਹਨ।
ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਘਰ ਵਿਚ ਰਹੋ।
ontario.ca/covid-19 ਤੇ ਜ਼ਿਆਦਾ ਜਾਣੋ
ਇਸਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।
Ontario